ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 39 | 07 October 2020 to 13 October 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


# ਕਿਸਾਨਾਂ ਦੇ ਏਕੇ ਨੇ ਹਿਲਾਈ ਮੋਦੀ ਸਰਕਾਰ; ਅਜੈਂਸੀਆਂ ਹੋਈਆਂ ਸਰਗਰਮ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਸਰਕਾਰ ਦੇ ਕਿਸਾਨ ਮਾਰੂ ਕਾਨੂੰਨਾਂ ਖਿਲਾਫ ਪੰਜਾਬ ਵਿਚ ਲੋਕਾਂ ਦੀ ਲਾਮਬੰਦੀ ਲੋਕ ਲਹਿਰ ਦਾ ਰੂਪ ਧਾਰ ਚੁੱਕੀ ਹੈ, ਜਿਸ ਦੀਆਂ ਰਿਪੋਰਟਾਂ ਨੇ ਭਾਰਤ ਦੀ ਕੇਂਦਰ ਸਰਕਾਰ ਨੂੰ ਹਿਲਾਇਆ ਜ਼ਰੂਰ ਹੈ। ਕੇਂਦਰ ਸਰਕਾਰ ਦੀਆਂ ਏਜੰਸੀਆਂ ਇਸ ਲੋਕ ਸੰਘਰਸ਼ ਨੂੰ ਦਬਾਉਣ ਲਈ ਪੂਰੀ ਤਰਾਂ ਹਰਕਤ ਵਿਚ ਆ ਚੁੱਕੀਆਂ ਹਨ। 5 ਅਕਤੂਬਰ ਨੂੰ ਅੰਗਰੇਜ਼ੀ ਖਬਰਾਂ ਦੇ ਅਦਾਰੇ "Truth Behind Lie" ਵੱਲੋਂ ਸੂਤਰਾਂ ਦੇ ਹਵਾਲੇ ਨਾਲ ਇਹ ਖਬਰ ਪ੍ਰਕਾਸ਼ਤ ਕੀਤੀ ਗਈ ਸੀ ਕਿ ਭਾਰਤ ਸਰਕਾਰ ਦੇ ਹੁਕਮਾਂ 'ਤੇ ਭਾਰਤੀ ਅਜੇਂਸੀਆਂ ਵੱਲੋਂ ਪੰਜਾਬ ਦੀਆਂ ਕਿਸਾਨ ਯੂਨੀਅਨਾਂ ਦੇ ਪ੍ਰਧਾਨਾਂ ਨੂੰ ਗੱਲਬਾਤ ਲਈ ਸੱਦਾ ਪੱਤਰ ਭੇਜੇ ਜਾ ਰਹੇ ਹਨ।

ਬੀਤੀ ਸ਼ਾਮ ਜਨਤਕ ਤੌਰ 'ਤੇ ਭਾਰਤ ਦੇ ਖੇਤੀਬਾੜੀ ਮਹਿਕਮੇ ਵੱਲੋਂ ਕਿਸਾਨ ਜਥੇਬੰਦੀਆਂ ਨੂੰ ਗੱਲਬਾਤ ਲਈ ਸੱਦੇ ਵਾਸਤੇ ਈ-ਮੇਲ ਭੇਜ ਦਿੱਤੀਆਂ ਗਈਆਂ। ਭਾਰਤ ਦੇ ਖੇਤੀਬਾੜੀ ਮਹਿਕਮੇ ਦੇ ਸਕੱਤਰ ਰਾਕੇਸ਼ ਅਗਰਵਾਲ ਨੇ ਬੀਤੇ ਕੱਲ ਦੇਰ ਸ਼ਾਮ ਈ-ਮੇਲ ਭੇਜ ਕੇ 8 ਅਕਤੂਬਰ ਨੂੰ ਕਿਸਾਨ ਜਥੇਬੰਦੀਆਂ ਨੂੰ ਗੱਲਬਾਤ ਲਈ ਬਾਅਦ ਦੁਪਹਿਰ ਖੇਤੀਬਾੜੀ ਮੰਤਰਾਲੇ 'ਚ ਮੀਟਿੰਗ ਲਈ ਬੁਲਾਇਆ ਹੈ।

ਸਰਕਾਰ ਦੇ ਇਸ ਸੱਦੇ 'ਤੇ ਵਿਚਾਰ ਕਰਨ ਲਈ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਅੱਜ 7 ਅਕਤੂਬਰ ਨੂੰ ਚੰਡੀਗੜ ਸਥਿਤ ਕਿਸਾਨ ਭਵਨ ਵਿਚ ਬੈਠਕ ਰੱਖ ਲਈ ਹੈ। ਸੂਤਰਾਂ ਤੋਂ ਹਾਸਲ ਜਾਣਕਾਰੀ ਮੁਤਾਬਕ ਜਿੱਥੇ ਕੁੱਝ ਕਿਸਾਨ ਜਥੇਬੰਦੀਆਂ ਸਰਕਾਰ ਦੇ ਇਸ ਸੱਦੇ ਨੂੰ ਪ੍ਰਵਾਨ ਕਰਕੇ ਗੱਲਬਾਤ ਵਿਚ ਸ਼ਾਮਲ ਹੋਣ ਲਈ ਤਿਆਰ ਹਨ ਉਥੇ ਜ਼ਿਆਦਾ ਜਥੇਬੰਦੀਆਂ ਇਸ ਗੱਲ 'ਤੇ ਅੜੀਆਂ ਹਨ ਕਿ ਪਹਿਲਾਂ ਸਰਕਾਰ ਇਹਨਾਂ ਕਾਨੂੰਨਾਂ ਨੂੰ ਰੱਦ ਕਰੇ ਉਸ ਤੋਂ ਬਾਅਦ ਇਹ ਅਗਲੀ ਗੱਲਬਾਤ ਹੋ ਸਕਦੀ ਹੈ।

ਇਸ ਦੇ ਚਲਦਿਆਂ ਅੱਜ ਦੀ ਕਿਸਾਨ ਜਥੇਬੰਦੀਆਂ ਦੀ ਬੈਠਕ ਵਿਚ ਰੌਲਾ ਪੈਣ ਦੀ ਸੰਭਾਵਨਾ ਵੀ ਪ੍ਰਗਟਾਈ ਜਾ ਰਹੀ ਹੈ। ਭਾਰਤ ਸਰਕਾਰ ਦੀਆਂ ਅਜੈਂਸੀਆਂ ਵੱਲੋਂ ਹਰ ਹੀਲਾ ਵਰਤਿਆ ਜਾ ਰਿਹਾ ਹੈ ਕਿ ਕਿਸਾਨ ਜਥੇਬੰਦੀਆਂ ਨੂੰ ਸਰਕਾਰ ਨਾਲ ਮੇਜ 'ਤੇ ਬਠਾਇਆ ਜਾਵੇ। ਸੜਕਾਂ 'ਤੇ ਬੈਠੇ ਲੋਕਾਂ ਵਿਚ ਵੀ ਇਹ ਡਰ ਹੈ ਕਿ ਅਜਿਹੀਆਂ ਬੈਠਕਾਂ ਕਿਸਾਨ ਸੰਘਰਸ਼ ਨੂੰ ਤਾਰਪੀਡੋ ਕਰ ਸਕਦੀਆਂ ਹਨ। ਕਿਸਾਨਾਂ ਦੀ ਇਕ ਅਵਾਜ਼ ਹੈ ਕਿ ਸਰਕਾਰ ਇਹਨਾਂ ਤਿੰਨਾਂ ਕਾਨੂੰਨਾਂ ਨੂੰ ਰੱਦ ਕਰੇ ਅਤੇ ਉਸ ਤੋਂ ਬਾਅਦ ਕਿਸਾਨਾਂ ਨਾਲ ਨਵੀਂ ਨੀਤੀ ਬਾਰੇ ਗੱਲਬਾਤ ਕਰੇ।

ਪੰਜਾਬ ਵਿਚ ਕਿਸਾਨੀ ਸੰਘਰਸ਼ ਹੁਣ ਜਥੇਬੰਦੀਆਂ ਦੇ ਸੀਮਤ ਕੇਡਰ ਤੋਂ ਬਾਹਰ ਨਿਕਲ ਕੇ ਆਪ ਮੁਹਾਰਾ ਰੂਪ ਧਾਰ ਚੁੱਕਿਆ ਹੈ। ਥਾਂ-ਥਾਂ ਲੋਕਾਂ ਨੇ ਰਿਲਾਇੰਸ ਦੇ ਪੈਟਰੋਲ ਪੰਪ ਅਤੇ ਹਾਈਵੇ 'ਤੇ ਲੱਗੇ ਟੋਲ ਪਰਚੀਆਂ ਵਾਲੇ ਨਾਕੇ ਬੰਦ ਕਰਵਾ ਦਿੱਤੇ ਹਨ। ਇਸ ਕਾਰਨ ਕੇਂਦਰ ਸਰਕਾਰ ਦੇ ਕਰੀਬੀ ਕਾਰੋਬਾਰੀਆਂ ਨੂੰ ਵੱਡਾ ਵਪਾਰਕ ਘਾਟਾ ਪੈ ਰਿਹਾ ਹੈ। ਕਿਸਾਨ ਸੰਘਰਸ਼ ਵਿਚ ਪੰਜਾਬ ਨਾਲ ਦਿੱਲੀ ਵੱਲੋਂ ਲਗਾਤਾਰ ਕੀਤੀ ਗਈ ਵਿਤਕਰੇਬਾਜ਼ੀ ਪ੍ਰਤੀ ਲੋਕਾਂ ਦਾ ਗੁੱਸਾ ਆਮ ਦੇਖਣ ਨੂੰ ਮਿਲ ਰਿਹਾ ਹੈ। ਇਹ ਵੀ ਅਵਾਜ਼ ਜ਼ੋਰ ਫੜਦੀ ਜਾ ਰਹੀ ਹੈ ਕਿ ਭਾਰਤ ਦੇ ਮੌਜੂਦਾ ਸਿਆਸੀ ਢਾਂਚੇ ਵਿਚ ਪੰਜਾਬ ਦੀ ਖੇਤੀ ਨਹੀਂ ਬਚ ਸਕਦੀ ਅਤੇ ਖੇਤੀ ਨੂੰ ਬਚਾਉਣ ਲਈ ਜ਼ਰੂਰੀ ਹੈ ਕਿ ਫਸਲਾਂ ਦੇ ਮੁੱਲ ਤੈਅ ਕਰਨ, ਕੌਮਾਂਤਰੀ ਵਪਾਰ ਦੀਆਂ ਸੰਧੀਆਂ ਕਰਨ ਅਤੇ ਪੰਜਾਬ ਦੇ ਦਰਿਆਈ ਪਾਣੀ ਦੇ ਸਮੁੱਚੇ ਪ੍ਰਬੰਧ ਦੇ ਹੱਕ ਪੰਜਾਬ ਸਰਕਾਰ ਕੋਲ ਹੋਣ। ਇਹ ਲਹਿਰ ਹੁਣ ਇਕ ਮਜ਼ਬੂਤ ਅਤੇ ਸੂਬਿਆਂ ਨੂੰ ਵੱਧ ਅਧਿਕਾਰਾਂ ਵਾਲੇ ਸੰਘੀ ਢਾਂਚੇ ਵੱਲ ਵਧਦੀ ਨਜ਼ਰ ਪੈਂਦੀ ਹੈ।


## ਅੰਦਰ ਪੜ੍ਹੋ

**7** ਖਾਸ ਖਬਰ

ਰੂਸ ਦਾ ਲੋਕਤੰਤਰ ਹਿਟਲਰਸ਼ਾਹੀ ਵਲ ਵਧਿਆ





**14** ਵਿਸ਼ੇਸ਼ ਰਪੋਰਟ

ਜੁਰਮਾਂ ਦਾ ਮਿਊਜ਼ੀਅਮ, ਯੂ ਪੀ





**19** ਵਿਸ਼ੇਸ਼ ਰਿਪੋਰਟ

ਗੁਰੂ ਘਰ ਦੇ ਬਾਬੇ ਨੇ ਚਿਟ ਫੰਡ ਕੰਪਨੀਆਂ ਨੂੰ ਪਾਈ ਮਾਤ




## ਅਦਾਲਤ ਨੇ ਗਰੀਨ ਕਾਰਡਾਂ, ਐਚ-੧ਬੀ ਤੇ ਹੋਰ ਵੀਜ਼ਾ ਦਰਖਾਸਤਾਂ ਉੱਪਰ ਵਧਾਈ ਭਾਰੀ ਫ਼ੀਸ 'ਤੇ ਲਾਈ ਰੋਕ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਫਰਾਂਸਿਸਕੋ ਦੀ ਇਕ ਡਿਸਟ੍ਰਿਕਟ ਕੋਰਟ ਜੱਜ ਨੇ ਹੋਮਲੈਂਡ ਸਕਿਉਰਿਟੀ ਵਿਭਾਗ ਵੱਲੋਂ ਗਰੀਨ ਕਾਰਡ, ਨਾਗਰਿਕੀਕਰਨ, ਐਚ-੧ਬੀ ਤੇ ਹੋਰ ਵੀਜ਼ਾ ਦਰਖਾਸਤਾਂ ਉੱਪਰ ਭਾਰੀ ਫ਼ੀਸਾਂ ਲਾਗੂ ਕਰਨ ਦੇ ਫ਼ੈਸਲੇ ਉੱਪਰ ਆਰਜ਼ੀ ਤੌਰ 'ਤੇ ਰੋਕ ਲਾ ਦਿੱਤੀ ਹੈ। ਫ਼ੀਸਾਂ ਦਾ ਇਹ ਵਾਧਾ ੧ ਅਕਤੂਬਰ ਤੋਂ ਲਾਗੂ ਹੋਣਾ ਸੀ। ਹੋਮਲੈਂਡ ਸਕਿਉਰਿਟੀ ਵਿਭਾਗ ਨੇ ਗਰੀਨ ਕਾਰਡ ਦਰਖਾਸਤ ਉੱਪਰ ਫ਼ੀਸ ੧੭੬੦ ਡਾਲਰ ਤੋਂ ਵਧਾ ਕੇ ੨੯੩੦ ਡਾਲਰ ਕਰ ਦਿੱਤੀ ਹੈ। ਅਮਰੀਕੀ ਨਾਗਰਿਕਤਾ ਲਈ ਦਰਖਾਸਤ ਦੇਣ 'ਤੇ ਫ਼ੀਸ ਮੌਜੂਦਾ ੭੨੫ ਡਾਲਰ ਤੋਂ ਵਧਾ ਕੇ ੧੧੭੦ ਡਾਲਰ ਕਰ ਦਿੱਤੀ ਹੈ। ਐਚ-੧ਬੀ ਵੀਜ਼ਾ ਫ਼ੀਸ ੪੬੦ ਡਾਲਰ ਤੋਂ ਵਧਾ ਕੇ ੫੫੫ ਡਾਲਰ ਕਰ ਦਿੱਤੀ ਹੈ। ਅਮਰੀਕਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਹੋਮਲੈਂਡ ਸਕਿਉਰਿਟੀ ਵਿਭਾਗ ਨੇ ਸ਼ਰਨ ਲੈਣ ਵਾਲੇ ਵਿਅਕਤੀ ਉੱਪਰ ਵੀ ੫੦ ਡਾਲਰ ਫ਼ੀਸ ਲਾਉਣ ਦਾ ਫ਼ੈਸਲਾ ਕੀਤਾ ਹੈ। ਵਿਸ਼ਵ ਵਿਚ ਕੇਵਲ ਤਿੰਨ ਦੇਸ਼ ਹਨ ਜੋ ਸ਼ਰਨ ਮੰਗਣ ਵਾਲਿਆਂ ਕੋਲੋਂ ਫ਼ੀਸ ਲੈਂਦੇ ਹਨ। ਇਨਾਂ ਵਿਚ ਫਿਜੀ, ਆਸਟ੍ਰੇਲੀਆ ਤੇ ਇਰਾਨ ਸ਼ਾਮਲ ਹਨ। ਇਮੀਗ੍ਰੇਸ਼ਨ ਲੀਗਲ ਰਿਸੋਰਸ ਸੈਂਟਰ ਤੇ ਪ੍ਰਵਾਸੀ ਹੱਕਾਂ ਨਾਲ ਸਬੰਧਿਤ ੭ ਹੋਰ ਸੰਸਥਾਵਾਂ ਵੱਲੋਂ ਹੋਮਲੈਂਡ ਸਕਿਉਰਿਟੀ ਵਿਭਾਗ ਦੇ ਫ਼ੀਸਾਂ ਵਧਾਉਣ ਦੇ ਫ਼ੈਸਲੇ ਨੂੰ ਚੁਨੌਤੀ ਦਿੱਤੀ ਗਈ ਸੀ। ਹਾਲਾਂਕਿ ਸਕਿਉਰਿਟੀ ਵਿਭਾਗ ਵੱਲੋਂ ਦਲੀਲ ਦਿੱਤੀ ਗਈ ਸੀ ਕਿ ਲਾਗਤਾਂ ਤੇ ਹਰ ਖ਼ਰਚਿਆਂ ਦੀ ਪੂਰਤੀ ਲਈ ਫ਼ੀਸਾਂ ਵਿਚ ਵਾਧਾ ਕਰਨਾ ਜ਼ਰੂਰੀ ਹੋ ਗਿਆ ਹੈ ਪਰ ਜੱਜ ਜੈਫਰੀ ਵਾਈਟ ਨੇ ਇਸ ਦਲੀਲ ਨਾਲ ਅਸਹਿਮਤੀ ਪ੍ਰਗਟਾਈ ਹੈ।




## ਕਿਸਾਨ ਜਥੇਬੰਦੀਆਂ ਨੇ ਗੱਲਬਾਤ ਦੇ ਸੱਦੇ ਨੂੰ ਅਣਅਧਿਕਾਰਤ ਦੱਸ ਕੇ ਰੱਦ ਕੀਤਾ; ਅਧਿਕਾਰਤ ਸੱਦਾ ਆਉਣ 'ਤੇ ਗੱਲਬਾਤ ਲਈ ਤਿਆਰ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਸਰਕਾਰ ਦੇ ਕਿਸਾਨ ਵਿਰੋਧੀ ਕਾਨੂੰਨਾਂ ਖਿਲਾਫ ਪੰਜਾਬ ਵਿਚ ਹੋਈ ਲਾਮਬੰਦੀ ਹੁਣ ਮੇਜਾਂ ਦੀ ਗੱਲਬਾਤ ਵੱਲ ਵਧ ਰਹੀ ਹੈ। ਬੀਤੇ ਕੱਲ ਭਾਰਤ ਸਰਕਾਰ ਦੇ ਖੇਤੀਬਾੜੀ ਮਹਿਕਮੇ ਦੇ ਸਕੱਤਰ ਵੱਲੋਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਬੈਠਕ ਲਈ ਆਏ ਸੱਦੇ ਬਾਰੇ ਵਿਚਾਰ ਕਰਨ ਲਈ ਅੱਜ ਪੰਜਾਬ ਦੀਆਂ 30 ਕਿਸਾਨ ਜਥੇਬੰਦੀਆਂ ਦੇ ਨੁਮਾਂਇੰਦੇ ਇਕੱਤਰ ਹੋਏ। ਪੰਜਾਬ ਦੀ ਰਾਜਧਾਨੀ ਚੰਡੀਗੜ ਸਥਿਤ ਕਿਸਾਨ ਭਵਨ ਵਿਚ ਹੋਈ ਇਸ ਇਕੱਤਰਤਾ 'ਚ ਕਿਸਾਨ ਜਥੇਬੰਦੀਆਂ ਨੇ ਕੇਂਦਰ ਦੇ ਖੇਤੀਬਾੜੀ ਮੰਤਰਾਲੇ ਦੇ ਸਕੱਤਰ ਰਾਕੇਸ਼ ਕੁਮਾਰ ਅੱਗਰਵਾਲ ਵੱਲੋਂ ਕਿਸਾਨ ਧਿਰਾਂ ਨੂੰ ਗੱਲਬਾਤ ਲਈ ਭੇਜੇ ਸੱਦਾ ਪੱਤਰ ਨੂੰ ਇਹ ਕਹਿੰਦਿਆਂ ਰੱਦ ਕਰ ਦਿੱਤਾ ਕਿ ਇਹ ਸੱਦਾ ਪੱਤਰ ਅਣਅਧਿਕਾਰਤ ਹੈ।

ਸੂਤਰਾਂ ਦੇ ਹਵਾਲੇ ਨਾਲ ਪ੍ਰਾਪਤ ਖਬਰ ਮੁਤਾਬਕ ਕਿਸਾਨ ਜਥੇਬੰਦੀਆਂ ਉਂਝ ਭਾਰਤ ਸਰਕਾਰ ਨਾਲ ਗੱਲਬਾਤ ਕਰਨ ਲਈ ਤਿਆਰ ਹੋ ਗਈਆਂ ਹਨ ਪਰ ਉਹਨਾਂ ਵੱਲੋਂ ਭਾਰਤ ਸਰਕਾਰ ਦੇ ਨੁਮਾਂਇੰਦਿਆਂ ਨੂੰ ਇਹ ਕਿਹਾ ਗਿਆ ਹੈ ਕਿ ਗੱਲਬਾਤ ਲਈ ਸੱਦਾ ਪਤਰ ਅਧਿਕਾਰਤ ਢੰਗ ਤਰੀਕੇ ਨਾਲ ਭਾਰਤ ਸਰਕਾਰ ਵੱਲੋਂ ਆਵੇ।

ਅੱਜ ਕਿਸਾਨ ਭਵਨ ਵਿਚ ਕਲਾਕਾਰਾਂ ਨਾਲ ਵੀ ਕਿਸਾਨ ਜਥੇਬੰਦੀਆਂ ਦੇ ਨੁਮਾਂਇੰਦਿਆਂ ਦੀ ਬੈਠਕ ਹੋਈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਕਿਸਾਨ ਜਥੇਬੰਦੀਆਂ ਨੇ ਕਲਾਕਾਰਾਂ ਨੂੰ ਸਾਫ ਸਾਫ ਕਹਿ ਦਿੱਤਾ ਹੈ ਕਿ ਸੰਘਰਸ਼ ਸਬੰਧੀ ਫੈਸਲੇ ਕਰਨ ਦਾ ਹੱਕ ਸਿਰਫ ਕਿਸਾਨ ਜਥੇਬੰਦੀਆਂ ਕੋਲ ਹੈ ਅਤੇ ਉਹ ਆਪਣੇ ਤੌਰ 'ਤੇ ਕੋਈ ਫੈਸਲੇ ਨਾ ਕਰਨ ਸਿਰਫ ਪ੍ਰਚਾਰ ਕਰਕੇ ਸਮਰਥਨ ਦੇਣ। ਇਸ ਬੈਠਕ ਵਿਚ ਕਿਸਾਨ ਜਥੇਬੰਦੀਆਂ ਵੱਲੋਂ ਦੀਪ ਸਿੱਧੂ ਵੱਲੋਂ ਸ਼ੰਭੂ ਵਿਖੇ ਲਾਏ ਮੋਰਚੇ ਦੀ ਨੁਕਤਾਚੀਨੀ ਵੀ ਕੀਤੀ ਗਈ।


**ਬਾਕੀ ਸਫ਼ਾ 27 'ਤੇ**


## ਖੇਤੀ-ਬਾੜੀ ਉਪਜ ਦਾ ਭਾਅ ਤੈਅ ਕਰਨ ਅਤੇ ਕੌਮਾਂਤਰੀ ਵਪਾਰ ਦਾ ਹੱਕ ਪੰਜਾਬ ਦੇ ਕਿਸਾਨ ਨੂੰ ਮਿਲੇ

**✪ ਮਹਿਜ ਮਸਲਿਆਂ ਨੂੰ ਨਜਿੱਠਣ ਦੀ ਬਜਾਏ ਉਨਾਂ ਮਸਲਿਆਂ ਨੂੰ ਪੈਦਾ ਕਰਨ ਵਾਲੇ ਹਾਲਾਤ ਨੂੰ ਮੁਖਾਤਿਬ ਹੋਣ ਦੀ ਪਹੁੰਚ ਅਪਣਾਈ ਜਾਵੇ ✪ ਲੜਾਈ ਕੁਝ ਰਿਆਇਤਾਂ ਜਾਂ ਸਹੂਲਤਾਂ ਹਾਸਲ ਕਰਨ ਦੀ ਬਜਾਏ ਸਵੈਨਿਰਣਾ ਕਰਨ ਦੀ ਅਜ਼ਾਦੀ ਦਾ ਹੱਕ ਹਾਸਲ ਕਰਨ ਦੇ ਤੌਰ ਤੇ ਲੜੀ ਜਾਣੀ ਚਾਹੀਦੀ ਹੈ**

ਉਦਯੋਗ, ਤਕਨੀਕ, ਸੇਵਾ (ਸਰਵਿਸ), ਕਲਾ ਆਦਿ ਹਰ ਖੇਤਰ ਵਿੱਚ ਉਪਜ ਕਰਤਾ ਨੂੰ ਆਪਣੀ ਉਪਜ ਦਾ ਮੁੱਲ ਮਿਥਣ ਦੀ ਅਜ਼ਾਦੀ ਹਾਸਲ ਹੈ। ਖੇਤੀ ਬਾੜੀ ਵਿੱਚ ਵਰਤੇ ਜਾਣ ਵਾਲੇ ਔਜਾਰਾਂ, ਬੀਜਾਂ, ਖਾਦ ਅਤੇ ਦਵਾਈਆਂ ਆਦਿ ਦੇ ਮੁੱਲ ਇਨਾਂ ਨੂੰ ਬਣਾਉਣ ਤੇ ਵੇਚਣ ਵਾਲੀਆਂ ਕੰਪਨੀਆਂ ਤੈਅ ਕਰਦੀਆਂ ਹਨ ਨਾ ਕਿ ਖਰੀਦਕਰਤਾ ਕਿਸਾਨ ਪਰ ਖੇਤੀ-ਬਾੜੀ ਮਾਮਲੇ ਵਿੱਚ ਪੰਜਾਬ ਦੇ ਕਿਸਾਨ ਦੀ ਬਜਾਏ ਖਰੀਦਦਾਰ ਦਿੱਲੀ ਤਖਤ ਖੇਤੀ ਉਪਜਾਂ ਦਾ ਮੁੱਲ ਤੈਅ ਕਰਦਾ ਹੈ। ਜਦੋਂ ਹੋਰ ਸਾਰੇ ਖੇਤਰਾਂ ਵਿੱਚ ਮੁੱਲ ਤੈਅ ਕਰਨ ਦੀ ਅਜ਼ਾਦੀ ਵੇਚ ਕਰਤਾ ਕੋਲ ਹੈ ਤਾਂ ਕਿਸਾਨਾਂ ਨੂੰ ਵੀ ਆਪਣੀ ਉਪਜ ਮਿਥਣ ਦੇ ਮਾਮਲੇ ਵਿੱਚ ਇਹ ਅਜ਼ਾਦੀ ਮਿਲਣੀ ਚਾਹੀਦੀ ਹੈ।

ਇੰਡੀਅਨ ਖਿੱਤੇ ਵਿੱਚ ਮੌਸਮ, ਮਿੱਟੀ, ਪਾਣੀ ਅਤੇ ਉਜਰਤਾ ਵਿੱਚ ਬਹੁਤ ਭਿੰਨਤਾ ਹੈ। ਸਾਰੇ ਖਿੱਤੇ ਵਿੱਚ ਖੇਤੀ ਉਪਜਾਂ ਦੀ ਲਾਗਤ ਵੱਖੋ-ਵੱਖਰੀ ਹੈ। ਇਸ ਲਈ ਖੇਤੀ-ਬਾੜੀ ਉਪਜਾਂ ਦੇ ਮੁੱਲ ਵੀ ਇਕਸਾਰ ਨਹੀਂ ਤੈਅ ਕੀਤੇ ਜਾ ਸਕਦੇ।


**ਬਾਕੀ ਸਫ਼ਾ 27 'ਤੇ**

ਸਰਬੱਤ ਦਾ ਭਲਾ

SCOPE

Sikh Community Organized for Political Engagement.

# SCOPE RELEASES FIRST LIST OF ENDORSEMENTS

SCOPE IS ORGANIZED TO PROMOTE THE COMMON GOOD BY ENGAGING AND PROMOTING SUCH CANDIDATES FOR PUBLIC OFFICE, WHO HAVE THE VISION AND A DEMONSTRABLE RECORD OF PUTTING THE BEST INTEREST OF THEIR CONSTITUENTS ABOVE THEIR OWN.

SIKHISM IS FOUNDED ON THE PRINCIPLE OF SARBAT DA BHALLA I.E. WORKING TOWARDS THE "COMMON GOOD OF ALL". SERVICE TO THE COMMUNITY IS HIGHLY REGARDED IN OUR RELIGION AND ALL SIKHS ARE ORDAINED TO FIND TIME TO WORK FOR THE WELFARE OF THE COMMUNITY. SELFLESS SERVICE IS A HIGHLY REWARDING AND HUMBLING EXPERIENCE. THERE ARE NUMEROUS AVENUES FOR COMMUNITY SERVICE OF VARIOUS KINDS. FOR CIVIL PARTICIPATION, ONE NEEDS TO ACQUIRE GOOD COMMUNICATION SKILLS, VOLUNTEER IN LOCAL ELECTIONS AND OTHER COMMUNITY RELATED PROJECTS. 2020 ELECTION IS AN EXCELLENT OPPORTUNITY TO GET ONE'S FEET WET AND HANDS DIRTY, ESPECIALLY IF YOU ARE POLITICALLY ORIENTED AND FEEL STRONGLY ABOUT CIVIC ISSUES LIKE CIVIL RIGHTS, GUN VIOLENCE, AND HOLDING ELECTED REPRESENTATIVES ACCOUNTABLE FOR THEIR VOTES.



DAVID HAUBERT
( ALAMEDA COUNTY SUPERVISOR DISTRICT 1 )



CAROL DUTRA-VERNACI
( MAYOR, CITY OF UNION CITY )



GARY SINGH
( UNION CITY, CITY COUNCIL )



TARANJIT "SINGH" GUJRAL
( NEWARK CITY COUNCIL )



MARK FICKES
( ALAMEDA COUNTY JUDGE )



RAJ SALWAN
( FREMONT CITY COUNCIL DISTRICT 5 )



YOGI CHUGH
( FREMONT CITY COUNCIL DISTRICT 6 )



LANCE NISHIHIRA
( NEW HAVEN SCHOOL DISTRICT 1 , UNION CITY )



MELISSA SHAUN-MALLORY
( NEW HAVEN SCHOOL DISTRICT 2 , UNION CITY )



MIKE GONZALES
( NEW HAVEN SCHOOL DISTRICT 3 , UNION CITY )



FRANCISCO ZERMEÑO
( HAYWARD CITY COUNCIL, 2020 )



HARRY DHILLON
( MOUNTAIN HOUSE MHCSD, BOARD )



GARY SINGH
( MANTECA, CITY COUNCIL )



EVELYN CHUA
( MILPITAS CITY COUNCIL )



BILL NIJJAR
( KERMAN CITY COUNCIL )

# ਕਿਸਾਨਾਂ ਦੇ ਹੱਕ ਵਿੱਚ ਕੈਲੇਫੋਰਨੀਆਂ ਦੇ ਸਿੱਖਾਂ ਨੇ ਘੇਰੀ ਅੰਬੈਸੀ

**ਸੈਨ ਫਰਾਂਸਿਸਕ/ਏ.ਟੀ.ਨਿਊਜ਼:** ਕੈਲੇਫੋਰਨੀਆਂ ਦੇ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਜੱਥੇਬੰਦੀਆਂ ਨੇ ਪਿੱਛਲੇ ਸਨਿੱਚਰਵਾਰ ਹਿੰਦੁਸਤਾਨ ਵਿੱਚ ਕਿਸਾਨਾਂਵੱਲੋਂ ਚੱਲ ਰਹੇ ਅੰਦੋਲਨ ਦੇ ਹੱਕ ਵਿੱਚ ਇੱਥੋਂ ਦੀ ਭਾਰਤੀ ਅੰਬੈਸੀ ਸਾਹਮਣੇ ਮੁਜਾਹਰਾ ਕੀਤਾ ਗਿਆ।ਉਸ ਵਿੱਚ ਵੱਖ- ਵੱਖ ਬੁਲਾਰਿਆਂ ਨੇਭਾਰਤ ਵੱਲੋਂ ਕਿਸਾਨ ਮਾਰੂ ਨੀਤੀਆਂ ਦਾ ਜਕਿਰ ਕਰਦੇ ਹੋਏ ਸਿੱਖਾਂ ਲਈ ਅਸਲ ਹੱਲ ਖਾਲਿਸਤਾਨ ਦੀ ਪ੍ਰਾਪਤੀ ਤੇ ਹੀ ਜੋਰ ਦਿੱਤਾ। ਮੁਜਾਹਰੇਦਾ ਪ੍ਰਬੰਧ ਸਿੱਖ ਪੰਚਾਇਤ ਵੱਲੋਂ ਕੀਤਾ ਗਿਆ ਅਤੇ ਹੇਠ ਲਿਖੀਆਂ ਸਾਰੀਆਂ ਜੱਥੇਬੰਦੀਆਂ ਨੇ ਪੂਰਨ ਸਹਿਯੋਗ ਦਿੱਤਾ। ਸਿੱਖ ਪੰਚਾਇਤ ਅਤੇਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਮੈਂਬਰ ਦੇ ਭਾਈ ਜਸਵਿੰਦਰ ਸਿੰਘ ਜੰਡੀ ਅਤੇ ਭਾਈ ਹਰਪ੍ਰੀਤ ਸਿੰਘ ਬੈਂਸ ਨੇਮੁਜਾਹਰੇ ਵਿੱਚ ਸ਼ਾਮਿਲ ਸਾਰੀ ਸੰਗਤ, ਹੇਠ ਲਿਖੀਆਂ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਸੰਸਥਾਵਾਂ ਦਾ ਧੰਨਵਾਦ ਕੀਤਾ। ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਸਟਾਕਟਨ, ਗੁਰਦੁਆਰਾ ਸਾਹਿਬ ਮਿਲਪੀਟਸ, ਅਮਰੀਕਨ ਗੁਰਦੁਆਰਾ ਪ੍ਰਬੰਧਕਕਮੇਟੀ, ਸਿੱਖ ਪੰਚਾਇਤ, ਸਿੱਖ ਫੈਡਰੇਸ਼ਨ ਯੂ ਐਸ ਏ, ਸਿੱਖ ਯੂਥ ਆਫ ਅਮਰੀਕਾ, ਖਾਲਿਸਤਾਨ ਯੂਥ ਫੈਡਰੇਸ਼ਨ ਸਿੱਖਸ ਫਾਰਹਿਊਮੈਨਟੀ, ਕੈਲੇਫੋਰਨੀਆ ਗੱਤਕਾ, ਸਿੱਖਸ ਫਾਰ ਜਸਟਿਸ ਅਤੇ ਅਕਾਲੀ ਦੱਲ ਮਾਨ।





























# ਕਿਸਾਨਾਂ ਦੇ ਹੱਕੀ ਸੰਘਰਸ਼ ਤੇ ਸਿੱਖ ਨੌਜਵਾਨਾਂ ਦੇ ਕਾਤਲਾਂ ਦਾ ਪਰਛਾਵਾਂ ਨਾ ਪੈਣ ਦਿਓ-ਯੂਨਾਈਟਿਡ ਖ਼ਾਲਸਾ ਦਲ ਯੂ ਕੇ

### " ਸਿੱਖ ਨੌਜਵਾਨਾਂ ਦੀਆਂ ਸ਼ਹਾਦਤਾਂ ਦੇ ਜ਼ਿੰਮੇਵਾਰ ਕਾਮਰੇਡ ਕੁਲਵੰਤ ਸੰਧੂ ਕਾਂਤੀ ਖ਼ਿਲਾਫ਼ ਵਿਦੇਸ਼ਾਂ ਵਿੱਚ ਭਾਰੀ ਗ਼ੁੱਸਾ"

**ਲੰਡਨ /ਏ.ਟੀ.ਨਿਊਜ਼:** ਪੰਜਾਬ ਦੇ ਕਿਸਾਨਾਂ ਵੱਲੋਂ ਹੱਕੀ ਮੰਗਾਂ ਅਤੇ ਆਪਣੀਆਂ ਜ਼ਮੀਨਾਂ ਦੀ ਸਲਾਮਤੀ ਵਾਸਤੇ ਕੀਤਾ ਜਾ ਰਿਹਾ ਸੰਘਰਸ਼ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ । ਪੰਜਾਬ ਦੇ ਕਿਸਾਨ ਨੱਬੇ ਫ਼ੀਸਦੀ ਤੋਂ ਵੱਧ ਸਿੱਖ ਘਰਾਨਿਆਂ ਨਾਲ ਸੰਬੰਧਿਤ ਹਨ ਇਸ ਕਰਕੇ ਹਿੰਦੂ,ਹਿੰਦੀ ਅਤੇ ਹਿੰਦੂ ਰਾਸ਼ਟਰ ਦੀ ਮੁਦਈ ਭਾਰਤ ਦੀ ਹਿੰਦੂਤਵੀ ਲਾਬੀ ਹਰ ਹੀਲੇ ਪੰਜਾਬ ਦੇ ਕਿਸਾਨਾਂ ਨੂੰ ਬਰਬਾਦ ਕਰਨ ਤੇ ਤੁਲੀ ਹੋਈ ਹੈ । ਭਾਵੇਂ ਕੇਂਦਰ ਵਿੱਚ ੭੦ ਸਾਲਾਂ ਵਿੱਚ ਵੱਖ ਵੱਖ ਪਾਰਟੀਆਂ ਦੀਆਂ ਸਰਕਾਰਾਂ ਆਈਆਂ ਪਰ ਹਰੇਕ ਸਰਕਾਰ ਨੇ ਹਿੰਦੂਤਵੀ ਏਜੰਡੇ ਤਹਿਤ ਪੰਜਾਬ ਦੀ ਕਿਸਾਨੀ ਨੂੰ ਬਰਬਾਦ ਕਰਨ ਦਾ ਯਤਨ ਕੀਤਾ ਹੈ। ਹੁਣ ਪੰਜਾਬ ਦੇ ਕਿਸਾਨਾਂ ਨੇ ਕੇਂਦਰ ਦੇ ਸਭ ਤੋਂ ਵੱਧ ਖ਼ਤਰਨਾਕ ਹਮਲੇ ਖ਼ਿਲਾਫ਼ ਸੰਘਰਸ਼ ਦਾ ਸਾਂਝੇ ਤੌਰ ਤੇ ਬਿਗਲ ਵਜਾਇਆ ਹੈ ਜੋ ਕਿ ਬਹੁਤ ਵਧੀਆ ਗੱਲ ਹੈ । ਪਰ ਕਿਸਾਨਾਂ ਦੇ ਇਸ ਸੰਘਰਸ਼ ਵਿੱਚ ਸਿੱਖ ਨੌਜਵਾਨਾਂ ਦੇ ਕਾਤਲਾਂ ਦੀ ਮੋਹਰੀ ਸ਼ਮੂਲੀਅਤ ਬੇਹੱਦ ਖ਼ਤਰਨਾਕ ਹੈ । ਵਿਦੇਸ਼ਾਂ ਵਿੱਚ ਵੱਸਦੇ ਸਿੱਖ ਪੰਜਾਬ ਦੇ ਕਿਸਾਨਾਂ ਨਾਲ ਡੱਟ ਕੇ ਖੜੇ ਹਨ ਪਰ ਸਿੱਖ ਨੌਜਵਾਨਾਂ ਦੇ ਕਾਤਲਾਂ ਅਤੇ ਸਿੱਖ ਸੰਘਰਸ਼ ਦੌਰਾਨ ਪੁਲਿਸ ਦੇ ਬਣੇ ਮੁਖ਼ਬਰਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ । ਯੂਨਾਈਟਿਡ ਖ਼ਾਲਸਾ ਦਲ ਯੂ ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਸਨਿਮਰ ਅਪੀਲ ਕਰਦਿਆਂ ਕਾਮਰੇਡ ਕੁਲਵੰਤ ਸੰਧੂ ਉਰਫ਼ ਕਾਂਤੀ ਪਿੰਡ ਰੁੜਕਾ ਕਲਾਂ ਦਾ ਖਾਸ ਤੌਰ ਤੇ



ਜਿਕਰ ਕੀਤਾ ਹੈ । ਯੂਨਾਈਟਿਡ ਖ਼ਾਲਸਾ ਦਲ ਯੂ ਕੇ ਵੱਲੋਂ ਇਸ ਕਾਮਰੇਡ ਕੁਲਵੰਤ ਸੰਧੂ ਉਰਫ਼ ਕਾਂਤੀ ਦੇ ਗੁਨਾਹਾਂ, ਪਾਪਾਂ ਅਤੇ ਗ਼ੱਦਾਰੀ ਦਾ ਚਿੱਠਾ ਜਾਰੀ ਕੀਤਾ ਗਿਆ ।ਯੂਨਾਈਟਿਡ ਖ਼ਾਲਸਾ ਦਲ ਯੂ ਕੇ ਵੱਲੋਂ ਆਖਿਆ ਗਿਆ ਕਿ ਪਿੰਡ ਰੁੜਕਾ ਕਲਾਂ ਦਾ ਵਸਨੀਕ ਭਾਈ ਗੁਰਦੇਵ ਸਿੰਘ ਉਰਫ਼ ਦੇਵ ਬਹਿਰਾਮ ਦੇ ਬੱਸ ਅੱਡੇ ਤੇ ਬੈਠਾ ਸੀ ਅਤੇ ਉਸ ਨੂੰ ਸਖ਼ਤ ਬੁਖ਼ਾਰ ਸੀ ।ਇਹਨਾਂ ਕਾਮਰੇਡਾਂ ਨੇ ਅਰਧ ਬੇਹੋਸ਼ੀ ਦੀ ਹਾਲਤ ਵਿੱਚ ਬੈਠੇ ਭਾਈ ਗੁਰਦੇਵ ਸਿੰਘ ਨੂੰ ਅਗਵਾ ਕਰਕੇ ਬੰਗਾ ਪੁਲਿਸ ਦੇ ਹਵਾਲੇ ਕਰਕੇ ਝੂਠੇ ਪੁਲਿਸ ਮੁਕਾਬਲੇ ਵਿੱਚ ਅੰਦਰ ਕਰਵਾ ਦਿੱਤਾ । ਸਾਲ ੧੯੯੯ ਦੌਰਾਨ ੨੧ ਸਤੰਬਰ ਵਾਲੇ ਦਿਨ ਜਦੋਂ ਰੁੜਕਾ ਕਲਾਂ ਦਾ ਵਸਨੀਕ ਭਾਈ ਸੁਖਦੇਵ ਸਿੰਘ ਸੋਢੀ ਨੇ ਪੁਲਿਸ ਘੇਰਾ ਪੈ ਜਾਣ ਕਾਰਨ ਸਾਇਨਾਈਡ ਖਾ ਕੇ ਸ਼ਹਾਦਤ ਪ੍ਰਾਪਤ ਕੀਤੀ ਸੀ ਤਾਂ ਇਹੀ ਕੁਲਵੰਤ ਸੰਧੂ ਗੁਰਾਇਆਂ ਤੋਂ ਰੁੜਕਾ ਕਲਾਂ ਤੱਕ ਲੱਡੂ ਵੰਡਦਾ ਗਿਆ ਸੀ । ਆਪਣੇ ਪਿੰਡ ਦੇ ਇੱਕ ਦਰਜਨ ਸਿੱਖ ਨੌਜਵਾਨਾਂ ਨੂੰ ਪੁਲਿਸ ਕੋਲ ਗ੍ਰਿਫ਼ਤਾਰ ਕਰਵਾ ਕੇ ਤਸ਼ੱਦਦ ਸ਼ਿਕਾਰ ਬਣਾਇਆ ਅਤੇ ਉਹਨਾਂ ਦੀਆਂ ਮੁਖ਼ਬਰੀਆਂ ਕੀਤੀਆਂ । ਰੁੜਕਾ ਕਲਾਂ ਤੋਂ ਇਲਾਵਾ ਪਿੰਡ ਸਰਹਾਲੀ ,ਬਿਲਗਾ,ਕਹਨਾ ਢੇਸੀਆਂ ,ਜੰਡਿਆਲਾ, ਪਾਸਲਾ ,ਗੁਰਾਇਆਂ,ਬੋਪਾਰਾਏ ਆਦਿ ਪਿੰਡਾਂ ਦੇ ਦੋ ਦਰਜਨ ਤੋਂ ਵੱਧ ਸਿੱਖ ਨੌਜਵਾਨਾਂ ਨੂੰ ਇਸ ਕੁਲਵੰਤ ਸੰਧੂ ਉਰਫ਼ ਕਾਂਤੀ ਸ਼ਹੀਦ ਅਤੇ ਦੋ ਦਰਜਨ ਤੋਂ ਵਧੇਰੇ ਸਿੱਖ ਨੌਜਵਾਨਾਂ ਨੂੰ ਮੁਖ਼ਬਰੀਆਂ ਕਰਕੇ ਗ੍ਰਿਫ਼ਤਾਰ ਕਰਵਾਇਆ ਜਿਹਨਾਂ ਉੱਪਰ ਪੁਲਿਸ ਨੇ ਥਾਣਿਆਂ ਵਿੱਚ ਭਾਰੀ ਤਸ਼ੱਦਦ ਕੀਤਾ ਅਤੇ ਝੂਠੇ ਕੇਸ ਪਾ ਕੇ ਜੇਲਾਂ ਵਿੱਚ ਬੰਦ ਰੱਖਿਆ । ਇਹੀ ਕਾਰਨ ਹੈ ਕਿ ਇਸ ਸਿੱਖ ਵਿਰੋਧੀ ਲਾਬੀ ਦੇ ਕਰਿੰਦੇ ਕੁਲਵੰਤ ਕਾਂਤੀ ਤੇ ਚਾਰ ਵਾਰ ਸਾਡੇ ਭਰਾਵਾਂ ਵਲੋਂ ਹਮਲਾ ਕੀਤਾ ਗਿਆ ਸੀ । ਯੂਨਾਈਟਡਿ ਖ਼ਾਲਸਾ ਦਲ ਯੂ ਕੇ ਵੱਲੋਂ ਕਿਸਾਨ ਸੰਘਰਸ਼ ਦੇ ਆਗੂਆਂ ,ਹਿਮਾਇਤੀਆਂ ਅਤੇ ਸ਼ੁੱਭਚਿੰਤਕਾਂ ਨੂੰ ਅਪੀਲ ਕੀਤੀ ਗਈ ਕਿ ਸਿੱਖਾਂ ਦੇ ਅਜਿਹੇ ਕਾਤਲਾਂ ਦੀ ਸਕਰੀਨਿੰਗ ਕਰਕੇ ਓਹਨਾਂ ਨੂੰ ਸੰਘਰਸ਼ ਦੀ ਅਗਵਾਈ ਤੋਂ ਲਾਂਭੇ ਕੀਤਾ ਜਾਵੇ । ਕਿਸਾਨਾਂ ਦੇ ਸੰਘਰਸ਼ ਨੂੰ ਕੁਲਵੰਤ ਸੰਧੂ ਉਰਫ਼ ਕਾਂਤੀ ਵਰਗੇ ਅਕ੍ਰਿਤਘਣਾਂ ਦੇ ਪਰਛਾਵੇਂ ਤੋਂ ਵੀ ਬਚਾ ਕੇ ਰੱਖਣ ਦੀ ਲੋੜ ਹੈ ਵਰਨਾ ਇਹ ਸੰਘਰਸ਼ ਜਿੱਤ ਹਾਸਲ ਕਰਨ ਤੋਂ ਵਾਂਝਾ ਰਹਿ ਸਕਦਾ ਹੈ ।ਯੂਨਾਈਟਿਡ ਖ਼ਾਲਸਾ ਦਲ ਯੂ ਕੇ ਵੱਲੋਂ ਸਪਸ਼ਟ ਕੀਤਾ ਗਿਆ ਕਿ ਕਿਸਾਨਾਂ ਦੀ ਸਥਾਈ ਤੌਰ ਤੇ ਸੁਰੱਖਿਆ ਕੇਵਲ ਖ਼ਾਲਿਸਤਾਨ ਵਿੱਚ ਹੀ ਸੰਭਵ ਹੈ । ਧਰਨਿਆਂ ਅਤੇ ਮੁਜ਼ਾਹਰਿਆਂ ਦੌਰਾਨ " ਬਾਬਾ ਬੰਦਾ ਸਿੰਘ ਬਹਾਦਰ ਦੀ ਸੋਚ ਅਤੇ ਪਹਿਰਾ ਦਿਆਂਗੇ ਠੋਕ ਕੇ " ਨਾਅਰੇ ਬੁਲੰਦ ਕਰਨ ਦੀ ਲੋੜ ਹੈ ।ਕਿਉਂ ਕਿ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਹੀ ਕਾਸ਼ਤਕਾਰਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਸੀ ।

# ਭਾਰਤ ਵਿਚ ਚਲ ਰਹੀ ਏ ਨਕਲੀ ਕਰੰਸੀ

### ✪ ਅਪਰਾਧ ਰਿਕਾਰਡ ਬਿਊਰੋ ਦੇ ਅਨੁਸਾਰ ੨੦੧੯ 'ਚ ਕੁਲ ੨੫.੩੯ ਕਰੋੜ ਰੁਪਏ ਦੀ ਨਕਲੀ ਕਰੰਸੀ ਕੀਤੀ ਜ਼ਬਤ

### ✪ ਪਿਛਲੇ ਸਾਲ ਦਿੱਲੀ 'ਚ ਸਭ ਤੋਂ ਵੱਧ ਗਿਣਤੀ 'ਚ ਜਾਅਲੀ ਨੋਟ ਕੀਤੇ ਜ਼ਬਤ

**ਦਿੱਲੀ/ਏ.ਟੀ.ਨਿਊਜ਼:** ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਦੇ ਅਨੁਸਾਰ ਪਿਛਲੇ ਸਾਲ ਦਿੱਲੀ 'ਚ ਸਭ ਤੋਂ ਵੱਧ ਗਿਣਤੀ 'ਚ ਜਾਅਲੀ ਨੋਟ ਜ਼ਬਤ ਕੀਤੇ ਗਏ ਜਦਕਿ ਜ਼ਬਤਸ਼ੁਦਾ ਨੋਟਾਂ ਦੀ ਰਕਮ ਦੇ ਮਾਮਲੇ 'ਚ ਕਰਨਾਟਕ ਸਭ ਤੋਂ ਪਹਿਲੇ ਸਥਾਨ 'ਤੇ ਅਤੇ ਦਿੱਲੀ ਪੰਜਵੇਂ ਸਥਾਨ 'ਤੇ ਰਿਹਾ। ੮ ਨਵੰਬਰ, ੨੦੧੬ ਨੂੰ ਕੇਂਦਰ ਸਰਕਾਰ ਵਲੋਂ ਲਾਗੂ ਨੋਟਬੰਦੀ ਦਾ ਇਕ ਮਕਸਦ ਦੇਸ਼ ਨੂੰ ਦੋ ਨੰਬਰ ਦੀ ਕਰੰਸੀ ਅਤੇ ਨਕਲੀ ਨੋਟਾਂ ਦੀ ਸਮੱਸਿਆ ਤੋਂ ਛੁਟਕਾਰਾ ਦਿਵਾਉਣਾ ਹੀ ਸੀ। ਤਦ ਸਰਕਾਰ ਨੇ ੫੦੦ ਅਤੇ ੧੦੦੦ ਰੁਪਏ ਵਾਲੇ ਨੋਟ ਬੰਦ ਕਰ ਕੇ ੨੦੦੦ ਰੁਪਏ ਦੇ ਨਵੇਂ ਨੋਟ ਜਾਰੀ ਕੀਤੇ।

ਇਨਾਂ ਨੂੰ ਜਾਰੀ ਕਰਦੇ ਸਮੇਂ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਇਨਾਂ ਨੋਟਾਂ 'ਚ ਕਈ ਹਾਈ ਸਕਿਉਰਿਟੀ ਫੀਚਰਸ ਹਨ ਜਿਨਾਂ ਦੀ ਨਕਲ ਕਰਨੀ ਸੰਭਵ ਨਹੀਂ ਹੋਵੇਗੀ ਪਰ ਸਰਕਾਰੀ ਦਾਅਵਿਆਂ ਨੂੰ ਝੁਠਲਾਉਂਦੇ ਹੋਏ ੨੦੦੦ ਰੁਪਏ ਮੁੱਲ ਵਾਲੇ ਨਕਲੀ ਨੋਟ ਹੀ ਸਭ ਤੋਂ ਵੱਧ ਫੜੇ ਜਾ ਰਹੇ ਹਨ ਅਤੇ ਪਿਛਲੇ ਸਾਲ ਦੇਸ਼ 'ਚ ਜ਼ਬਤ ਕੀਤੇ ਗਏ ਨਕਲੀ ਨੋਟਾਂ 'ਚ ਸਭ ਤੋਂ ਵੱਧ ਗਿਣਤੀ (੯੦,੫੬੬) ੨੦੦੦ ਰੁਪਏ ਦੇ ਨੋਟਾਂ ਦੀ ਹੀ ਸੀ। ਅਪਰਾਧ ਰਿਕਾਰਡ ਬਿਊਰੋ ਦੇ ਅਨੁਸਾਰ ੨੦੧੯ 'ਚ ਦੇਸ਼ ਵਿਚ ਕੁਲ ੨੫.੩੯ ਕਰੋੜ ਰੁਪਏ ਦੀ ਨਕਲੀ ਕਰੰਸੀ ਜ਼ਬਤ ਕੀਤੀ ਗਈ ਜਦਕਿ ੨੦੧੮ 'ਚ ਇਹ ਅੰਕੜਾ ੧੭.੯੫ ਕਰੋੜ ਪਹੁੰਚ ਚੁੱਕਾ ਸੀ। ਪੁਲਿਸ ਨੇ ੨੦੦੦ ਰੁਪਏ ਮੁੱਲ ਵਾਲੇ ੮੯੭੯ ਨਕਲੀ ਨੋਟ ਦਿੱਲੀ 'ਚ ਜ਼ਬਤ ਕੀਤੇ ਜਿਨਾਂ ਦੀ ਰਕਮ ੧.੭੯ ਕਰੋੜ ਰੁਪਏ ਬਣਦੀ ਹੈ ਜਦਕਿ ੨੦੧੮ 'ਚ ੨੦੦੦ ਰੁਪਏ ਵਾਲੇ ੧.੨੯ ਕਰੋੜ ਰੁਪਏ ਮੁੱਲ ਦੇ ਨੋਟ ਹੀ ਜ਼ਬਤ ਕੀਤੇ ਗਏ ਸਨ। ਦੇਸ਼ 'ਚ ਨਕਲੀ ਨੋਟਾਂ ਦੀ ਬਰਾਮਦਗੀ ਦੇ ਇਲਾਵਾ ਜ਼ਮੀਨ-ਜਾਇਦਾਦ ਦੀ ਵਿਕਰੀ ਅਸਲ ਤੋਂ ਘੱਟ ਰਕਮ 'ਚ ਦਿਖਾਉਣ ਨਾਲ ਵੀ ਕਾਲਾ ਧਨ ਪੈਦਾ ਹੋ ਰਿਹਾ ਹੈ। ਉਦਾਹਰਣ ਵਜੋਂ ਜੇਕਰ ਕਿਸੇ ਇਲਾਕੇ 'ਚ ਜ਼ਮੀਨ ਜਾਇਦਾਦ ਦਾ ਭਾਅ ੧੦ ਲੱਖ ਰੁਪਏ ਮਰਲਾ ਹੋਵੇ ਪਰ ਪ੍ਰਸ਼ਾਸਨ ਵੱਲੋਂ ਰਜਿਸਟ੍ਰੇਸ਼ਨ ਰੇਟ ਢਾਈ ਲੱਖ ਰੁਪਏ ਮਰਲਾ ਨਿਰਧਾਰਿਤ ਹੋਵੇ ਤਾਂ ੫ ਮਰਲੇ ਦੇ ਪਲਾਟ ਦੀ ਕੀਮਤ ਸਾਢੇ ੧੨ ਲੱਖ ਰੁਪਏ ਦੀ ਰਜਿਸਟਰੀ ਕਰਵਾਈ ਜਾਵੇਗੀ ਅਤੇ ਖ਼ਰੀਦਦਾਰ ਵੱਲੋਂ ਵੇਚਣ ਵਾਲੇ ਨੂੰ ਸਾਢੇ ੧੨ ਲੱਖ ਰੁਪਏ ਦੀ ਅਦਾਇਗੀ ਚੈੱਕ ਰਾਹੀਂ ਹਾਈਟ' 'ਚ ਕਰ ਕੇ ਬਕਾਇਆ ਸਾਰੀ ਰਕਮ ਕਾਲੇ ਧਨ ਦੇ ਰੂਪ 'ਚ ਦਿੱਤੀ ਜਾਂਦੀ ਹੈ ਅਤੇ ਇਸ ਤਰਾਂ ਕਾਲਾ ਧਨ ਪੈਦਾ ਹੁੰਦਾ ਹੈ।

ਇਸ ਲਈ ਨੰਬਰ ਦੋ ਦਾ ਕੰਮ ਰੋਕਣ ਲਈ ਸਰਕਾਰ ਵੱਲੋਂ ਪ੍ਰਾਪਰਟੀ ਦੀ ਰਜਿਸਟ੍ਰੇਸ਼ਨ ਕੀਮਤ ਪ੍ਰਚੱਲਿਤ ਬਾਜ਼ਾਰ ਭਾਅ ਦੇ ਅਨੁਸਾਰ ਤੈਅ ਕਰਨ ਨਾਲ ਦੋ ਨੰਬਰ ਦਾ ਧਨ ਪੈਦਾ ਹੋਣ 'ਤੇ ਕਾਫ਼ੀ ਰੋਕ ਲੱਗ ਸਕਦੀ ਹੈ।

# ਸਕੋਪ ਵੱਲੋਂ ਸਮਰਥਨ ਵਾਲੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ

ਸਰਬੱਤ ਦਾ ਭਲਾ SCOPE
Sikh Community Organized for Political Engagement.

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸਕੋਪ ਵੱਲੋਂ ਅਮਰੀਕੀ ਚੋਣਾਂ 'ਚ ਜਿਹਨਾਂ ਨੁਮਾਂਇੰਦਿਆਂ ਦਾ ਸਮਰਥਨ ਕੀਤਾ ਜਾ ਰਿਹਾ ਹੈ ਉਹਨਾਂ ਦੇ ਨਾਵਾਂ ਦੀ ਸੂਚੀ ਜਾਰੀ ਕੀਤੀ ਗਈ ਹੈ। ਸਕੋਪ ਨੇ ਇਹ ਸੂਚੀ ਜਾਰੀ ਕਰਦਿਆਂ ਕਿਹਾ ਕਿ ਸਮਾਜ ਦੇ ਸਮੂਹਿਕ ਭਲੇ ਲਈ ਉਹ ਇਹਨਾਂ ਉਮੀਦਵਾਰਾਂ ਦਾ ਸਮਰਥਨ ਕਰ ਰਹੇ ਹਨ ਕਿਉਂਕਿ ਇਹਨਾਂ ਕੋਲ ਲੋਕਾਂ ਦੇ ਭਲੇ ਦੀ ਇਕ ਸੋਚ ਹੈ ਅਤੇ ਇਹ ਆਪਣੇ ਪ੍ਰਭਾਵ ਖੇਤਰ ਦੇ ਲੋਕਾਂ ਦੇ ਕੰਮਾਂ ਨੂੰ ਆਪਣੇ ਨਿੱਜ ਨਾਲੋਂ ਪਹਿਲ ਦੇਣਗੇ।
ਸਕੋਪ ਨੇ ਕਿਹਾ ਕਿ ਸਿੱਖੀ ਦਾ ਮੁੱਖ ਸਿਧਾਂਤ ਸਰਬੱਤ ਦਾ ਭਲਾ ਹੈ। ਸੰਸਥਾ ਨੇ ਕਿਹਾ ਕਿ ਸਿੱਖੀ ਵਿਚ ਸੇਵਾ ਦੀ ਵੱਡੀ ਮਹਾਨਤਾ ਹੈ ਅਤੇ ਸਿੱਖ ਸਮਾਜ ਦੀ ਸੇਵਾ ਕਰਕੇ ਖ਼ੁਸ਼ੀ ਮਹਿਸੂਸ ਕਰਦੇ ਹਨ।

ਸੰਸਥਾ ਨੇ ਕਿਹਾ ਕਿ ਜਿਹੜੇ ਲੋਕ 2020 ਚੋਣਾਂ ਨਾਲ ਸਬੰਧੀ ਕਾਰਜਾਂ ਵਿਚ ਯੋਗਦਾਨ ਪਾਉਣਾ ਚਾਹੁੰਦੇ ਹੋਣ ਅਤੇ ਨਾਗਰਿਕ ਹੱਕਾਂ, ਗਨ ਵਾਇਲੈਂਸ ਜਿਹੇ ਮਸਲਿਆਂ ਬਾਰੇ ਸੰਜੀਦਾ ਹੋਣ ਤਾਂ ਉਹਨਾਂ ਨੂੰ ਅੱਗੇ ਆ ਕੇ ਆਪਣਾ ਰੋਲ ਨਿਭਾਉਣਾ ਚਾਹੀਦਾ ਹੈ। ਸਕੋਪ ਵੱਲੋਂ ਸਮਰਥਨ ਲਈ ਜਾਰੀ ਕੀਤੀ ਸੂਚੀ ਵਿਚ ਹੇਠ ਲਿਖੇ ਉਮੀਦਵਾਰਾਂ ਦੇ ਨਾਂ ਸ਼ਾਮਲ ਹਨ।

1. David Haubert for Alameda County Supervisor District 1
2. Carol Dutra-Vernaci for Mayor, city of Union City
3. Gary Singh for Union City, City Council 2020
4. Taranjit "Singh" Gujral, for Newark city Council
5. Mark Fickes for Alameda County Judge
6. Raj Salwan for Fremont City Council District 5
7. Yogi Chugh for Fremont City Council District 6
8. Lance Nishihira for New Haven School District 1 , Union City
9. Melissa Shaun-Mallory for New Haven School District 2 , Union City
10. Mike Gonzales for New Haven School District 3 , Union City
11. Francisco Zermeño for Hayward City Council, 2020
12. Harry Dhillon for Mountain House Board 2020
13. Gary Singh for Manteca City Councilman
14. Evelyn Chua for Milpitas City Council

# ਵਾਈਟ ਹਾਊਸ ਦੀ ਸਲਾਹਕਾਰ ਹੋਪ ਹਿਕਸ ਦੀ ਰਿਪੋਰਟ ਆਈ ਪਾਜ਼ੇਟਿਵ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ) :** ਪਿਛਲੇ ਕੁਝ ਦਿਨਾਂ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਦੌਰਿਆਂ ਉੱਪਰ ਰਹੀ ਵਾਈਟ ਹਾਊਸ ਦੀ ਸਲਾਹਕਾਰ ਹੋਪ ਹਿਕਸ ਦੀ ਰਿਪੋਰਟ ਪਾਜ਼ੇਟਿਵ ਆਈ ਹੈ। ਪਿਛਲੇ ਦਿਨਾਂ ਦੌਰਾਨ ਉਹ ਅਕਸਰ ਰਾਸ਼ਟਰਪਤੀ ਟਰੰਪ ਨਾਲ ਵੇਖੀ ਗਈ ਤੇ ਉਸ ਨੇ ਕਈ ਵਾਰ ਰਾਸ਼ਟਰਪਤੀ ਨਾਲ ਸਫ਼ਰ ਵੀ ਕੀਤਾ। ਕਲੀਵਲੈਂਡ ਵਿਚ ਡੋਨਾਲਡ ਟਰੰਪ ਤੇ ਜੋ ਬਾਈਡਨ ਵਿਚਾਲੇ ਹੋਈ ਪਹਿਲੀ ਬਹਿਸ ਮੌਕੇ ਵੀ ਉਹ ਹਾਜ਼ਰ ਸੀ। ਕਲੀਵਲੈਂਡ ਵਿਚ ਪਹੁੰਚਣ ਸਮੇਂ ਉਸ ਨੇ ਮਾਸਕ ਵੀ ਨਹੀਂ ਪਾਇਆ ਹੋਇਆ ਸੀ। ਹਾਲਾਂਕਿ ਵਾਈਟ ਹਾਊਸ, ਰਾਸ਼ਟਰਪਤੀ ਟਰੰਪ ਵੱਲੋਂ ਇਹਤਿਆਤ ਵਜੋਂ ਇਕਾਂਤਵਾਸ ਵਿਚ ਰਹਿਣ ਜਾਂ ਨਾ ਰਹਿਣ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ ਪਰ ਸਿਹਤ ਮਾਹਿਰਾਂ ਵੱਲੋਂ ਰਾਸ਼ਟਰਪਤੀ ਨੂੰ ਚੌਕਸ ਰਹਿਣ ਲਈ ਕਹੇ ਜਾਣ ਦੀ ਸੂਚਨਾ ਹੈ। ਵਾਈਟ ਹਾਊਸ ਦੇ ਬੁਲਾਰੇ ਜੂਡ ਡੀਰੇ ਨੇ ਹਿਕਸ ਦੀ ਹਾਲਤ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ ਪਰੰਤੂ ਉਸ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਪ੍ਰਸ਼ਾਸਨ 'ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਗਾਈਡੈਂਸ' ਅਨੁਸਾਰ ਇਹਤਿਆਤ ਵਰਤ ਰਿਹਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਬਾਦਲ ਦਲ ਨੇ ਉਲੀਕੀ ਨਵੀਂ ਰਣਨੀਤੀ; ਸੰਘੀ ਢਾਂਚੇ ਦੀ ਮਜ਼ਬੂਤੀ ਸਮੇਤ ਕਈ ਮਸਲਿਆਂ ਲਈ ਬਣਾਈਆਂ ਕਮੇਟੀਆਂ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਸਰਕਾਰ ਦੇ ਕਿਸਾਨ ਵਿਰੋਧੀ ਬਿੱਲਾਂ ਨੇ ਜਿੱਥੇ ਪੰਜਾਬ ਨੂੰ ਸੰਘਰਸ਼ ਦੇ ਰਾਹ ਤੋਰ ਦਿੱਤਾ ਹੈ ਉੱਥੇ ਬੀਤੇ ਕੁੱਝ ਦਹਾਕਿਆਂ ਤੋਂ ਸੱਤਾ ਦਾ ਸੁੱਖ ਹੰਢਾ ਰਹੇ ਲੋਕ ਵੀ ਖੋਖਲੇ ਵਿਕਾਸ ਦੀ ਸਿਆਸਤ ਤੋਂ ਹੱਕੀ ਸੰਘਰਸ਼ਾਂ ਦੀ ਸਿਆਸਤ ਵੱਲ ਮੁੜਨ ਲਈ ਮਜ਼ਬੂਰ ਹੋ ਗਏ ਹਨ। ਪੰਜਾਬ ਦੀ ਸਭ ਤੋਂ ਵੱਡੀ ਖੇਤਰੀ ਪਾਰਟੀ ਬਾਦਲ ਦਲ ਨੇ ਭਾਜਪਾ ਨਾਲੋਂ ਗਠਜੋੜ ਤੋੜਨ ਮਗਰੋਂ ਆਪਣੀ ਸਿਆਸੀ ਹੋਂਦ ਨੂੰ ਬਚਾਉਣ ਲਈ ਅਤੇ ਲੋਕ ਅਧਾਰ ਨੂੰ ਮਜ਼ਬੂਰ ਕਰਨ ਲਈ ਨਵੀਂ ਰਣਨੀਤੀ ਉਲੀਕੀ ਹੈ।

ਚੰਡੀਗੜ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਦਫਰਤ 'ਚ ਹੋਈ ਬੈਠਕ ਵਿਚ ਪਾਰਟੀ ਨੇ ਚਾਰ ਕਮੇਟੀਆਂ ਦਾ ਗਠਨ ਕੀਤਾ। ਇਹ ਚਾਰ ਕਮੇਟੀਆਂ ਕਿਸਾਨ ਮਸਲਿਆਂ, ਦਲਿਤ ਮਸਲਿਆਂ, ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਪੰਜਾਬੀ ਬੋਲੀ ਲਈ ਕੰਮ ਕਰਨਗੀਆਂ।

ਕਿਸਾਨ ਸੰਗਠਨਾਂ ਤੇ ਹੋਰਨਾਂ ਜੱਥੇਬੰਦੀਆਂ ਨਾਲ ਤਾਲਮੇਲ ਬਿਠਾ ਕੇ ਰਣਨੀਤੀ ਬਣਾਉਣ, ਅਤੇ ਕਿਸਾਨਾਂ ਦੀਆਂ ਮੰਗਾਂ ਦੀ ਪੂਰਤੀ ਲਈ ਇੱਕ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ। ਇਸ ਕਮੇਟੀ ਵਿੱਚ ਸ. ਬਲਵਿੰਦਰ ਸਿੰਘ ਭੂੰਦੜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸ. ਸਿਕੰਦਰ ਸਿੰਘ ਮਲੂਕਾ ਸ਼ਾਮਲ ਹਨ।

ਦਲਿਤਾਂ, ਆਰਥਿਕ ਪੱਖੋਂ ਕਮਜ਼ੋਰ ਅਤੇ ਸਮਾਜ ਦੇ ਸ਼ੋਸ਼ਿਤ ਵਰਗਾਂ ਦੇ ਹਿੱਤਾਂ ਦੀ ਰਾਖੀ ਲਈ ਇੱਕ 11 ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਦੇ ਚੇਅਰਮੈਨ ਸਾਬਕਾ ਸਪੀਕਰ ਸ. ਚਰਨਜੀਤ ਸਿੰਘ ਅਟਵਾਲ ਹੋਣਗੇ।

ਦੇਸ਼ ਵਿੱਚ ਸੰਘੀ ਢਾਂਚੇ ਦੀ ਸਥਾਪਨਾ ਯਕੀਨੀ ਬਣਾਉਣ ਵਾਸਤੇ ਖੇਤਰੀ ਅਤੇ ਹਮਖ਼ਿਆਲੀ ਪਾਰਟੀਆਂ ਨਾਲ ਤਾਲਮੇਲ ਬਣਾਉਣ ਲਈ ਇੱਕ ਕਮੇਟੀ ਸ. ਬਲਵਿੰਦਰ ਸਿੰਘ ਭੂੰਦੜ ਦੀ ਪ੍ਰਧਾਨਗੀ ਹੇਠ ਬਣਾਈ ਗਈ ਹੈ, ਅਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੀ ਨਰੇਸ਼ ਗੁਜਰਾਲ ਅਤੇ ਸ. ਮਨਜਿੰਦਰ ਸਿੰਘ ਸਿਰਸਾ ਇਸ 'ਚ ਬਤੌਰ ਮੈਂਬਰ ਭੂਮਿਕਾ ਨਿਭਾਉਣਗੇ।

ਜੰਮੂ-ਕਸ਼ਮੀਰ ਵਿੱਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦਿਵਾਉਣ ਲਈ ਸੰਘਰਸ਼ ਕਰਨ ਵਾਲੀ ਇੱਕ ਕਮੇਟੀ ਵਿੱਚ ਸ. ਨਿਰਮਲ ਸਿੰਘ ਕਾਹਲੋਂ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸ. ਮਨਜਿੰਦਰ ਸਿੰਘ ਸਿਰਸਾ ਸ਼ਾਮਲ ਹੋਣਗੇ, ਜਿਹੜੀ ਦੇਸ਼ ਭਰ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਦੇ ਯਤਨ ਕਰੇਗੀ।

## ਭਾਰਤ ਸਰਕਾਰ ਤੋਂ ਤੰਗ ਆ ਕੇ ਮਨੁੱਖੀ ਹੱਕਾਂ ਦੀ ਕੌਮਾਂਤਰੀ ਸੰਸਥਾ ਅਮਨੈਸਟੀ ਨੇ ਭਾਰਤ ਵਿਚ ਕੰਮ ਬੰਦ ਕੀਤਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਐਮਨੈਸਟੀ ਇੰਟਰਨੈਸ਼ਨਲ ਨੇ ਅੱਜ ਕਿਹਾ ਕਿ ਉਹ ਭਾਰਤ 'ਚ ਆਪਣੇ ਖਾਤੇ ਜਾਮ ਹੋਣ ਕਾਰਨ ਆਪਣੀਆਂ ਸਾਰੀਆਂ ਗਤੀਵਿਧੀਆਂ ਰੋਕ ਰਿਹਾ ਹੈ ਅਤੇ ਦਾਅਵਾ ਕੀਤਾ ਕਿ ਉਸ ਨੂੰ ਬੇਬੁਨਿਆਦ ਦੋਸ਼ਾਂ ਤਹਿਤ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਐਮਨੈਸਟੀ ਇੰਡੀਆ ਨੇ ਇੱਕ ਬਿਆਨ 'ਚ ਕਿਹਾ ਕਿ ਜਥੇਬੰਦੀ ਨੂੰ ਭਾਰਤ 'ਚ ਕਰਮਚਾਰੀ ਕੱਢਣ ਅਤੇ ਉਸ ਵੱਲੋਂ ਚਲਾਈਆਂ ਜਾ ਰਹੀਆਂ ਸਾਰੀਆਂ ਮੁਹਿੰਮਾਂ ਤੇ ਖੋਜ ਕਾਰਜ ਰੋਕਣ ਲਈ ਮਜਬੂਰ ਕੀਤਾ ਗਿਆ ਹੈ। ਉਨਾਂ ਕਿਹਾ, 'ਭਾਰਤ ਸਰਕਾਰ ਨੇ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਦੇ ਬੈਂਕ ਖਾਤਿਆਂ ਨੂੰ ਪੂਰੀ ਤਰਾਂ ਜਾਮ ਕਰ ਦਿੱਤਾ ਹੈ, ਜਿਸ ਬਾਰੇ 10 ਸਤੰਬਰ 2020 ਨੂੰ ਪਤਾ ਚੱਲਿਆ। ਇਸ ਲਈ ਜਥੇਬੰਦੀ ਵੱਲੋਂ ਕੀਤੇ ਜਾ ਰਹੇ ਸਾਰੇ ਕੰਮਾਂ ਨੂੰ ਰੋਕ ਦਿੱਤਾ ਗਿਆ ਹੈ।' ਹਾਲਾਂਕਿ ਸਰਕਾਰ ਨੇ ਕਿਹਾ ਹੈ ਕਿ ਐਮਨੈਸਟੀ ਨੂੰ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ੀ ਧਨ ਪ੍ਰਾਪਤ ਹੋ ਰਿਹਾ ਹੈ। ਜਥੇਬੰਦੀ ਨੇ ਦਾਅਵਾ ਕੀਤਾ ਕਿ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਤੇ ਹੋਰ ਮੁੱਖ ਮਨੁੱਖੀ ਅਧਿਕਾਰ ਜਥੇਬੰਦੀਆਂ, ਕਾਰਕੁਨਾਂ ਤੇ ਮਨੁੱਖੀ ਅਧਿਕਾਰ ਰੱਖਿਅਕਾਂ 'ਤੇ ਹਮਲੇ ਸਿਰਫ਼ ਆਵਾਜ਼ ਦਬਾਉਣ ਵਾਲੀਆਂ ਸਰਕਾਰੀ ਨੀਤੀਆਂ ਅਤੇ ਸੱਚ ਬੋਲਣ ਵਾਲਿਆਂ 'ਤੇ ਸਰਕਾਰ ਵੱਲੋਂ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਦਾ ਹੀ ਵਾਧਾ ਹੈ। ਐਮਨੈਸਟੀ ਇੰਟਰਨੈਸ਼ਨਲ ਇੰਡੀਆ ਨੇ ਕਿਹਾ, 'ਭਾਰਤ ਸਰਕਾਰ ਵੱਲੋਂ ਮਨੁੱਖੀ ਅਧਿਕਾਰ ਜਥੇਬੰਦੀਆਂ ਨੂੰ ਬੇਬੁਨਿਆਦ ਦੋਸ਼ ਲਗਾ ਕੇ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਦੀ ਲੜੀ 'ਚ ਇਹ ਨਵੀਂ ਘਟਨਾ ਹੈ।' ਜਥੇਬੰਦੀ ਨੇ ਕਿਹਾ ਕਿ ਉਹ ਸਾਰੇ ਭਾਰਤੀ ਤੇ ਕੌਮਾਂਤਰੀ ਕਾਨੂੰਨਾਂ ਦਾ ਪੂਰੀ ਤਰਾਂ ਪਾਲਣ ਕਰਦੀ ਆਈ ਹੈ। ਜ਼ਿਕਰਯੋਗ ਹੈ ਕਿ ਐਨਫੋਰਸਮੈਂਟ ਡਾਇਰੈਕਟੋਰੇਟ ਨੇ 2018 'ਚ ਬੰਗਲੂਰੂ 'ਚ ਐਮਨੈਸਟੀ ਇੰਟਰਨੈਸ਼ਨਲ ਦੇ ਮੁੱਖ ਦਫ਼ਤਰ ਦੀ ਤਲਾਸ਼ੀ ਲਈ ਸੀ। ਇਹ ਛਾਪੇ ਵਿਦੇਸ਼ੀ ਮੁਦਰਾ ਐਕਟ ਦੀ ਕਥਿਤ ਉਲੰਘਣਾ ਦੇ ਦੋਸ਼ ਹੇਠ ਮਾਰੇ ਗਏ ਸਨ।

## ਤਕਰੀਬਨ ੬.੫% ਭਾਰਤੀ ਮੂਲ ਦੇ ਅਮਰੀਕੀ ਗ਼ਰੀਬੀ ਦੀ ਹਾਲਤ ਵਿਚ ਜੀਅ ਰਹੇ ਹਨ ਜ਼ਿੰਦਗੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਬੀਤੇ ਦਿਨ ਜਾਰੀ ਇਕ ਰਿਪੋਰਟ ਵਿਚ ਖ਼ੁਲਾਸਾ ਹੋਇਆ ਹੈ ਕਿ ੬.੫% ਭਾਰਤੀ ਮੂਲ ਦੇ ਅਮਰੀਕੀ ਗ਼ਰੀਬੀ ਦੀ ਹਾਲਤ ਵਿਚ ਰਹਿ ਰਹੇ ਹਨ। 'ਏ ਸਟੱਡੀ ਆਫ ਪਾਵਰਟੀ ਇਨ ਦ ਇੰਡੀਅਨ ਅਮਰੀਕਨ ਪਾਪੂਲੇਸ਼ਨ' ਦੇ ਸਿਰਲੇਖ ਵਾਲੀ ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ -ਅਮਰੀਕੀਆਂ ਦੀ ਕੁੱਲ ੪੨ ਲੱਖ ਆਬਾਦੀ ਵਿਚੋਂ ਤਕਰੀਬਨ ੨,੫੦,੦੦੦ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਗੁਜ਼ਾਰ ਰਹੇ ਹਨ। ਇਹ ਰਿਪੋਰਟ ਇੰਡੀਆਸਪੋਰਾ ਤੇ ਜੌਹਨ ਹੋਪਕਿਨਜ ਯੁਨੀਵਰਸਿਟੀ ਦੇ ਪਾਲ ਨਿਟਜ਼ੇ ਸਕੂਲ ਆਫ ਐਡਵਾਂਸ ਇੰਟਰਨੈਸ਼ਨ ਸਟੱਡੀ ਵਿਖੇ ਆਪਣੀਆਂ ਸੇਵਾਵਾਂ ਦੇ ਰਹੇ ਖ਼ੋਜੀ ਦਿਵੇਸ਼ ਕਪੂਰ ਤੇ ਜਸ਼ਨ ਬਾਜਵਤ ਨੇ ਤਿਆਰ ਕੀਤੀ ਹੈ। ਇੰਡੀਆਸਪੋਰਾ ਵੱਖ ਵੱਖ ਪਿਛੋਕੜ ਤੇ ਕਾਰੋਬਾਰਾਂ ਨਾਲ ਸਬੰਧਿਤ ਭਾਰਤੀ-ਅਮਰੀਕੀ ਆਗੂਆਂ ਦੀ ਇਕ ਗੈਰ ਮੁਨਾਫ਼ਾ ਸੰਸਥਾ ਹੈ ਜਿਸ ਨੇ ਇਹ ਰਿਪੋਰਟ ਜਾਰੀ ਕੀਤੀ ਹੈ। ਕਪੂਰ ਅਨੁਸਾਰ ਜ਼ਿਆਦਾਤਰ ਗ਼ਰੀਬੀ ਬੰਗਾਲੀ ਤੇ ਪੰਜਾਬੀ ਬੋਲਦੇ ਭਾਰਤੀ-ਅਮਰੀਕੀਆਂ ਵਿਚ ਪਾਈ ਜਾਂਦੀ ਹੈ। ਇੰਡੀਆਸਪੋਰਾ ਦੇ ਸੰਸਥਾਪਕ ਐਮ ਆਰ ਰੰਗਾਸਵਾਮੀ ਨੇ ਕਿਹਾ ਹੈ ਕਿ ਇਸ ਰਿਪੋਰਟ ਤੋਂ ਸਾਨੂੰ ਭਾਰਤੀ ਮੂਲ ਦੇ ਅਮਰੀਕੀਆਂ ਦੇ ਦੁੱਖਾਂ ਤੇ ਉਨਾਂ ਦੀ ਅਸਲ ਸਥਿਤੀ ਦਾ ਪਤਾ ਲੱਗਦਾ ਹੈ ਜਿਨਾਂ ਦੀ ਹਾਲਤ ਸੁਧਾਰਨ ਵੱਲ ਧਿਆਨ ਦੇਣ ਦੀ ਲੋੜ ਹੈ।



# ਚੰਡੀਗੜ੍ਹ ਧਰਨਿਆਂ ਨੇ ਬਾਦਲ ਦਲ ਦੇ ਅਕਾਲੀ ਦਲ ਬਣਨ ਦੀਆਂ ਕਿਆਸਅਰਾਈਆਂ ਨੂੰ ਬਿਲਕੁਲ ਖਤਮ ਕੀਤਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਚੰਡੀਗੜ੍ਹ ਵਿਚ ਰਾਜਪਾਲ ਨੂੰ ਮੰਗ ਪੱਤਰ ਦੇਣ ਲਈ ਜਿਸ ਜੋਸ਼ ਨਾਲ ਸੁਖਬੀਰ ਬਾਦਲ ਦੀ ਅਗਵਾਈ ਵਿਚ ਬਾਦਲ ਦਲ ਨੇ ਤਿੰਨ ਤਖਤ ਸਾਹਿਬਾਨਾਂ ਵਿਖੇ ਅਰਦਾਸ ਕਰਕੇ ਚੜਾਈ ਕੀਤੀ ਸੀ, ਉਸ ਤੋਂ ਇਕ ਵਾਰ ਇਹ ਚਰਚਾ ਸ਼ੁਰੂ ਹੋ ਗਈ ਸੀ ਕਿ ਸ਼ਾਇਦ ਅਕਾਲੀ ਦਲ ਦੀ ਪੰਥਕ ਰਵਾਇਤਾਂ ਵਾਲੀ ਸਿਆਸਤ ਨੂੰ ਮੁੜ ਖੜੀ ਕਰਨ ਲਈ ਅੱਜ ਬਾਦਲ ਦਲ ਕੋਈ ਇਤਿਹਾਸਕ ਮੋਰਚਾ ਸ਼ੁਰੂ ਕਰ ਸਕਦਾ ਹੈ। ਪਰ ਦੇਰ ਰਾਤ ਜੋ ਚੰਡੀਗੜ੍ਹ ਵਿਚ ਹੋਇਆ, ਉਸ ਨੇ ਇਹ ਤੈਅ ਕਰ ਦਿੱਤਾ ਹੈ ਕਿ ਬਾਦਲ ਦਲ ਵਿਚ ਮੁੜ ਸ਼੍ਰੋਮਣੀ ਅਕਾਲੀ ਦਲ ਬਣਨ ਦੀ ਸਮਰੱਥਾ ਨਹੀਂ ਰਹੀ।



ਭਾਵੇਂ ਕਿ ਜ਼ੀਰਕਪੁਰ ਅਤੇ ਮੁੱਲਾਂਪੁਰ ਹੱਦਾਂ 'ਤੇ ਚੰਡੀਗੜ੍ਹ ਪੁਲਸ ਨਾਲ ਬਾਦਲ ਦਲ ਦੇ ਵਰਕਰਾਂ ਦਾ ਕੁੱਝ ਹਲਕਾ ਜਿਹਾ ਟਕਰਾਅ ਹੋਇਆ, ਪਰ ਹਰ ਦੇਖਣ ਵਾਲੀ ਅੱਖ ਨੂੰ ਸਾਫ ਭਾਸ ਰਿਹਾ ਸੀ ਕਿ ਇਹ ਟਕਰਾਅ ਨਾਟਕੀ ਸੀ। ਜਿੱਥੇ ਜ਼ੀਰਕਪੁਰ ਵਾਲੇ ਪਾਸੇ ਹਰਸਿਮਰਤ ਕੌਰ ਬਾਦਲ ਅਤੇ ਕੁੱਝ ਆਗੂਆਂ ਨੂੰ ਪਹਿਲਾਂ ਪੁਲਸ ਕੁੱਝ ਮਿੰਟ ਬੈਠਣ ਮਗਰੋਂ ਹੀ ਉਠਾਉਂਦੀ ਹੈ ਅਤੇ ਉਹਨਾਂ ਨੂੰ ਬਿਨਾਂ ਕਿਸੇ ਖਿੱਚ ਧੂਹ ਤੋਂ ਪੁਲਿਸ ਨਾਲ ਜਾਣ ਦਿੱਤਾ ਜਾਂਦਾ ਹੈ, ਉਸ ਤੋਂ ਬਾਅਦ ਕੁੱਝ ਵਰਕਰ ਬੈਰੀਕੇਡ ਹਿਲਾਉਂਦੇ ਹਨ ਤੇ ਕੁੱਝ ਪੁਲਸ ਦੀ ਲਾਠੀਆਂ ਚਲਦੀਆਂ ਨੇ ਤੇ ਸਾਰਾ ਕੁੱਝ ਚੰਦ ਸਕਿੰਟਾਂ ਵਿਚ ਖਿੰਡ-ਪੁੰਡ ਜਾਂਦਾ ਹੈ। ਹਲਾਂਕਿ ਬਾਦਲ ਦਲ ਦੇ ਕਰੀਬੀ ਟੀਵੀ ਚੈਨਲਾਂ ਦੇ ਐਂਕਰ ਵਾਰ-ਵਾਰ ਵਰਕਰਾਂ ਨੂੰ ਇਹ ਸਵਾਲ ਪੁੱਛਦੇ ਹਨ ਕਿ 'ਤੁਹਾਡੇ ਕਿੰਨੀਆਂ ਡਾਂਗਾਂ ਵੱਜੀਆਂ'। ਇਸ ਤਰਾਂ ਉਹ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਦੇ ਹਨ ਕਿ ਜਿਵੇਂ ਇਸ ਧਰਨੇ 'ਤੇ ਬਾਦਲ ਦਲ ਦੇ ਵਰਕਰਾਂ ਅਤੇ ਪੁਲਸ ਦਰਮਿਆਨ ਵੱਡਾ ਟਕਰਾਅ ਹੋਇਆ ਹੋਵੇ।

ਜ਼ੀਰਕਪੁਰ ਵਾਲਾ ਘਟਨਾਕ੍ਰਮ ਪੂਰਾ ਹੋਣ ਤੋਂ ਕੁੱਝ ਮਿੰਟਾਂ ਬਾਅਦ ਨਿਰਧਾਰਤ ਨੀਤੀ ਤਹਿਤ ਸੁਖਬੀਰ ਬਾਦਲ ਆਪਣੇ ਕਾਫਲੇ ਸਮੇਤ ਮੁੱਲਾਂਪੁਰ ਹੱਦ 'ਤੇ ਪਹੁੰਚੇ। ਇੱਥੇ ਸੁਖਬੀਰ ਦੇ ਸੰਬੋਧਨ ਦੌਰਾਨ ਨਜ਼ਰੀਂ ਪੈਂਦਾ ਹੈ ਕਿ ਸੋਈ ਦੇ ਕੁੱਝ ਨੌਜਵਾਨ ਬੈਰੀਕੇਡਾਂ 'ਤੇ ਚੜ ਕੇ ਨਾਅਰੇਬਾਜ਼ੀ ਕਰ ਰਹੇ ਸਨ ਜਿਹਨਾਂ ਵਿਚ ਉਹ ਬਾਦਲ ਪਰਿਵਾਰ ਜ਼ਿੰਦਾਬਾਦ ਦੇ ਨਾਅਰੇ ਮਾਰਨੇ ਨਹੀਂ ਭੁੱਲ ਰਹੇ ਸਨ। ਸੁਖਬੀਰ ਬਾਦਲ ਸੰਬੋਧਨ ਵਿਚ ਚੰਡੀਗੜ੍ਹ ਪੁਲਸ ਨੂੰ ਬੇਨਤੀ ਕਰਦੇ ਹਨ ਕਿ ਜਾ ਤਾਂ ਰਾਜਪਾਲ ਨੂੰ ਇੱਥੇ ਲਿਆਂਦੇ ਜਾਵੇ ਮੰਗ ਪੱਤਰ ਫੜਨ ਲਈ ਜਾਂ ਇਹਨਾਂ ਦੇ ਕਾਫਲੇ ਨੂੰ ਰਾਜਪਾਲ ਦੇ ਘਰ ਤਕ ਜਾਣ ਦਿੱਤਾ ਜਾਵੇ। ਸੁਖਬੀਰ ਬਾਦਲ, ਬਿਕਰਮ ਸਿੰਘ ਮਜੀਠੀਆ, ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ ਸਟੇਜ ਵਾਲੇ ਟਰੱਕ ਤੋਂ ਹੇਠ ਉਤਰ ਕੇ ਭੀੜ ਵਿਚ ਗੁੰਮ ਜਾਂਦੇ ਹਨ ਤੇ ਕੁੱਝ ਪਲਾਂ ਬਾਅਦ ਅਗਲੀ ਜਾਣਕਾਰੀ ਇਹੀ ਮਿਲਦੀ ਹੈ ਕਿ ਇਹਨਾਂ ਆਗੂਆਂ ਨੂੰ ਪੁਲਸ ਨੇ ਹਿਰਾਸਤ ਵਿਚ ਲੈ ਲਿਆ ਹੈ। ਇਹਨਾਂ ਦੇ ਸੁਰੱਖਿਅਤ ਚਲੇ ਜਾਣ ਮਗਰੋਂ ਪੁਲਸ ਜ਼ੀਰਕਪੁਰ ਧਰਨੇ ਵਾਂਗ ਹਲਕੀ ਜਿਹੀ ਕਾਰਵਾਈ ਕਰਦੀ ਹੈ ਤੇ ਕੁੱਝ ਪਲਾਂ ਲਈ ਪਾਣੀ ਦੀਆਂ ਬੁਛਾੜਾਂ ਮਾਰੀਆਂ ਜਾਂਦੀਆਂ ਹਨ ਜਿਹਨਾਂ ਨਾਲ ਕਈ ਬਜ਼ੁਰਗ ਸਿੱਖਾਂ ਦੀਆਂ ਦਸਤਾਰਾਂ ਵੀ ਉਤਰ ਗਈਆਂ। ਪੁਲਿਸ ਦੀਆਂ ਗੱਡੀਆਂ ਵਿਚ ਬਿਠਾ ਕੇ ਇਹਨਾਂ ਆਗੂਆਂ ਨੂੰ 17 ਸੈਕਟਰ ਲਿਜਾਇਆ ਗਿਆ ਜਿੱਥੇ ਕੁੱਝ ਸਮੇਂ ਬਾਅਦ ਇਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ, ਜਿੱਥੋਂ ਇਹ ਬਿਨਾਂ ਰਾਜਪਾਲ ਨੂੰ ਮਿਲੇ ਜਾਂ ਮੰਗ ਪੱਤਰ ਦਿੱਤੇ ਆਪੋ-ਆਪਣੇ ਟਿਕਾਣਿਆਂ ਨੂੰ ਪਰਤ ਗਏ। ਬੀਤੇ ਕੱਲ ਦੀ ਬਾਦਲ ਦਲ ਦੀ ਇਹ ਸਾਰੀ ਕਾਰਵਾਈ ਆਪਣੇ ਵਰਕਰਾਂ ਦੀ ਗਿਣਤੀ ਦਰਸਾਉਣ ਦੀ ਕਾਰਵਾਈ ਜ਼ਿਆਦਾ ਪ੍ਰਤੀਤ ਹੋਈ ਤੇ ਕਿਸਾਨਾਂ ਲਈ ਕੋਈ ਸੁਹਿਰਦ ਘੋਲ ਸ਼ੁਰੂ ਕਰਨ ਦੀ ਭਾਵਨਾ ਇਸ ਵਿਚੋਂ ਗਾਇਬ ਨਜ਼ਰ ਆਈ।

# ਹਰਨੇਕ ਸਿੰਘ ਦਾ ਪਲੇਠਾ ਕਹਾਣੀ-ਸੰਗ੍ਰਹਿ "ਕੱਲਰ 'ਚ ਖਿੜਿਆ ਫੁੱਲ" ਰਿਲੀਜ਼

**ਸਟਾਕਟਨ/ਬਿਊਰੋ ਨਿਊਜ਼:** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੀ ੨੬ ਸਤੰਬਰ ਨੂੰ ਜ਼ੂਮ ਰਾਹੀਂ ਸੱਦੇ ਸਾਹਿਤਕ ਸਮਾਗਮ ਵਿਚ ਦੇਸ਼ ਵਿਦੇਸ਼ ਦੇ ਅਦਬੀ ਲੇਖਕਾਂ, ਚਿੰਤਕਾਂ ਅਤੇ ਸਰੋਤਿਆਂ ਨੇ ਬਹੁਗਿਣਤੀ ਵਿੱਚ ਭਾਗ ਲਿਆ। ਇਸ ਵਿਚ ਹਰਨੇਕ ਸਿੰਘ ਦਾ ਪਲੇਠਾ ਕਹਾਣੀ ਸੰਗ੍ਰਹਿ 'ਕੱਲਰ 'ਚ ਖਿੜਿਆ ਫੁੱਲ' ਰਿਲੀਜ਼ ਕੀਤਾ ਗਿਆ। ਸਮਾਗਮ ਦਾ ਅਰੰਭ ਸਭਾ ਦੀ ਸਕੱਤਰ ਗੁਰਪ੍ਰੀਤ ਕੌਰ ਵੱਲੋਂ ਸ਼ਾਮਲ ਹੋਏ ਮੈਂਬਰਾਂ ਨੂੰ ਖੁਸ਼ਆਮਦੀਦ ਆਖਦਿਆਂ ਹੋਇਆ। ਇਸ ਉਪਰੰਤ ਹਰਜਿੰਦਰ ਪੰਧੇਰ ਵੱਲੋਂ ਪੰਜਾਬੀ ਨਾਟ-ਕਲਾ ਦੀ ਮਹਾਨ ਸ਼ਖ਼ਸੀਅਤ ਗੁਰਸ਼ਰਨ ਭਾਅ ਜੀ ਨੂੰ ਇਹ ਸਮਾਗਮ ਸਮਰਪਿਤ ਕਰਦਿਆਂ ਉਨਾਂ ਦੀ ਨਿਧੜਕ, ਲੋਕ ਪੱਖੀ, ਵਿਲੱਖਣ ਸੋਚ, ਜਿਸ ਸਦਕਾ ਪੰਜਾਬੀ ਨਾਟਕ ਨੂੰ 'ਨਵੇਂ ਦਿਸਹੱਦੇ ਨਸੀਬ ਹੋਏ' ਦਾ ਵਿਸਥਾਰਪੂਰਵਕ ਜ਼ਿਕਰ ਕੀਤਾ। ਟਰਾਂਟੋ ਤੋਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਮਸ਼ਹੂਰ ਗਾਇਕ ਤੇ ਕਲਾਕਾਰ ਇਕਬਾਲ ਬਰਾੜ ਜੀ ਨੇ ਇਸ ਮੌਕੇ ਡਾ. ਜਗਤਾਰ ਦੀ ਇਹ ਗ਼ਜ਼ਲ :

'ਖ਼ੂਨ ਲੋਕਾਂ ਦਾ ਹੈ ਇਹ ਪਾਣੀ ਨਹੀਂ, ਇਸ ਦੀ ਸੁਰਖ਼ੀ ਕਦੇ ਜਾਣੀ ਨਹੀਂ......।' ਤਰੰਨਮ ਵਿਚ ਗਾਉਂਦਿਆਂ ਗੁਰਸ਼ਰਨ ਜੀ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕੀਤੀ।

ਸਮਾਗਮ ਨੂੰ ਅੱਗੇ ਤੋਰਦਿਆਂ, ਸਾਹਿਤ ਸਿਰਜਣਾ ਮੰਚ ਅਮਰਗੜ ਦੇ ਪ੍ਰਧਾਨ ਕਹਾਣੀਕਾਰ ਤੇ ਅਲੋਚਕ ਜਸਵੀਰ ਰਾਣਾ ਨੇ ਕਹਾਣੀ-ਸੰਗ੍ਰਹਿ 'ਕੱਲਰ 'ਚ ਖਿੜਿਆ ਫੁੱਲ' ਲੋਕ ਅਰਪਣ ਕੀਤਾ। ਹਰਨੇਕ ਸਿੰਘ ਦੀ ਕਥਾ ਦ੍ਰਿਸ਼ਟੀ ਨੂੰ ਵੱਖ ਵੱਖ ਪਹਿਲੂਆਂ ਤੋਂ ਗੌਲਦਿਆਂ ਕਥਾਨਕ ਵਿਚਲੇ ਜਟਿਲ ਮਾਨਵੀ ਸੰਬੰਧਾਂ ਦੀ ਮਨੋਵਿਗਿਆਨਕਤਾ ਅਤੇ ਕਲਾ ਬਾਰੇ ਚਾਨਣਾ ਪਾਇਆ। ਰਿਪੁਦੰਮਨ ਕਾਲਜ ਨਾਭਾ ਤੋਂ ਅਸਿਸਟੈਂਟ ਪ੍ਰੋਫੈਸਰ, ਡਾ. ਰੁਪਿੰਦਰ ਕੌਰ ਅਤੇ ਡਾ. ਗੁਰਪ੍ਰੀਤ ਸਿੰਘ ਲੈਕਚਰਾਰ, ਪੰਜਾਬ ਸਕੂਲ ਸਿੱਖਿਆ ਬੋਰਡ ਨੇ ਕਹਾਣੀ-ਸੰਗ੍ਰਹਿ ਵਿਚਲੀਆਂ ਪੇਂਡੂ ਜੀਵਨ ਦੀਆਂ ਜੀਵੰਤ ਝਲਕੀਆਂ, ਦ੍ਰਿਸ਼ਾਂ ਅਤੇ ਬੋਲੀ ਦੇ ਪੱਖ ਤੋਂ ਅਹਿਮ ਨੁਕਤਿਆਂ ਤੇ ਅਰਥ ਭਰਪੂਰ ਗੱਲਬਾਤ ਕੀਤੀ। ਸੁਰਿੰਦਰ ਸੋਹਲ ਨੇ ਜਿੱਥੇ ਇਸ ਪੁਸਤਕ ਪ੍ਰਤੀ ਜਸਵੀਰ ਰਾਣਾ ਦੀ ਗੰਭੀਰ ਅਲੋਚਨਾਤਮਕ ਪਹੁੰਚ ਦੀ ਪ੍ਰਸੰਸ਼ਾ ਕੀਤੀ ਉੱਥੇ ਹਰਨੇਕ ਸਿੰਘ ਦੀ ਗਲਪੀ ਸਮਰੱਥਾ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਮਿੰਨੀ ਕਹਾਣੀ ਲੇਖਕ: ਤ੍ਰਿਪਤ ਸਿੰਘ ਭੱਟੀ ਅਤੇ ਮਨਜੀਤ ਕੌਰ ਸੇਖ਼ੋਂ ਨੇ ਹਰਨੇਕ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਉਨਾਂ ਤੋਂ ਭਵਿੱਖ ਵਿਚ ਹੋਰ ਵੱਡੀਆਂ ਸਾਹਿਤਕ ਪ੍ਰਾਪਤੀਆਂ ਦੀ ਉਮੀਦ ਪ੍ਰਗਟਾਈ। ਸਮੇਂ ਦੀ ਘਾਟ ਕਾਰਨ ਇਸ ਵਾਰ ਕਵੀ ਸੰਮੇਲਨ ਵਿਚ ਤਰਸੇਮ ਸਿੰਘ ਘੁੰਮਣ ਹੀ ਆਪਣੀਆਂ ਦੋ ਨਵੀਆਂ ਕਾਵਿ ਰਚਨਾਵਾਂ: 'ਜੰਗਲ ਦੀ ਅੱਗ' ਅਤੇ 'ਬਿਨ ਹਥਿਆਰਾਂ ਫੌਜ' ਨਾਲ ਸਾਂਝ ਪਾ ਸਕੇ। ਸਕੂਲ ਦੇ ਇਕ ਬੱਚੇ ਪ੍ਰਭਸਿਮਰਨ ਨੇ ਆਪਣਾ ਮਨ ਪਸੰਦ ਗੀਤ ਸੁਣਾਇਆ। ਸਭਾ ਦਾ ਆਨੰਦ ਮਾਨਣ ਵਾਲਿਆਂ ਵਿਚ ਪੰਜਾਬ ਤੋਂ ਡਾ. ਹਰਪ੍ਰੀਤ ਕੌਰ, ਆਰਟਿਸਟ ਗਗਨ ਵਿਰਕ ਅਤੇ ਸਥਾਨਕ ਸਰੋਤਿਆਂ ਵਿਚ ਮਨਜੀਤ ਕੌਰ ਸੰਧੂ, ਮ੍ਰਿਗਿੰਦਰ ਪੰਧੇਰ, ਚਰਨਜੀਤ ਸਿੰਘ ਸਾਹੀ, ਪਰਮਜੀਤ ਸਿੰਘ, ਜਸਵੰਤ ਸਿੰਘ ਸੈਦੋਕੇ, ਡਾ. ਗੋਬਿੰਦਰ ਸਿੰਘ, ਰੁਪਿੰਦਰ ਗਿਰੀ, ਪ੍ਰਦੀਪ ਗੋਸਵਾਮੀ, ਸੋਨੀਆ ਗੋਸਵਾਮੀ, ਸੁਖਪਾਲ ਸਿੰਘ ਅਤੇ ਹੋਰ ਪਤਵੰਤੇ ਸੱਜਣਾਂ ਨੇ ਭਾਗ ਲਿਆ।

**ਹਰਜਿੰਦਰ ਪੰਧੇਰ**
**209-610-5055.**

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਰੂਸ ਦਾ ਲੋਕਤੰਤਰ ਹਿਟਲਰਸ਼ਾਹੀ ਵਲ ਵਧਿਆ

## ✪ ਇੰਟਰਨੈੱਟ ਸੰਬੰਧੀ ਕਈ ਸਖ਼ਤ ਕਾਨੂੰਨ ਲਾਗੂ ਕੀਤੇ ਗਏ ✪ ਵਧਦੀ ਜਾ ਰਹੀ ਹੈ ਰੂਸ ਦੀ ਘਾਣ ਕਰਨ ਵਾਲੀ ਪ੍ਰਵਿਰਤੀ ✪ ਨਿਜ਼ਨੀ ਨੋਵਗੋਰੋਡ ਸ਼ਹਿਰ ਦੇ ਅੰਦਰੂਨੀ ਮੰਤਰਾਲਾ ਦਫ਼ਤਰ ਦੇ ਸਾਹਮਣੇ ਅੱਗ ਲਗਾ ਕੇ ਰੂਸੀ ਨਿਊਜ਼ ਐਡੀਟਰ ਈਰਿਨਾ ਨੇ ਦਿੱਤੀ ਜਾਨ

**ਮਾਸਕੋ/ਏ.ਟੀ.ਨਿਊਜ਼:** ਹਾਲ ਹੀ 'ਚ ਰੂਸ 'ਚ ਮੀਡੀਆ ਅਤੇ ਇੰਟਰਨੈੱਟ ਸੰਬੰਧੀ ਕਈ ਸਖ਼ਤ ਕਾਨੂੰਨ ਲਾਗੂ ਕੀਤੇ ਗਏ ਹਨ ਜਿਨਾਂ ਨਾਲ ਇਹ ਚਿੰਤਾ ਪੈਦਾ ਹੋ ਗਈ ਹੈ ਕਿ ਇਨਾਂ ਦੀ ਵਰਤੋਂ ਸਰਕਾਰ ਆਪਣੇ ਆਲੋਚਕਾਂ ਨੂੰ ਚੁੱਪ ਕਰਵਾਉਣ ਲਈ ਕਰ ਸਕਦੀ ਹੈ।

ਬੇਸ਼ੱਕ ਰੂਸ ਦੀ ਸਰਕਾਰ ਕਹਿੰਦੀ ਹੋਵੇ ਕਿ ਅੱਜ ਦੇ ਸਮੇਂ 'ਚ ਸਾਈਬਰ ਸੁਰੱਖਿਆ 'ਚ ਸੁਧਾਰ ਲਈ ਕਾਨੂੰਨ ਦੀ ਲੋੜ ਸੀ ਪਰ ਉੱਥੇ ਮੀਡੀਆ 'ਤੇ ਸਰਕਾਰ ਦੀ ਸਖ਼ਤੀ ਅਤੇ ਆਪਣੇ ਵਿਰੋਧੀਆਂ ਨੂੰ ਰਸਤੇ ਵਿਚੋਂ ਹਟਾ ਦੇਣ ਤੋਂ ਨਹੀਂ ਕਤਰਾਉਣ ਵਾਲਾ ਪਰ ਰੂਸ ਦਾ ਟਰੈਕ ਰਿਕਾਰਡ ਦੇਖਦੇ ਹੋਏ ਉਸ 'ਤੇ ਭਰੋਸਾ ਕਰਨਾ ਸ਼ਾਇਦ ਹੀ ਕਿਸੇ ਦੇ ਲਈ ਸੰਭਵ ਹੋਵੇਗਾ।

ਪਹਿਲਾਂ ਪੁਤਿਨ ਦੇ ਵਿਰੋਧੀ ਏਲੈਕਸੀ ਨਵਲਨੀ ਨੂੰ ਜ਼ਹਿਰ ਦਿੱਤੇ ਜਾਣ ਦੀ ਘਟਨਾ ਅਤੇ ਹੁਣ ਇਕ ਨਿਊਜ਼ ਐਡੀਟਰ ਵਲੋਂ ਕਥਿਤ ਤਸ਼ੱਦਦ ਦੇ ਕਾਰਨ ਖ਼ੁਦ ਨੂੰ ਅੱਗ ਲਗਾ ਲੈਣ ਦੀ ਘਟਨਾ ਨੇ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਨਿਜ਼ਨੀ ਨੋਵਗੋਰੋਡ ਸ਼ਹਿਰ ਦੇ ਅੰਦਰੂਨੀ ਮੰਤਰਾਲਾ ਦਫ਼ਤਰ ਦੇ ਸਾਹਮਣੇ ਖ਼ੁਦ ਨੂੰ ਅੱਗ ਲਗਾ ਕੇ ਰੂਸੀ ਨਿਊਜ਼ ਐਡੀਟਰ ਈਰਿਨਾ ਸਲਾਵਿਨਾ ਨੇ ਜਾਨ ਦੇ ਦਿੱਤੀ। ਇਸ ਤੋਂ ਪਹਿਲਾਂ ਉਨਾਂ ਨੇ ਫੇਸਬੁੱਕ 'ਤੇ ਲਿਖਿਆ ਸੀ, 'ਮੈਂ ਆਪਣੀ ਮੌਤ ਦੇ ਲਈ ਰੂਸੀ ਸੰਘ ਨੂੰ ਦੋਸ਼ੀ ਠਹਿਰਾਉਣ ਲਈ ਤੁਹਾਨੂੰ ਕਹਿੰਦੀ ਹਾਂ।'

ਅਧਿਕਾਰੀਆਂ ਦੇ ਅਨੁਸਾਰ, ਉਨਾਂ ਦਾ ਸਰੀਰ ਗੰਭੀਰ ਰੂਪ 'ਚ ਸੜ ਚੁੱਕਾ ਸੀ। ਆਪਣੇ ਪਿੱਛੇ ਇਕ ਧੀ ਅਤੇ ਪਤੀ ਨੂੰ ਛੱਡ ਗਈ ਈਰਿਨਾ ਨੇ ਦੱਸਿਆ ਸੀ ਕਿ ਵੀਰਵਾਰ ਨੂੰ ਪੁਲਿਸ ਨੇ ਲੋਕਤੰਤਰ ਸਮਰਥਕ ਸਮੂਹ 'ਓਪਨ ਰੂਸ' ਨਾਲ ਸਬੰਧਤ ਸਮੱਗਰੀਆਂ ਦੇ ਲਈ ਉਸਦੇ ਫਲੈਟ ਦੀ ਤਲਾਸ਼ੀ ਲਈ ਸੀ ਅਤੇ ਕੰਪਿਊਟਰ ਅਤੇ ਡਾਟਾ ਜ਼ਬਤ ਕਰ ਲਿਆ ਸੀ।

ਕੁਝ ਵੀਡੀਓ ਸਾਹਮਣੇ ਆਏ ਹਨ ਜਿਨਾਂ 'ਚ ਉਹ ਪਲ ਦਿਖਾਈ ਦੇ ਰਹੇ ਹਨ ਜਦੋਂ ਉਸਨੇ ਗੋਰਕੀ ਸਟ੍ਰੀਟ ਵਿਚ ਅੰਦਰੂਨੀ ਮੰਤਰਾਲਾ ਦੇ ਦਫ਼ਤਰ ਦੇ ਸਾਹਮਣੇ ਇਕ ਬੈਂਚ 'ਤੇ ਖ਼ੁਦ ਨੂੰ ਅੱਗ ਲਗਾਈ। ਵੀਡੀਓ 'ਚ ਇਕ ਆਦਮੀ ਅੱਗ ਬੁਝਾਉਣ ਵਿਚ ਮਦਦ ਕਰਨ ਦੇ ਲਈ ਇਕ ਔਰਤ ਵੱਲ ਦੌੜਦਾ ਦਿਖਾਈ ਦਿੰਦਾ ਹੈ। ਉਹ ਅੱਗ ਬੁਝਾਉਣ ਲਈ ਆਪਣੇ ਕੋਟ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਵਾਰ-ਵਾਰ ਉਸ ਨੂੰ ਪਿੱਛੇ ਧੱਕਦੀ ਹੈ ਅਤੇ ਅਖੀਰ



ਜ਼ਮੀਨ 'ਤੇ ਡਿਗ ਜਾਂਦੀ ਹੈ।

ਰੂਸ ਦੀ ਜਾਂਚ ਕਮੇਟੀ ਨੇ ਈਰਿਨਾ ਦੀ ਮੌਤ ਦੀ ਪੁਸ਼ਟੀ ਕੀਤੀ ਹੈ ਪਰ ਉਸਦੇ ਫਲੈਟ ਦੀ ਤਲਾਸ਼ੀ ਤੋਂ ਕਿਸੇ ਵੀ ਸਬੰਧ ਤੋਂ ਇਨਕਾਰ ਕੀਤਾ ਹੈ।

ਈਰਿਨਾ ਇਕ ਛੋਟੀ ਨਿਊਜ਼ ਵੈੱਬਸਾਈਟ 'ਕੋਜ਼ਾ ਪ੍ਰੈੱਸ' ਦੀ ਮੁੱਖ ਸੰਪਾਦਕ ਸੀ। ਵੈੱਬਸਾਈਟ ਦਾ ਮੋਟੋ ਸੀ-'ਸਮਾਚਾਰ ਅਤੇ ਵਿਸ਼ਲੇਸ਼ਣ' ਅਤੇ 'ਕੋਈ ਸੈਂਸਰਸ਼ਿਪ ਨਹੀਂ'। ਉਹ ਉਨਾਂ ੭ ਵਿਅਕਤੀਆਂ 'ਚੋਂ ਇਕ ਸੀ ਜਿਨਾਂ ਦੇ ਘਰਾਂ ਦੀ ਤਲਾਸ਼ੀ ਨਿਜ਼ਨੀ ਨੋਵਗੋਰੋਡ 'ਚ ਵੀਰਵਾਰ ਨੂੰ 'ਓਪਨ ਰੂਸ' ਦੀ ਇਕ ਜਾਂਚ ਦੇ ਤਹਿਤ ਲਈ ਗਈ ਸੀ।

ਪਿਛਲੇ ਸਾਲ ਆਪਣੇ ਇਕ ਲੇਖ 'ਚ 'ਅਧਿਕਾਰੀਆਂ ਦਾ ਨਿਰਾਦਰ' ਕਰਨ ਦੇ ਲਈ ਉਨਾਂ ਨੂੰ ਜੁਰਮਾਨਾ ਕੀਤਾ ਗਿਆ ਸੀ। ਵੀਰਵਾਰ ਨੂੰ ਆਪਣੀ ਇਕ ਫੇਸਬੁੱਕ ਪੋਸਟ 'ਚ ਉਨਾਂ ਨੇ ਦੱਸਿਆ ਸੀ ਕਿ ੧੨ ਵਿਅਕਤੀ ਉਨਾਂ ਦੇ ਪਰਿਵਾਰ ਦੇ ਫਲੈਟ 'ਚ ਜਬਰੀ ਦਾਖ਼ਲ ਹੋਏ ਅਤੇ ਫਲੈਸ਼ ਡਰਾਈਵ, ਉਨਾਂ ਦਾ ਅਤੇ ਉਨਾਂ ਦੀ ਧੀ ਦੇ ਲੈਪਟਾਪ ਦੇ ਨਾਲ-ਨਾਲ ਉਨਾਂ ਦੇ ਅਤੇ ਉਨਾਂ ਦੇ ਪਤੀ ਦੋਵਾਂ ਦੇ ਫ਼ੋਨ ਜ਼ਬਤ ਕਰ ਲਏ।

'ਓਪਨ ਰੂਸ' ਦੇ ਜਲਾਵਤਨ ਸੰਸਥਾਪਕ ਮਿਖਾਈਲ ਖੋਦੋਰਕੋਵਸਕੀ ਦੀ ਇਕ ਸਹਿਯੋਗੀ ਨਤਾਲਿਆ ਗ੍ਰੇਯਾਜ਼ੇਨੇਵਿਚ ਦੇ ਅਨੁਸਾਰ, 'ਇਹ ਖ਼ਬਰ ਮੇਰੇ ਲਈ ਇਕ ਵੱਡਾ ਝਟਕਾ ਸੀ, ਮੈਂ ਉਸ ਨੂੰ ਜਾਣਦੀ ਸੀ, ਮੈਨੂੰ ਪਤਾ ਹੈ ਕਿ ਉਸ ਨੂੰ ਪ੍ਰੇਸ਼ਾਨ ਕੀਤਾ ਗਿਆ, ਹਿਰਾਸਤ 'ਚ ਲਿਆ ਗਿਆ ਅਤੇ ਹਰ ਸਮੇਂ ਉਸ ਨੂੰ ਜੁਰਮਾਨਾ ਕੀਤਾ ਜਾਂਦਾ ਸੀ। ਉਹ ਇਕ ਬਹੁਤ ਸਰਗਰਮ ਔਰਤ ਸੀ।'

ਦੂਜੇ ਪਾਸੇ ਜਾਂਚ ਕਮੇਟੀ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਈਰਿਨਾ ਤਾਂ ਉਨਾਂ ਦੇ ਮਾਮਲੇ 'ਚ ਸਿਰਫ ਇਕ ਗਵਾਹ ਸੀ। ਉਹ ਇਸ ਅਪਰਾਧਿਕ ਮਾਮਲੇ ਦੀ ਜਾਂਚ ਵਿਚ 'ਨਾ ਹੀ ਸ਼ੱਕੀ ਅਤੇ ਨਾ ਹੀ ਮੁਲਜ਼ਮ ਸੀ।'

ਇਹ ਅਪਰਾਧਿਕ ਮਾਮਲਾ ਇਕ ਸਥਾਨਕ ਕਾਰੋਬਾਰੀ ਨੂੰ ਲੈ ਕੇ ਹੈ ਜਿਸ 'ਤੇ ਦੋਸ਼ ਹੈ ਕਿ ਉਸ ਨੇ ਵੱਖ-ਵੱਖ ਵਿਰੋਧੀ ਸਮੂਹਾਂ ਨੂੰ ਕੁਝ ਸ਼ੱਕੀ ਸਰਗਰਮੀਆਂ ਦੇ ਲਈ ਆਪਣੇ ਸਪੂਫ ਚਰਚ ਦੀ ਵਰਤੋਂ ਕਰਨ ਦਿੱਤੀ।

ਮਿਖਾਈਲ ਲੋਸਿਲੇਵਿਚ ਨੇ ੨੦੧੬ 'ਚ ਅਖੌਤੀ 'ਫਲਾਇੰਗ ਸਪੇਗੇਟੀ ਮਾਨਸਟਰ ਚਰਚ' ਬਣਾਇਆ ਸੀ ਜਿਸ ਦੇ ਪੈਰੋਕਾਰਾਂ ਨੂੰ 'ਪਾਸਤਾਫਾਰੇਸ਼ਿੰਸ' ਕਿਹਾ ਜਾਂਦਾ ਸੀ।

ਨਤਾਲਿਆ ਦੱਸਦੀ ਹੈ ਕਿ 'ਓਪਨ ਰੂਸ' ਨੇ ਅਪ੍ਰੈਲ ੨੦੧੯ 'ਚ ਨਿਜ਼ਨੀ ਨੋਵਗੋਰੋਡ 'ਚ ਇਕ 'ਫ੍ਰੀ ਪੀਪਲ' ਫੋਰਮ 'ਚ ਹਿੱਸਾ ਲਿਆ ਸੀ ਜਿਸ 'ਚ ਈਰਿਨਾ ਇਕ ਪੱਤਰਕਾਰ ਦੇ ਤੌਰ 'ਤੇ ਪਹੁੰਚੀ ਸੀ। ਨਾ ਤਾਂ ਉਹ ਆਦਮੀ ਜਿਸ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਨਾ ਹੀ ਈਰਿਨਾ 'ਓਪਨ ਰੂਸ' ਦਾ ਹਿੱਸਾ ਸਨ।

ਉਨਾਂ ਦੇ ਅਨੁਸਾਰ ਫੋਰਮ ਦੀ ਕਵਰੇਜ ਕਰਨ ਲਈ ਈਰਿਨਾ ਨੂੰ ੫ ਹਜ਼ਾਰ ਰੂਬਲ ਦਾ ਜੁਰਮਾਨਾ ਕੀਤਾ ਗਿਆ ਸੀ। ਅਧਿਕਾਰੀਆਂ ਦਾ ਕਹਿਣਾ ਸੀ ਕਿ ਜਿਸ ਈਵੈਂਟ ਨੂੰ ਉਨਾਂ ਨੇ ਕਵਰ ਕੀਤਾ ਸੀ, 'ਗੈਰ-ਲੋੜੀਂਦੇ ਸੰਗਠਨ' ਨਾਲ ਜੁੜਿਆ ਸੀ।

ਇਸ ਤਰਾਂ ਦੀਆਂ ਘਟਨਾਵਾਂ ਪਹਿਲਾਂ ਹੀ ਰੂਸ 'ਚ ਲੋਕਤੰਤਰ ਅਤੇ ਸੁਤੰਤਰਤਾ 'ਤੇ ਕੁਝ ਗੰਭੀਰ ਸਵਾਲ ਖੜੇ ਕਰਦੀਆਂ ਆ ਰਹੀਆਂ ਹਨ, ਜਿਨਾਂ ਦਾ ਜਵਾਬ ਉੱਥੋਂ ਦੀ ਸਰਕਾਰ ਨੂੰ ਦੇਰ-ਸਵੇਰ ਦੇਣਾ ਹੀ ਪਵੇਗਾ।


When tired of all treatments for any disease at any age TRY

HOMEOPATHIC

EXPERIENCED CONSULTANT PHYSICIAN SINCE 1973

ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਓਪੈਥੀ ਅਜਮਾਉ

WE SELL HOMEOPATHY MEDICINES

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA

American Red Cross

Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com

ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite
#209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਈਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Sir Speedy Tustin
Printers to the Community
SUBWAY eat fresh.
OPEN 24 HOURS 7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
Guru Nanak Sikh Temple
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਹਰਸਿਮਰਤ ਬਾਦਲ ਨੇ ਕੇਂਦਰੀ ਮੰਤਰੀ ਵਜੋਂ ਕਦੇ ਬਿੱਲਾਂ ਦਾ ਵਿਰੋਧ ਨਹੀਂ ਕੀਤਾ: ਮੰਤਰੀ ਹਰਦੀਪ ਪੁਰੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਭਾਰਤ ਦੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਹਰਦੀਪ ਪੁਰੀ ਨੇ ਬਾਦਲ ਪਰਿਵਾਰ ਖਿਲਾਫ ਵੱਡਾ ਹੱਲ ਬੋਲਦਿਆਂ ਦਾਅਵਾ ਕੀਤਾ ਹੈ ਕਿ ਬਤੌਰ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਦੇ ਵੀ ਨਵੇਂ ਖੇਤੀ ਬਿੱਲਾਂ ਦਾ ਵਿਰੋਧ ਨਹੀਂ ਕੀਤਾ ਸੀ।

ਜ਼ਿਕਰਯੋਗ ਹੈ ਕਿ ਬਾਦਲ ਪਰਿਵਾਰ ਖੇਤੀ ਬਿੱਲਾਂ ਦੇ ਮਾਮਲੇ 'ਚ ਪਹਿਲਾਂ ਬਿੱਲਾਂ ਨੂੰ ਕਿਸਾਨ ਪੱਖੀ ਦਸ ਰਿਹਾ ਸੀ, ਪਰ ਬਾਅਦ ਵਿਚ ਕਿਸਾਨ ਸੰਘਰਸ਼ ਮਘਣ ਮਗਰੋਂ ਦਲ ਬਿੱਲਾਂ ਦੇ ਵਿਰੋਧ ਵਿਚ ਹੋ ਗਿਆ ਸੀ ਅਤੇ ਇਸੇ ਵਿਰੋਧ ਦੇ ਚਲਦਿਆਂ ਜਿੱਥੇ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਵਜ਼ਾਰਤ ਵਿਚ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਉੱਥੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਕਈ ਦਹਾਕੇ ਪੁਰਾਣਾ ਸਿਆਸੀ ਗਠਜੋੜ ਵੀ ਟੁੱਟ ਗਿਆ। ਹਰਸਿਮਰਤ ਕੌਰ ਬਾਦਲ ਦਾ ਕਹਿਣਾ ਹੈ ਕਿ ਬਤੌਰ ਕੇਂਦਰੀ ਮੰਤਰੀ ਉਹਨਾਂ ਇਹਨਾਂ ਖੇਤੀ ਬਿੱਲਾਂ ਖਿਲਾਫ ਅਵਾਜ਼ ਚੁੱਕੀ ਸੀ ਅਤੇ ਭਾਰਤ ਸਰਕਾਰ ਨੂੰ ਕਿਹਾ ਸੀ ਕਿ ਉਹ ਇਹਨਾਂ ਬਿੱਲਾਂ ਨੂੰ ਪਾਸ ਕਰਨ ਤੋਂ ਪਹਿਲਾਂ ਕਿਸਾਨਾਂ ਨੂੰ ਭਰੋਸੇ ਵਿਚ ਲੈਣ, ਪਰ ਉਹਨਾਂ ਦੀ ਕੋਈ ਗੱਲ ਨਹੀਂ ਸੁਣੀ ਗਈ।

ਹਰਸਿਮਰਤ ਬਾਦਲ ਵੱਲੋਂ ਕੇਂਦਰੀ ਮੰਤਰੀ ਮੰਡਲ ਦੀਆਂ ਮੀਟਿੰਗਾਂ ਦੌਰਾਨ ਬਿੱਲਾਂ ਬਾਰੇ ਆਪਣਾ ਪੱਖ ਰੱਖਣ ਦੇ ਦਾਅਵਿਆਂ ਬਾਰੇ ਪੁਰੀ ਨੇ ਕਿਹਾ ਕਿ ਉਨਾਂ ਇਸ ਬਾਰੇ ਨਾ ਕਦੇ ਕੁਝ ਸੁਣਿਆ ਅਤੇ ਨਾ ਹੀ ਦੇਖਿਆ। ਚੰਡੀਗੜ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰੀ ਮੰਤਰੀ ਨੇ ਕਿਹਾ ਕਿ 6 ਸਤੰਬਰ ਤੋਂ ਪਹਿਲਾਂ ਅਕਾਲੀ ਦਲ ਦੀ ਸੁਰ ਹੋਰ ਸੀ ਅਤੇ ਹਰਸਿਮਰਤ ਵੱਲੋਂ ਅਸਤੀਫ਼ਾ ਦੇਣ ਤੇ ਗੱਠਜੋੜ 'ਚੋਂ ਬਾਹਰ ਆਉਣ ਮਗਰੋਂ ਇਹ ਬਿਲਕੁਲ ਹੀ ਬਦਲ ਗਈ ਹੈ। ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਕਿਸਾਨਾਂ, ਜਥੇਬੰਦੀਆਂ ਅਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਸੰਬੋਧਨ ਕਰਦਿਆਂ ਉਨਾਂ ਕਿਹਾ ਕਿ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨ ਅਤੇ ਉਨਾਂ ਦੇ ਸ਼ਕਤੀਕਰਨ ਨੂੰ ਧਿਆਨ ਵਿੱਚ ਰਖਦਿਆਂ ਇਸ 'ਚ ਸੋਧ ਕੀਤੀ ਗਈ ਹੈ। 'ਜੇ ਕਿਸੇ ਨੂੰ ਹਾਲੇ ਵੀ ਕੋਈ ਇਤਰਾਜ਼ ਹੈ, ਤਾਂ ਉਹ ਸੂਬਾ ਭਾਜਪਾ ਦੇ ਅਹੁਦੇਦਾਰਾਂ ਨਾਲ ਸੰਪਰਕ ਕਰਕੇ ਉਨਾਂ ਦੇ ਸਵਾਲਾਂ ਦੇ ਜਵਾਬ ਪ੍ਰਾਪਤ ਕਰ ਸਕਦਾ ਹੈ ਅਤੇ ਜੇ ਕੋਈ ਸੰਗਠਨ ਕੇਂਦਰ ਸਰਕਾਰ ਨਾਲ ਗੱਲ ਕਰਨਾ ਚਾਹੁੰਦਾ ਹੈ, ਤਾਂ ਸੂਬਾ ਭਾਜਪਾ ਉਸ ਦੀ ਗੱਲਬਾਤ ਕਰਵਾ ਸਕਦੀ ਹੈ।'

ਪੁਰੀ ਨੇ ਕਿਹਾ ਕਿ ਕਾਂਗਰਸ, 'ਆਪ' ਅਤੇ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਦੇ ਨਾਮ 'ਤੇ ਸਿਆਸੀ ਨਾਟਕ ਕਰ ਰਹੇ ਹਨ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਪਿਛਲੇ ਤਿੰਨ ਮਹੀਨਿਆਂ ਤੋਂ ਇਨਾਂ ਆਰਡੀਨੈਂਸਾਂ 'ਤੇ ਮੋਦੀ ਸਰਕਾਰ ਨਾਲ ਸੀ, ਪਰ ਹੁਣ ਉਹ ਵੀ ਇਸ ਰਾਜਨੀਤਿਕ ਡਰਾਮੇ ਵਿਚ ਸ਼ਾਮਲ ਹੋ ਗਿਆ ਹੈ।

ਕੇਂਦਰੀ ਮੰਤਰੀ ਨੇ ਕਿਹਾ ਕਿ ਕਾਂਗਰਸ ਦੇ 2019 ਦੇ ਚੋਣ ਮੈਨੀਫੈਸਟੋ ਵਿੱਚ ਵੀ ਇਨਾਂ ਖੇਤੀ ਬਿੱਲਾਂ ਦਾ ਵੇਰਵਾ ਦਿੱਤਾ ਗਿਆ ਹੈ ਪਰ ਕਾਂਗਰਸ ਹੁਣ ਇਨਾਂ ਬਾਰੇ ਕਿਸਾਨਾਂ ਨੂੰ ਝੂਠ ਬੋਲ ਰਹੀ ਹੈ।

ਉਨਾਂ ਜ਼ੋਰ ਦੇ ਕੇ ਕਿਹਾ ਕਿ ਐੱਮਐੱਸਪੀ ਪਹਿਲਾਂ ਵਾਂਗ ਜਾਰੀ ਰਹੇਗਾ ਅਤੇ ਇਸ ਦਾ ਸਬੂਤ ਇਹ ਹੈ ਕਿ ਮੋਦੀ ਸਰਕਾਰ ਨੇ ਸਮੇਂ ਤੋਂ ਪਹਿਲਾਂ ਹੀ ਕਿਸਾਨਾਂ ਦੀਆਂ ਹਾੜ੍ਹੀ ਦੀਆਂ ਫ਼ਸਲਾਂ ਦੇ ਐੱਮਐੱਸਪੀ ਵਿੱਚ ਵਾਧਾ ਕੀਤਾ ਹੈ। 'ਮੋਦੀ ਸਰਕਾਰ ਕਹਿ ਰਹੀ ਹੈ ਕਿ ਮੰਡੀਆਂ ਵਿਚ ਵੀ ਕੋਈ ਤਬਦੀਲੀ ਨਹੀਂ ਹੋਵੇਗੀ ਅਤੇ ਸਰਕਾਰ ਮੰਡੀਆਂ ਵਿਚ ਅਨਾਜ ਦਾ ਇਕ-ਇਕ ਦਾਣਾ ਖਰੀਦਣ ਲਈ ਵਚਨਬੱਧ ਹੈ। ਪਰ ਕਾਂਗਰਸ, 'ਆਪ' ਅਤੇ ਅਕਾਲੀ ਦਲ ਵਾਰ-ਵਾਰ ਇਸ ਮੁੱਦੇ 'ਤੇ ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ।

ਪੁਰੀ ਨੇ ਕਿਹਾ ਕਿ ਕਾਂਗਰਸ ਵੱਲੋਂ ਟਰੈਕਟਰ ਸਾੜਨਾ ਅਤੇ ਭਾਜਪਾ ਦਫ਼ਤਰਾਂ ਵਿੱਚ ਦਾਖ਼ਲ ਹੋ ਕੇ ਨਾਅਰੇਬਾਜ਼ੀ ਕਰਨਾ ਜਨਤਕ ਗੁੰਡਾਗਰਦੀ ਹੈ। ਉਨਾਂ ਕਿਹਾ ਕਿ ਕਿਸਾਨ ਕਦੇ ਵੀ ਆਪਣਾ ਟਰੈਕਟਰ ਨਹੀਂ ਸਾੜਨਗੇ ਕਿਉਂਕਿ ਉਹ ਖੇਤੀ ਸਾਧਨਾਂ ਦੀ ਪੂਜਾ ਕਰਦੇ ਹਨ।

ਭਾਜਪਾ ਦੇ ਸੰਸਦ ਮੈਂਬਰ ਸੋਮ ਪ੍ਰਕਾਸ਼ ਨੇ ਕਿਹਾ ਕਿ ਪਹਿਲੀ ਵਾਰ ਕਿਸੇ ਵੀ ਸਰਕਾਰ ਦੇ ਪ੍ਰਧਾਨ ਮੰਤਰੀ ਨੇ ਸਵਾਮੀਨਾਥਨ ਰਿਪੋਰਟ ਦੇ ਆਧਾਰ 'ਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਕਦਮ ਉਠਾਏ ਗਏ ਹਨ। ਉਨਾਂ ਕਿਹਾ ਕਿ ਸਰਕਾਰ ਘੱਟੋ ਘੱਟ ਸਮਰਥਨ ਮੁੱਲ (ਐੱਮਐੱਸਪੀ) ਤੈਅ ਕਰਦੀ ਹੈ। ਜੇ ਕਿਸੇ ਫ਼ਸਲ ਦਾ ਬਹੁਤ ਜ਼ਿਆਦਾ ਝਾੜ ਹੁੰਦਾ ਹੈ, ਤਾਂ ਇਸ ਦੇ ਬਾਜ਼ਾਰ ਦੀਆਂ ਕੀਮਤਾਂ ਵਿਚੋਲਿਆਂ ਵੱਲੋਂ ਘਟਾ ਦਿੱਤੀਆਂ ਜਾਂਦੀਆਂ ਹਨ, ਫਿਰ ਐੱਮਐੱਸਪੀ ਕਿਸਾਨਾਂ ਲਈ ਇਕ ਨਿਸ਼ਚਤ ਬੀਮੇ ਦੀ ਕੀਮਤ ਵਜੋਂ ਕੰਮ ਕਰਦਾ ਹੈ। ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਈ ਵਾਰ ਸਪੱਸ਼ਟ ਕੀਤਾ ਹੈ ਕਿ ਘੱਟੋ ਘੱਟ ਸਮਰਥਨ ਮੁੱਲ ਖ਼ਤਮ ਨਹੀਂ ਹੋਵੇਗਾ। ਇਸ ਮੌਕੇ ਚੰਡੀਗੜ ਭਾਜਪਾ ਦੇ ਪ੍ਰਧਾਨ ਅਰੁਣ ਸੂਦ, ਪ੍ਰਦੇਸ਼ ਭਾਜਪਾ ਦੇ ਜਨਰਲ ਸਕੱਤਰ ਜੀਵਨ ਗੁਪਤਾ, ਡਾ. ਸੁਭਾਸ਼ ਸ਼ਰਮਾ, ਮਲਵਿੰਦਰ ਸਿੰਘ ਕੰਗ ਵੀ ਮੌਜੂਦ ਸਨ।

# ਮੈ ਤੇ ਫ਼ਸਟ ਲੇਡੀ ਠੀਕ ਠਾਕ ਮਹਿਸੂਸ ਕਰ ਰਹੇ ਹਾਂ-ਟਰੰਪ

## ਰਾਸ਼ਟਰਪਤੀ ਫ਼ੌਜੀ ਹਸਪਤਾਲ ਵਿਚ ਦਾਖਲ



**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਡੋਨਾਲਡ ਟਰੰਪ ਤੇ ਫ਼ਸਟ ਲੇਡੀ ਮੇਲਾਨੀਆ ਟਰੰਪ ਦੇ ਕੋਰੋਨਾ ਪੌਜ਼ਟਿਵ ਆਉਣ ਤੋਂ ਬਾਅਦ ਸ੍ਰੀ ਟਰੰਪ ਨੂੰ ਬੇਥੇਸਡਾ ਦੇ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਹਾਲਾਂਕਿ ਸ਼ੁਰੂਆਤੀ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਟਰੰਪ ਤੇ ਮੇਲਾਨੀਆ ਟਰੰਪ ਵਾਈਟ ਹਾਊਸ ਵਿਚਲੀ ਆਪਣੀ ਰਿਹਾਇਸ਼ ਵਿਚ ਹੀ ਕੁਝ ਦਿਨ ਰਹਿਣਗੇ। ੭੪ ਸਾਲਾ ਰਾਸ਼ਟਰਪਤੀ ਦੇ ਸਟਾਫ਼ ਨੇ ਕਿਹਾ ਹੈ ਕਿ ਇਹ ਕਦਮ ਇਹਤਿਆਤ ਵਜੋਂ ਚੁੱਕਿਆ ਗਿਆ ਹੈ। ਉਹ ਕੁਝ ਦਿਨ ਹਸਪਤਾਲ ਰਹਿਣਗੇ। ਵਾਈਟ ਹਾਊਸ ਤੋਂ ਇਹ ਫੌਜੀ ਹਸਪਤਾਲ ਤਕਰੀਬਨ ੯ ਮੀਲ ਦੂਰ ਹੈ। ਰਿਪੋਰਟ ਪੌਜ਼ਟਿਵ ਆਉਣ ਤੋਂ ਬਾਅਦ ਰਾਸ਼ਟਰਪਤੀ ਪਹਿਲੀ ਵਾਰ ਸਾਹਮਣੇ ਆਏ। ਉਨਾਂ ਨੇ ਮਾਸਕ ਪਾਇਆ ਹੋਇਆ ਸੀ ਤੇ ਨੀਲੇ ਰੰਗ ਦਾ ਸੂਟ ਤੇ ਨੀਲੇ ਰੰਗ ਦੀ ਟਾਈ ਪਹਿਨੀ ਹੋਈ ਸੀ। ਹਸਪਤਾਲ ਦੇ ਘਾਹ ਉੱਪਰ ਦੀ ਟਹਿਲਦਿਆਂ ਰਾਸ਼ਟਰਪਤੀ ਨੇ ਪੱਤਰਕਾਰਾਂ ਵੱਲ ਅੰਗੂਠਾ ਉੱਪਰ ਕਰਕੇ ਹੁੰਗਾਰਾ ਭਰਿਆ ਪਰ ਉਹ ਸਵਾਲਾਂ ਲਈ ਨਹੀਂ ਰੁਕੇ। ਹਸਪਤਾਲ ਲਈ ਰਵਾਨਾ ਹੋਣ ਤੋਂ ਪਹਿਲਾਂ ਇਕ ਰਿਕਾਰਡ ਕੀਤੇ ਸੁਨੇਹੇ ਵਿਚ ਉਨਾਂ ਕਿਹਾ ਕਿ ਉਹ ਤੇ ਫ਼ਸਟ ਲੇਡੀ ਠੀਕ ਠਾਕ ਮਹਿਸੂਸ ਕਰ ਰਹੇ ਹਨ। ਵਾਈਟ ਹਾਊਸ ਦੇ ਪ੍ਰੈੱਸ ਸਕੱਤਰ ਕੇਲੀਘ ਮੈਕਏਨਾਨੀ ਨੇ ਕਿਹਾ ਹੈ ਕਿ ਰਾਸ਼ਟਰਪਤੀ ਚੰਗੀ ਮਾਨਸਿਕ ਅਵਸਥਾ ਵਿਚ ਹਨ। ਉਨਾਂ ਨੂੰ ਲੱਕੇ ਲੱਛਣ ਹਨ। ਫਿਲਹਾਲ ਫ਼ਸਟ ਲੇਡੀ ਮੇਲਾਨੀਆ ਵਾਈਟ ਹਾਊਸ ਵਿਚ ਹੀ ਇਕਾਂਤਵਾਸ ਵਿਚ ਰਹਿ ਰਹੇ ਹਨ।

# ਕਿਸਾਨੀ ਸਮੱਸਿਆਵਾਂ ਦੇ ਹੱਲ ਵਾਸਤੇ ਨਵੀਆਂ ਸੰਸਥਾਵਾਂ ਉਸਾਰਨ ਦੀ ਲੋੜ



**- ਡਾਕਟਰ ਸੁੱਚਾ ਸਿੰਘ ਗਿੱਲ**

ਜੂਨ ਮਹੀਨੇ ਦੇ ਪਹਿਲੇ ਹਫ਼ਤੇ ਵਿਚ ਕੇਂਦਰ ਸਰਕਾਰ ਵੱਲੋਂ ਖੇਤੀ ਜਿਨਸਾਂ ਦੇ ਵਪਾਰ, ਮੰਡੀਕਰਨ ਅਤੇ ਕੰਟਰੈਕਟ ਖੇਤੀ ਸਬੰਧੀ ਤਿੰਨ ਆਰਡੀਨੈਂਸ ਜਾਰੀ ਕੀਤੇ ਗਏ ਸਨ। ਇਨਾਂ ਆਰਡੀਨੈਂਸਾਂ ਖ਼ਿਲਾਫ਼ ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਕਈ ਹੋਰ ਰਾਜਾਂ ਵਿਚ ਇਨਾਂ ਦਾ ਵਿਰੋਧ ਸ਼ੁਰੂ ਹੋ ਗਿਆ। ਪਰ ਇਹ ਵਿਰੋਧ ਪੰਜਾਬ ਵਿਚ ਸਭ ਤੋਂ ਤਿੱਖਾ ਸ਼ੁਰੂ ਹੋਇਆ ਅਤੇ ਇਸ ਸਮੇਂ ਕਾਫ਼ੀ ਜ਼ੋਰਾਂ 'ਤੇ ਚੱਲ ਰਿਹਾ ਹੈ। ਇਹ ਵਿਰੋਧ ਕਿਸਾਨ ਜਥੇਬੰਦੀਆਂ ਵੱਲੋਂ ਸ਼ੁਰੂ ਹੋਇਆ ਜਿਸ ਵਿਚ ਪੰਜਾਬ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਸ਼ਾਮਿਲ ਹਨ। ਕਿਸਾਨਾਂ ਦੇ ਅੰਦੋਲਨ ਦਾ ਪੰਜਾਬ ਦੇ ਬੁੱਧੀਜੀਵੀ ਵਰਗ ਨੇ ਖੁੱਲ ਕੇ ਸਾਥ ਦਿੱਤਾ। ਪੰਜਾਬੀ ਅਖ਼ਬਾਰਾਂ ਅਤੇ ਮੀਡੀਆ ਵੱਲੋਂ ਕਿਸਾਨ ਅੰਦੋਲਨ ਨੂੰ ਕਾਫ਼ੀ ਵੱਡੀ ਪੱਧਰ 'ਤੇ ਸੁਰਖ਼ੀਆਂ ਨਾਲ ਕਵਰ ਕਰਕੇ ਆਮ ਲੋਕਾਂ ਤੱਕ ਇਸ ਦੀਆਂ ਖ਼ਬਰਾਂ ਨੂੰ ਲਿਜਾਇਆ ਗਿਆ। ਵਧਦੇ ਅੰਦੋਲਨ ਦੀ ਹਮਾਇਤ ਵਿਚ ਪੰਜਾਬੀ ਲੇਖਕ, ਗਾਇਕ, ਨੌਜਵਾਨ, ਵਿਦਿਆਰਥੀ, ਆੜਤੀਏ ਅਤੇ ਆਮ ਲੋਕ ਆ ਖੜੇ ਹੋਏ ਹਨ। ਇਸ ਸਾਰੇ ਕੁਝ ਨੂੰ ਦੇਖ ਕੇ ਆਮ ਆਦਮੀ ਪਾਰਟੀ, ਲੋਕ ਇਨਸਾਫ਼ ਪਾਰਟੀ, ਖੱਬੀਆਂ ਪਾਰਟੀਆਂ ਅਤੇ ਗਰੁੱਪਾਂ ਵੱਲੋਂ ਕਿਸਾਨ ਅੰਦੋਲਨ ਨੂੰ ਹਮਾਇਤ ਦੇਣੀ ਸ਼ੁਰੂ ਕਰ ਦਿੱਤੀ ਗਈ। ਇਸ ਤੋਂ ਬਾਅਦ ਕਾਂਗਰਸ ਪਾਰਟੀ ਵੀ ਪੰਜਾਬ ਅਤੇ ਦੂਜਿਆਂ ਸੂਬਿਆਂ ਵਿਚ ਕਿਸਾਨ ਅੰਦੋਲਨ ਦੀ ਹਮਾਇਤ 'ਤੇ ਆ ਗਈ। ਪੰਜਾਬ ਦੇ ਮੁੱਖ ਮੰਤਰੀ ਵੱਲੋਂ ਇਨਾਂ ਆਰਡੀਨੈਂਸਾਂ ਨੂੰ ਕਿਸਾਨ ਵਿਰੋਧੀ ਅਤੇ ਸੂਬਿਆਂ ਦੇ ਅਧਿਕਾਰਾਂ ਉੱਪਰ ਹਮਲਾ ਕਰਾਰ ਦਿੱਤਾ ਗਿਆ। ਇਸ ਤੋਂ ਬਾਅਦ ਉਨਾਂ ਵੱਲੋਂ ਪਿਛਲੇ ਪੰਜਾਬ ਅਸੈਂਬਲੀ ਸੈਸ਼ਨ ਵਿਚ ਇਨਾਂ ਆਰਡੀਨੈਂਸਾਂ ਖ਼ਿਲਾਫ਼ ਮਤਾ ਵੀ ਪੇਸ਼ ਕੀਤਾ ਗਿਆ। ਇਸ ਮਤੇ ਦਾ ਭਾਜਪਾ ਨੇ ਵਿਰੋਧ ਕੀਤਾ ਅਤੇ ਅਕਾਲੀ ਦਲ ਬਾਦਲ ਅਸੈਂਬਲੀ ਤੋਂ ਬਾਹਰ ਰਹਿ ਕੇ ਇਸ ਮਤੇ ਦਾ ਸਮਰਥਨ ਨਾ ਕਰਨ ਵਿਚ ਕਾਮਯਾਬ ਰਿਹਾ। ਇਸ ਮਤੇ ਨੂੰ ਕਾਂਗਰਸ, ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ਼ ਪਾਰਟੀ ਦੇ ਭਾਰੀ ਸਮਰਥਨ ਨਾਲ ਅਸੈਂਬਲੀ ਵਿਚ ਪਾਸ ਕਰ ਦਿੱਤਾ ਗਿਆ। ਅਕਾਲੀ ਦਲ ਬਾਦਲ ਦਾ ਤਰਕ ਸੀ ਕਿ ਇਨਾਂ ਆਰਡੀਨੈਂਸਾਂ ਵਿਚ ਖੇਤੀ ਜਿਨਸਾਂ ਬਾਰੇ ਐਮ ਐਸ ਪੀ (ਸਮਰਥਨ ਮੁੱਲ) ਹਟਾਉਣ ਬਾਰੇ ਕੋਈ ਜ਼ਿਕਰ ਨਹੀਂ ਹੈ ਇਸ ਕਰਕੇ ਇਹ ਆਰਡੀਨੈਂਸ ਕਿਸਾਨਾਂ ਦੇ ਖ਼ਿਲਾਫ਼ ਨਹੀਂ ਬਲਕਿ ਉਨਾਂ ਦੇ ਹਿਤ ਵਿਚ ਹਨ। ਅਕਾਲੀ ਦਲ ਬਾਦਲ ਦੇ ਪ੍ਰਧਾਨ ਵੱਲੋਂ ਇਸ ਸਬੰਧ ਵਿਚ ਕੇਂਦਰੀ ਖੇਤੀ ਮੰਤਰੀ ਵੱਲੋਂ ਇਕ ਚਿੱਠੀ ਵੀ ਪ੍ਰਾਪਤ ਕੀਤੀ ਗਈ ਕਿ ਐਮ ਐਸ ਪੀ ਕੇਂਦਰ ਵਲੋਂ ਜਾਰੀ ਰਹੇਗੀ। ਜਦੋਂ ਕਿਸਾਨਾਂ ਵੱਲੋਂ ਇਨਾਂ ਆਰਡੀਨੈਂਸਾਂ ਦੇ ਹੱਕ ਵਿਚ ਖੜੀਆਂ ਪਾਰਟੀਆਂ ਦੇ ਲੀਡਰਾਂ ਦੇ ਘਰਾਂ ਸਾਹਮਣੇ ਧਰਨੇ ਦੇਣੇ ਸ਼ੁਰੂ ਕਰ ਦਿੱਤੇ ਗਏ ਤਾਂ ਇਸ ਤੋਂ ਬਾਅਦ ਬਾਦਲ ਦਲ ਦੇ ਲੀਡਰ ਮੁੜ ਵਿਚਾਰ ਕਰਨ ਲੱਗੇ ਅਤੇ ਪਲਟੀ ਮਾਰ ਕੇ ਇਨਾਂ ਆਰਡੀਨੈਂਸਾਂ ਦੇ ਵਿਰੁੱਧ ਖੜੇ ਹੋ ਗਏ। ਭਾਜਪਾ ਵੱਲੋਂ ਵੀ ਉਨਾਂ ਵਾਸਤੇ ਕੋਈ ਰਸਤਾ ਨਾ ਛੱਡਿਆ ਹੋਣ ਕਾਰਨ ਉਨਾਂ ਨੂੰ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫ਼ਾ ਦੇਣਾ ਪਿਆ ਅਤੇ ਹੁਣ ਕੌਮੀ ਲੋਕਤੰਤਰ ਗੱਠਜੋੜ ਵੀ ਛੱਡਣਾ ਪਿਆ। ਇਸ ਕਰਕੇ ਜਦੋਂ ਕੇਂਦਰ ਸਰਕਾਰ ਵੱਲੋਂ ਇਨਾਂ ਆਰਡੀਨੈਂਸਾਂ ਨੂੰ ਪਾਰਲੀਮੈਂਟ ਵਿਚ ਪਾਸ ਕਰਾਉਣ ਵਾਸਤੇ ਪੇਸ਼ ਕੀਤਾ ਗਿਆ ਤਾਂ ਅਕਾਲੀ ਦਲ ਬਾਦਲ ਵੱਲੋਂ ਇਨਾਂ ਦੇ ਖ਼ਿਲਾਫ਼ ਵੋਟ ਪਾਈ ਗਈ। ਕੇਂਦਰ ਦੀ ਭਾਜਪਾ ਸਰਕਾਰ ਨੇ ਕਿਸਾਨਾਂ ਦੇ ਵਿਰੋਧ ਅਤੇ ਵਿਰੋਧੀ ਪਾਰਟੀਆਂ ਦੀ ਖ਼ਿਲਾਫ਼ਤ ਦੇ ਬਾਵਜੂਦ ਇਨਾਂ ਆਰਡੀਨੈਂਸਾਂ ਨੂੰ ਬਿੱਲਾਂ ਵਿਚ ਤਬਦੀਲ ਕਰਕੇ ਸੰਸਦ ਦੇ ਦੋਵਾਂ ਸਦਨਾਂ ਤੋਂ ਪਾਸ ਕਰਵਾ ਲਿਆ ਹੈ। ਹੁਣ ਇਨਾਂ ਬਿੱਲਾਂ ਉੱਪਰ ਰਾਸ਼ਟਰਪਤੀ ਨੇ ਦਸਤਖ਼ਤ ਵੀ ਕਰ ਦਿੱਤੇ ਹਨ ਅਤੇ ਇਹ ਐਕਟ/ਕਾਨੂੰਨ ਬਣ ਗਏ ਹਨ। ਇਹ ਹੁਣ ਸਿਰਫ਼ ਉਪਚਾਰਕਤਾ ਹੀ ਨਹੀਂ ਸਗੋਂ ਅਸਲੀਅਤ ਹੈ ਇਹ ਐਕਟ ਦੇਸ਼ ਵਿਚ ਲਾਗੂ ਹੋ ਗਏ ਹਨ।

**ਭੱਖਦਾ ਮੱਸਲਾ**

ਹੁਣ ਜਦੋਂ ਕੇਂਦਰੀ ਸਰਕਾਰ ਵੱਲੋਂ ਖੇਤੀ ਆਰਡੀਨੈਂਸਾਂ ਨੂੰ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਤੇਜ਼ੀ ਨਾਲ ਪੂਰੀ ਕੀਤੀ ਜਾ ਚੁੱਕੀ ਹੈ ਤਾਂ ਸੂਬੇ ਦੀਆਂ ਸਿਆਸੀ ਪਾਰਟੀਆਂ ਵਾਸਤੇ ਇਹ ਗੰਭੀਰਤਾ ਨਾਲ ਵਿਚਾਰਨ ਦੀ ਜ਼ਰੂਰਤ ਹੈ ਕਿ ਸੂਬੇ ਦੇ ਕਿਸਾਨਾਂ ਅਤੇ ਉਨਾਂ ਦੇ ਹਿਤਾਂ ਨੂੰ ਕਿਵੇਂ ਬਚਾਇਆ ਜਾਵੇ ? ਇਸ ਤੋਂ ਵੀ ਵੱਧ ਇਹ ਵਿਚਾਰਨ ਦੀ ਜ਼ਰੂਰਤ ਹੈ ਕਿ ਸੂਬਿਆਂ ਦੀ ਖ਼ੁਦਮੁਖ਼ਤਿਆਰੀ/ ਫੈਡਰਲ ਢਾਂਚੇ ਨੂੰ ਕਿਵੇਂ ਬਚਾਇਆ ਜਾਵੇ ? ਕੇਂਦਰ ਸਰਕਾਰ ਵੱਲੋਂ ਖੇਤੀ ਜਿਨਸਾਂ ਸਬੰਧੀ ਪ੍ਰਾਈਵੇਟ ਮੰਡੀਆਂ ਸਥਾਪਤ ਕਰਨ ਦਾ ਅਧਿਕਾਰ ਆਪਣੇ ਕੋਲ ਲੈ ਲਿਆ ਹੈ। ਇਨਾਂ ਮੰਡੀਆਂ ਵਿਚ ਖੇਤੀ ਜਿਨਸਾਂ ਦੀ ਖ਼ਰੀਦ/ਵੇਚ ਉੱਪਰ ਟੈਕਸ ਲਾਉਣ ਦਾ ਅਧਿਕਾਰ ਵੀ ਸੂਬਿਆਂ ਤੋਂ ਖੋਹ ਲਿਆ ਗਿਆ ਹੈ। ਇਹੋ ਕੰਮ ਬਿਜਲੀ ਬਿੱਲ ਰਾਹੀਂ ਕੀਤਾ ਜਾ ਰਿਹਾ ਹੈ। ਬਿਜਲੀ ਸਬੰਧੀ ਰੈਗੂਲੇਟਰੀ ਕਮਿਸ਼ਨ ਸਥਾਪਤ ਕਰਨ ਦੀ ਤਾਕਤ ਵੀ ਸੂਬਿਆਂ ਤੋਂ ਖੋਹ ਕੇ ਕੇਂਦਰ ਆਪਣੇ ਹੱਥਾਂ ਵਿਚ ਲੈ ਰਿਹਾ ਹੈ। ਕੇਂਦਰ ਸਰਕਾਰ ਸੂਬਿਆਂ ਦੇ ਜੀ ਐਸ ਟੀ ਦੇ ਘਾਟੇ ਦੀ ਭਰਪਾਈ ਕਰਨ ਤੋਂ ਵੀ ਇਨਕਾਰੀ ਹੁੰਦੀ ਜਾ ਰਹੀ ਹੈ। ਇਸ ਸਬੰਧੀ ਲਾਏ ਗਏ ਸੈਸ (cess) ਨੂੰ ਵੀ ਉਹ ਆਪ ਹੀ ਵਰਤ ਰਹੀ ਹੈ। ਇਸ ਦਾ ਬਿਉਰਾ ਕੈਗ (੩੧) ਵਲੋਂ ਹੁਣੇ ਪਾਰਲੀਮੈਂਟ ਵਿਚ ਪੇਸ਼ ਕੀਤੀ ਆਪਣੀ ਰਿਪੋਰਟ ਵਿਚ ਦਿੱਤਾ ਗਿਆ ਹੈ। ਕੇਂਦਰੀਕਰਨ ਦੀ ਇਸ ਪ੍ਰਕਿਰਿਆ ਨੂੰ ਰੋਕਣ ਵਾਸਤੇ ਸੂਬੇ ਦੀਆਂ ਸਾਰੀਆਂ ਪਾਰਟੀਆਂ ਨੂੰ ਇਕ ਪਾਸੇ ਆਪਸੀ ਇਕਮੁਠਤਾ/ਸਾਂਝ ਬਣਾਉਣ ਦੀ ਲੋੜ ਪਹਿਲਾਂ ਨਾਲੋਂ ਕਿਤੇ ਵੱਧ ਲੋੜੀਂਦੀ ਹੈ। ਇਹ ਮੌਕਾ ਇਕ ਦੂਜੇ ਨੂੰ ਮਿਹਣੇ ਮਾਰਨ ਜਾਂ ਠਿੱਬੀ ਮਾਰਨ ਦਾ ਨਹੀਂ ਬਲਕਿ ਸਾਂਝੀ ਲਹਿਰ ਉਸਾਰਨ ਦਾ ਹੈ। ਦੂਜੇ ਪਾਸੇ ਪੰਜਾਬ ਸੂਬਾ ਜਾਂ ਇਸ ਦੀ ਸਿਆਸਤ ਇਕੱਲਿਆਂ ਇਸ ਨੂੰ ਹੱਲ ਨਹੀਂ ਕਰਾ ਸਕਦੀ। ਇਸ ਲਈ ਦੂਸਰੇ ਸੂਬਿਆਂ ਦੀਆਂ ਖੇਤਰੀ ਪਾਰਟੀਆਂ ਨੂੰ ਨਾਲ ਮਿਲਾ ਕੇ ਵੱਡਾ ਮੁਹਾਜ਼ ਬਣਾਉਣਾ ਪਵੇਗਾ। ਇਹ ਸਮਾਂ ਸਿਆਸੀ ਪਾਰਟੀਆਂ ਦੇ ਇਮਤਿਹਾਨ ਦਾ ਵੀ ਸਮਾਂ ਹੈ। ਕੀ ਸਿਆਸੀ ਪਾਰਟੀਆਂ ਸੌੜੇ ਸਿਆਸੀ ਹਿਤਾਂ ਤੋਂ ਉੱਪਰ ਉੱਠ ਸਕਣਗੀਆਂ ? ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਬੜੀ ਸ਼ਿੱਦਤ ਨਾਲ ਸੂਬੇ ਵਿਚ ਕਿਸਾਨ ਸੰਘਰਸ਼ ਉਸਾਰਨ ਵਿਚ ਲੱਗੀਆਂ ਹੋਈਆਂ ਹਨ। ਉਨਾਂ ਦੀ ਲਾਮਬੰਦੀ ਚਰਮ ਸੀਮਾ ਤੱਕ ਪਹੁੰਚੀ ਹੋਈ ਹੈ। ਪੰਜਾਬ ਦੇ ਹੋਰ ਵਰਗ ਉਨਾਂ ਦਾ ਸਮਰਥਨ ਕਰ ਰਹੇ ਹਨ। ਪਰ ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਕੁਝ ਹੱਦ ਤੱਕ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਨੂੰ ਛੱਡ ਕਿ ਬਾਕੀ ਭਾਰਤ ਦਾ ਕਿਸਾਨ ਅਜੇ ਸੁੱਤਾ ਪਿਆ ਹੈ। ਉਸ ਨੂੰ ਜਗਾਉਣਾ ਪੈਣਾ ਹੈ। ਉਸ ਨੂੰ ਜਗਾਉਣ ਬਗੈਰ ਕੇਂਦਰ ਵਲੋਂ ਇਹ ਐਕਟ ਵਾਪਸ ਕਰਵਾਉਣੇ ਮੁਸ਼ਕਿਲ ਹੋ ਸਕਦੇ ਹਨ। ਇਸ ਕਰਕੇ ਕਿਸਾਨ ਜਥੇਬੰਦੀਆਂ ਨੂੰ ਇਨਾਂ ਐਕਟਾਂ/ਕਾਨੂੰਨਾਂ ਦੇ ਕੇਂਦਰ ਵੱਲੋਂ ਲਾਗੂ ਕੀਤੇ ਜਾਣ ਨਾਲ ਸੂਬੇ ਵਿਚ ਪੈਦਾ ਹੋਈ ਸਥਿਤੀ ਨਾਲ ਨਜਿੱਠਣ ਵਾਸਤੇ ਸੋਚਣ ਦੀ ਸਖ਼ਤ ਜ਼ਰੂਰਤ ਹੈ। ਪ੍ਰਾਈਵੇਟ ਮੰਡੀਆਂ ਬਣਨ ਉਪਰੰਤ ਕੁਝ ਕਿਸਾਨ ਫ਼ੌਰੀ ਵੱਧ ਕੀਮਤ ਮਿਲਣ ਦੀ ਆਸ ਵਿਚ ਆਪਣੀ ਜਿਨਸ ਇਨਾਂ ਮੰਡੀਆਂ ਵਿਚ ਲਿਜਾਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਸ ਸਥਿਤੀ ਨਾਲ ਨਿਪਟਣ ਲਈ ਵੀ ਲਹਿਰ ਨੂੰ ਸੋਚਣਾ ਚਾਹੀਦਾ ਹੈ। ਪਰ ਇਸ ਸਬੰਧ ਵਿਚ ਲੰਮੇ ਸਮੇਂ ਦੀਆਂ ਲੋੜਾਂ ਅਨੁਸਾਰ ਸੋਚਣ ਦੀ ਜ਼ਰੂਰਤ ਇਸ ਸਮੇਂ ਕਾਫ਼ੀ ਲਾਹੇਵੰਦ ਸਾਬਤ ਹੋ ਸਕਦੀ ਹੈ। ਇਸ ਨੂੰ ਸਿੱਝਣ ਵਾਸਤੇ ਕਿਸਾਨਾਂ ਦੇ ਕੋਆਪ੍ਰੇਟਿਵ/ਸਾਂਝੀ ਖੇਤੀ ਅਤੇ ਇਨਾਂ ਰਾਹੀਂ ਮੰਡੀਕਰਨ ਦੇ ਕੰਮ ਨੂੰ ਸੰਭਾਲਿਆ ਜਾ ਸਕਦਾ ਹੈ। ਸਾਂਝੀ ਖੇਤੀ ਬਾਰੇ ਮੋਗਾ ਜ਼ਿਲੇ ਦੇ ਸੁਸਾਇਟੀ ਪਿੰਡ ਦਾ ੫੦-੬੦ ਸਾਲ ਪੁਰਾਣਾ ਤਜਰਬਾ ਵੇਖਿਆ ਜਾ ਸਕਦਾ ਹੈ। ਮੌਜੂਦਾ ਸਮੇਂ ਵਿਚ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਲਾਂਬੜਾ-ਕਾਂਗੜੀ ਵਿਚ ਚੱਲ ਰਹੇ ਕਾਮਯਾਬ ਕੋਆਪਰੇਟਿਵ ਤੋਂ ਵੀ ਸਬਕ ਲਿਆ ਜਾ ਸਕਦਾ ਹੈ। ਇਹ ਤਜਰਬੇ ਕਾਰਪੋਰੇਟ ਮੰਡੀਆਂ ਦੇ ਮੁਕਾਬਲੇ ਵਿਚ ਬਰਾਬਰ ਦੀ ਟੱਕਰ ਦੇ ਸਕਦੇ ਹਨ। ਪੰਜਾਬ ਵਿਚ ਮਿਲਕਫੈੱਡ ਅਤੇ ਗੁਜਰਾਤ ਵਿਚ ਅਮੁਲ ਦੁੱਧ ਦੇ ਖੇਤਰ ਵਿਚ ਵੱਡੇ ਪ੍ਰਾਈਵੇਟ ਅਦਾਰਿਆਂ ਨੂੰ ਬਰਾਬਰ ਦੀ ਟੱਕਰ ਦੀਆਂ ਕਾਮਯਾਬ ਮਿਸਾਲਾਂ ਹਨ। ਜੇਕਰ ਕਿਸਾਨ ਜਥੇਬੰਦੀਆਂ ਇਸ ਤਰਾਂ ਦੇ ਫ਼ੈਸਲੇ ਉੱਪਰ ਸਹਿਮਤ ਹੋ ਜਾਂਦੀਆਂ ਹਨ ਇਨਾਂ ਦੀ ਹਮਾਇਤ/ਮਦਦ ਪੰਜਾਬ ਸਰਕਾਰ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਕਿਸਾਨੀ ਅਤੇ ਪੇਂਡੂ ਮਜ਼ਦੂਰਾਂ ਦੀਆਂ ਸਮੱਸਿਆਵਾਂ ਦੇ ਹੱਲ ਵਾਸਤੇ ਕਿਸਾਨ ਲਹਿਰ ਨੂੰ ਨਵੀਆਂ ਸੰਸਥਾਵਾਂ ਅਤੇ ਢੰਗ ਤਰੀਕੇ ਸਥਾਪਤ ਕਰਨੇ ਪੈਣਗੇ। ਆਪਣੇ ਨਾਲ ਖੇਤ ਮਜ਼ਦੂਰਾਂ ਅਤੇ ਪੇਂਡੂ ਦਲਿਤਾਂ ਨੂੰ ਵੀ ਇਸ ਤਬਦੀਲੀ ਵਿਚ ਸ਼ਾਮਿਲ ਕਰਨਾ ਹੋਵੇਗਾ ਨਵੀਆਂ ਸੰਸਥਾਵਾਂ ਵਿਚ ਕੋਆਪ੍ਰੇਟਿਵ, ਸਵੈ ਮਦਦ ਗਰੁੱਪ, ਫਾਰਮਰਜ਼ ਪ੍ਰੋਡਿਊਸਰ ਸੰਸਥਾਵਾਂ ਗਰੁੱਪ ਖੇਤੀ ਆਦਿ ਹੋ ਸਕਦੇ ਹਨ। ਇਨਾਂ ਸੰਸਥਾਵਾਂ ਨੂੰ ਖੇਤੀ ਜਿਨਸਾਂ ਨੂੰ ਪੈਦਾ ਕਰਨ ਤੋਂ ਇਲਾਵਾ ਇਨਾਂ ਦੇ ਮੰਡੀਕਰਨ, ਜਿਨਸਾਂ ਦੇ ਭੰਡਾਰਨ ਅਤੇ ਪ੍ਰੋਸੈਸਿੰਗ ਦਾ ਕੰਮ ਸੰਭਾਲਣਾ ਹੋਵੇਗਾ। ਪੇਂਡੂ ਸਿਹਤ ਸੇਵਾਵਾਂ ਅਤੇ ਪੇਂਡੂ ਸਿੱਖਿਆ ਨੂੰ ਮਜ਼ਬੂਤ ਕਰਨਾ ਆਦਿ ਮੁੱਦੇ ਆਪਣੇ ਏਜੰਡੇ ਵਿਚ ਪਹਿਲ ਦੇ ਆਧਾਰ 'ਤੇ ਸ਼ਾਮਿਲ ਕਰਨੇ ਹੋਣਗੇ। ਇਸ ਨਾਲ ਪਿੰਡਾਂ ਦੇ ਲੋਕਾਂ ਦਾ ਖ਼ਰਚਾ ਘਟੇਗਾ ਅਤੇ ਲੋਕਾਂ ਦੀ ਆਮਦਨ ਵਧੇਗੀ। ਪਿੰਡਾਂ ਵਿਚ ਕਾਫ਼ੀ ਰੁਜ਼ਗਾਰ ਵਧੇਗਾ, ਆਪਸੀ ਭਾਈਚਾਰਾ ਵਧੇਗਾ ਅਤੇ ਪੇਂਡੂ ਆਤਮ ਹੱਤਿਆਵਾਂ ਨੂੰ ਠੱਲ ਪਵੇਗੀ। ਇਸ ਨਾਲ ਮੌਜੂਦਾ ਕਾਰਪੋਰੇਟ ਵਿਕਾਸ ਮਾਡਲ ਦਾ ਬਦਲ ਪੈਦਾ ਹੋਵੇਗਾ। ਸਿਆਸੀ ਪਾਰਟੀਆਂ ਵੱਲੋਂ ਉੱਭਰੀ ਹੋਈ ਕਿਸਾਨੀ ਲਹਿਰ ਦੀ ਮਦਦ ਕਰਨੀ ਉਨਾਂ ਦੇ ਆਪਣੇ ਹਿਤ ਵਿਚ ਵੀ ਹੈ। ਇਸ ਕਰਕੇ ਕਿਸਾਨ ਲਹਿਰ ਦੇ ਆਗੂਆਂ ਨਾਲ ਸਿਆਸੀ ਲੀਡਰਾਂ ਨੂੰ ਗੱਲਬਾਤ ਕਰਨੀ ਚਾਹੀਦੀ ਹੈ। ਸੂਬੇ ਦੇ ਕਿਸਾਨ ਅਤੇ ਮਜ਼ਦੂਰ ਉਨਾਂ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਆਧਾਰ ਮੁਹੱਈਆ ਕਰਾ ਸਕਦੇ ਹਨ।

# ਕਿਸਾਨੀ ਸੰਘਰਸ਼ ਨੂੰ ਉਤਸ਼ਾਹਿਤ ਕਰਨ ਵਾਲੇ ਕਲਾਕਾਰਾਂ ਨੂੰ ਘੇਰਨ ਲਈ ਸਰਕਾਰੀ ਪੈਂਤੜੇਬਾਜ਼ੀ ਦੀਆਂ ਕਨਸੋਆਂ

- ਸੁਖਵਿੰਦਰ ਸਿੰਘ

ਭਾਰਤ ਸਰਕਾਰ ਵੱਲੋਂ ਕਿਸਾਨ ਵਿਰੋਧੀ ਅਤੇ ਪੰਜਾਬ ਮਾਰੂ ਕਾਨੂੰਨਾਂ ਖਿਲਾਫ ਉੱਠੀ ਲੋਕ ਲਹਿਰ ਵਿਚ ਪੰਜਾਬ ਦੇ ਕਲਾਕਾਰਾਂ ਦਾ ਯੋਗਦਾਨ ਇਤਿਹਾਸਕ ਲੀਹਾਂ ਪਾਉਂਦਾ ਨਜ਼ਰ ਆ ਰਿਹਾ ਹੈ। ਕਿਸਾਨੀ ਦੇ ਹੱਕ ਵਿਚ ਪੰਜਾਬ ਦੀਆਂ ਸੜਕਾਂ ਅਤੇ ਰੇਲ ਮਾਰਗਾਂ ‘ਤੇ ਲਗ ਰਹੇ ਧਰਨਿਆਂ ਵਿਚ ਇਕ ਹੋਰ ਗੱਲ ਅਹਿਮ ਦੇਖਣ ਨੂੰ ਮਿਲ ਰਹੀ ਹੈ ਕਿ ਪੰਜਾਬ ਦਾ ਰੋਹ ਪਾਰਟੀਆਂ ਤੋਂ ਉੱਤੇ ਉੱਠ ਕੇ ਦਿੱਲੀ ਦੀ ਹਕੂਮਤ ਖਿਲਾਫ ਸੇਧਤ ਹੈ। ਪਿਛਲੇ 20 ਕੁ ਦਿਨਾਂ ਵਿਚ ਪੰਜਾਬ ਦੇ ਕਈ ਨਾਮੀਂ ਕਲਾਕਾਰਾਂ ਨੇ ਕਿਸਾਨੀ ਸੰਘਰਸ਼ ਨੂੰ ਉਤਸ਼ਾਹਿਤ ਕਰਨ ਲਈ ਕਈ ਗੀਤ ਰਿਕਾਰਡ ਕੀਤੇ। ਇਹਨਾਂ ਗੀਤਾਂ ਵਿਚ ਵੀ ਪੰਜਾਬ ਦੀਆਂ ਸਭ ਤਰਾਸਦੀਆਂ ਲਈ ਦਿੱਲੀ ਬੈਠੀ ਭਾਰਤੀ ਹਕੂਮਤ ਨੂੰ ਨਿਸ਼ਾਨੇ ‘ਤੇ ਲਿਆ ਗਿਆ। ਪਿਛਲੇ ਸਾਲਾਂ ਵਿਚ ਆਪਣੇ ਗੀਤਾਂ ਰਾਹੀਂ ਪ੍ਰਭਾਵਤ ਕੀਤੀ ਨੌਜਵਾਨੀ ਨੂੰ ਇਹ ਕਲਾਕਾਰ ਆਪਣੇ ਨਾਲ ਯੂਟਿਊਬ, ਫੇਸਬੁੱਕ ਤੋਂ ਚੁੱਕ ਕੇ ਧਰਨਿਆਂ ਵਿਚ ਲੈ ਆਏ ਹਨ। ਇਹ ਵਰਤਾਰਾ ਪੰਜਾਬ ਵਿਰੋਧੀ ਭਾਰਤੀ ਹਕੂਮਤ ਲਈ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ। ਇਸ ਚੁਣੌਤੀ ਨੂੰ ਤਾਰਪੀਡੋ ਕਰਨ ਲਈ ਹਕੂਮਤ ਦੇ ਦਿਮਾਗਾਂ ਨੇ ਵੀ ਚਾਰਾਜ਼ੋਈ ਸ਼ੁਰੂ ਕਰ ਦਿੱਤੀ ਹੋਵੇਗੀ।

ਸੂਤਰਾਂ ਦੇ ਹਵਾਲੇ ਤੋਂ ਖਬਰ ਮਿਲੀ ਹੈ ਕਿ ਭਾਰਤ ਸਰਕਾਰ ਦੀਆਂ ਖੂਫੀਆ ਅਜੈਂਸੀਆਂ ਨੇ ਕਿਸਾਨ ਸੰਘਰਸ਼ ਨਾਲੋਂ ਕਲਾਕਾਰਾਂ ਨੂੰ ਤੋੜਨ ਲਈ ਯਤਨ ਅਰੰਭ ਦਿੱਤੇ ਹਨ। ਇਸ ਲਈ ਕਲਾਕਾਰਾਂ ਦੇ ਸਕੈਂਡਲ ਲੋਕਾਂ ਵਿਚ ਜਨਤਕ ਕਰਕੇ ਡਰਾਉਣ ਦੀ ਕੋਸ਼ਿਸ਼ ਹੋ ਸਕਦੀ ਹੈ ਅਤੇ ਇਸ ਤਰਾਂ ਲੋਕਾਂ ਵਿਚ ਸੰਘਰਸ਼ ਨਾਲ ਜੁੜੇ ਕਲਾਕਾਰਾਂ ਪ੍ਰਤੀ ਨਕਾਰਾਤਮਕਤਾ ਵਧਾਈ ਜਾ ਸਕਦੀ ਹੈ। ਕਲਾਕਾਰਾਂ ਨੂੰ ਕਾਰੋਬਾਰੀ ਘਾਟਿਆਂ ਦਾ ਡਰ ਦੇ ਕੇ ਵੀ ਇਸ ਸੰਘਰਸ਼ ਤੋਂ ਦੂਰ ਕਰਨ ਦੀ ਕੋਸ਼ਿਸ਼ ਹੋ ਸਕਦੀ ਹੈ। ਦੱਸ ਦਈਏ ਕਿ ਸੰਘਰਸ਼ ਨਾਲ ਜੁੜੇ ਕਲਾਕਾਰਾਂ ਵਿਚੋਂ ਮੋਹਰਲੀ ਕਤਾਰ ‘ਚ ਨਜ਼ਰ ਆ ਰਹੇ ਦੀਪ ਸਿੱਧੂ ਨੇ 4 ਅਕਤੂਬਰ ਤੋਂ ਸ਼ੰਭੂ ਬਾਰਡਰ ਵਿਖੇ ਕਿਸਾਨ ਵਿਰੋਧੀ ਕਾਨੂੰਨਾਂ ਖਿਲਾਫ ਪੱਕਾ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ ਹੈ। ਜੇ ਸੋਸ਼ਲ ਮੀਡੀਆ ‘ਤੇ ਫੈਲੇ ਇਸ ਸੁਨੇਹੇ ਨੂੰ ਦੇਖੀਏ ਤਾਂ ਸ਼ੰਭੂ ਬਾਰਡਰ ‘ਤੇ ਵੱਡਾ ਇਕੱਠ ਹੋਣ ਦੀ ਸੰਭਾਵਨਾ ਹੈ। 25 ਸਤੰਬਰ ਦੇ ਬੰਦ ਦੌਰਾਨ ਵਿਚ ਸ਼ੰਭੂ ਬਾਰਡਰ ‘ਤੇ ਕਲਾਕਾਰਾਂ ਵੱਲੋਂ ਲਾਏ ਧਰਨੇ ਵਿਚ ਸਭ ਤੋਂ ਪ੍ਰਭਾਵਸ਼ਾਲੀ ਇਕੱਠ ਹੋਇਆ ਸੀ। ਕਲਾਕਾਰਾਂ ਵੱਲੋਂ ਮਾਝੇ ਦੇ ਸ਼ਹਿਰ ਬਟਾਲਾ ਵਿਚ ਇਕ ਸਾਂਝਾ ਇਕੱਠ ਕੀਤਾ ਗਿਆ ਸੀ ਜਿਸ ਵਿਚ ਹਜ਼ਾਰਾਂ ਦੀ ਗਿਣਤੀ ‘ਚ ਲੋਕ ਸ਼ਾਮਲ ਹੋਏ। ਇਹਨਾਂ ਇਕੱਠਾਂ ਵਿਚ ਵੱਡੀ ਗਿਣਤੀ ਨੌਜਵਾਨ ਸ਼ਾਮਲ ਹੋ ਰਹੇ ਹਨ। ਨੌਜਵਾਨਾਂ ਦਾ ਕਿਸਾਨੀ ਸੰਘਰਸ਼ ਨਾਲ ਜੁੜਨਾ ਸਰਕਾਰ ਲਈ ਚੁਣੌਤੀ ਬਣਦਾ ਜਾ ਰਿਹਾ ਹੈ। ਦਿੱਲੀ ਦੀ ਹਕੂਮਤ ਲਈ ਸਭ ਤੋਂ ਵੱਡੀ ਸਿਰਦਰਦੀ ਇਸ ਗੱਲ ਦੀ ਬਣੀ ਹੋਈ ਹੈ ਕਿ ਇਹ ਸੰਘਰਸ਼ ਉਸ ਦੇ ਪ੍ਰਭਾਵ ਵਾਲੀਆਂ ਸਿਆਸੀ ਧਿਰਾਂ ਦੇ ਕਲਾਵੇ ਤੋਂ ਬਾਹਰ ਨਿਕਲ ਗਿਆ ਹੈ। ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਪ੍ਰਤੀ ਲੋਕਾਂ ਵਿਚ ਬਣੀ ਵੱਡੀ ਬੇਭਰੋਸਗੀ ਕਾਰਨ ਇਸ ਸੰਘਰਸ਼ ਵਿਚੋਂ ਕੋਈ ਨਵੀਂ ਸਿਆਸੀ ਚੇਤਨਾ ਨਿਕਲਣ ਦੀਆਂ ਵੀ ਕਿਆਸਅਰਾਈਆਂ ਹਨ। ਕਿਸਾਨ ਧਰਨਿਆਂ ਵਿਚ ਹੁਣ ਇਹ ਗੱਲ ਆਮ ਹੋਣ ਲੱਗੀ ਹੈ ਕਿ ਪੰਜਾਬ ਦੀ ਖ਼ੁਦਮੁਖਤਿਆਰੀ ਤੋਂ ਬਿਨਾਂ ਨਾ ਪੰਜਾਬ ਦੀ ਕਿਸਾਨੀ ਬਚ ਸਕਦੀ ਹੈ ਅਤੇ ਨਾ ਹੀ ਪੰਜਾਬ ਬਚ ਸਕਦਾ ਹੈ।

ਬੀਤੇ ਦਿਨੀਂ ਵੱਖ-ਵੱਖ ਖੇਤਰਾਂ ਦੇ ਸੁਹਿਰਦ ਸਿੱਖ ਅਤੇ ਪੰਜਾਬੀ ਨੌਜਵਾਨਾਂ ਨੇ ਕਿਸਾਨੀ ਸੰਘਰਸ਼ ਦੇ ਨਿਸ਼ਾਨਿਆਂ ਬਾਰੇ ਇਕ ਸਾਂਝਾ ਬਿਆਨ ਜਾਰੀ ਕੀਤਾ। ਇਸ ਬਿਆਨ ਵਿਚ ਕਿਹਾ ਗਿਆ ਕਿ ਕਿਸਾਨੀ ਫਸਲਾਂ ਦੇ ਭਾਅ ਤੈਅ ਕਰਨ ਦਾ ਹੱਕ, ਫਸਲਾਂ ਦੇ ਮੰਡੀਕਰਣ ਤੇ ਕੌਮਾਂਤਰੀ ਵਪਾਰ ਦਾ ਹੱਕ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਤੇ ਹੋਰ ਕੁਦਰਤੀ ਸਾਧਨਾਂ ‘ਤੇ ਪੰਜਾਬ ਦਾ ਹੱਕ ਹਾਸਲ ਕਰਨਾ ਕਿਸਾਨੀ ਸੰਘਰਸ਼ ਦਾ ਮੁੱਖ ਨਿਸ਼ਾਨਾ ਹੋਣਾ ਚਾਹੀਦਾ ਹੈ। ਇਹ ਹੱਕ ਹਾਸਲ ਕੀਤਿਆਂ ਹੀ ਪੰਜਾਬ ਦੀ ਕਿਸਾਨੀ ਬਚਾਈ ਜਾ ਸਕਦੀ ਹੈ।

# ਅਮਰੀਕੀ ਰਾਸ਼ਟਰਪਤੀ ਦੀ ਪਹਿਲੀ ਡੀਬੇਟ ਕੌਣ ਜਿੱਤਿਆ ਤੇ ਕੌਣ ਹਾਰਿਆ..?

**ਫਰਿਜ਼ਨੋ, (ਨੀਟਾ ਮਾਛੀਕੇ/ਕੁਲਵੰਤ ਧਾਲੀਆਂ)**: ਅਮਰੀਕੀ ਰਾਸ਼ਟਰਪਤੀ ਚੋਣਾਂ ੩ ਨਵੰਬਰ ਨੂੰ ਹੋਣ ਜਾ ਰਹੀਆਂ ਹਨ। ਅਮਰੀਕਾ ਵਿਚ ਹਰੇਕ ਚਾਰ ਸਾਲ ਬਾਅਦ ਰਾਸ਼ਟਰਪਤੀ ਦੀ ਚੋਣ ਹੁੰਦੀ ਹੈ। ਅਮਰੀਕੀ ਸਿਆਸਤ ਵਿੱਚ ਰਵਾਇਤ ਹੈ ਕਿ ਰਾਸ਼ਟਰਪਤੀ ਚੋਣਾ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਦੀ ਚੋਣ ਲੜ ਰਹੇ ਦੋ ਮੁੱਖ ਉਮੀਦਵਾਰ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਵਿਚਾਲੇ ਤਿੰਨ ਜਨਤਕ ਬਹਿਸਾਂ ਹੁੰਦੀਆਂ ਹਨ ਅਤੇ ਇਹ ਬਹਿਸਾਂ ਵੇਖਣ ਤੋਂ ਬਾਅਦ ਅਮਰੀਕੀ ਲੋਕ ਤਹਿ ਕਰਦੇ ਨੇ ਕਿ ਵੋਟ ਕਿਸ ਉਮੀਦਵਾਰ ਨੂੰ ਪਾਉਣੀ ਹੈ। ਇਸੇ ਕੜੀ ਤਹਿਤ ਇਸ ਵਾਰ ਦੀਆਂ ਚੋਣਾਂ ਤੋਂ ਪਹਿਲਾਂ ਵੀ ਡੋਨਾਲਡ ਟਰੰਪ (ਰਿਪਬਲਿਕਨ) ਅਤੇ ਜੋ ਬਿਡੇਨ (ਡੈਮੋਕ੍ਰੇਟਿਕ) ਵਿਚਾਲੇ ਤਿੰਨ ਵਾਰ ਆਹਮੋ-ਸਾਹਮਣੇ ਦੀ ਬਹਿਸ ਹੋਵੇਗੀ। ਇਨਾਂ ਉਮੀਦਵਾਰਾਂ ਵਿਚਕਾਰ ਪਹਿਲੀ ਬਹਿਸ ਕੱਲ ਰਾਤੀਂ ਜਾਣੀ ਮੰਗਲਵਾਰ ਰਾਤੀਂ ਹੋਈ, ਉੱਥੇ ਦੂਜੀ ਬਹਿਸ ੧੫ ਅਕਤੂਬਰ ਅਤੇ ਤੀਜੀ ੨੨ ਅਕਤੂਬਰ ਨੂੰ ਹੋਵੇਗੀ। ਚੋਣਾਂ ਵਿਚ ਜਨਮਤ ਤੈਅ ਕਰਨ ਵਿਚ ਵੀ ਇਸ ਬਹਿਸ ਦੀ ਅਹਿਮ ਭੂਮਿਕਾ ਹੋਵੇਗੀ। ਚੋਣਾਂ ਤੋਂ ਪਹਿਲਾਂ ਮੰਗਲਵਾਰ ਦੇਰ ਸ਼ਾਮ ਨੂੰ ਹੋਈ ਪਹਿਲੀ ਰਾਸ਼ਟਰਪਤੀ ਬਹਿਸ ਦੇ ਬਾਅਦ ਹੋਏ ਤੁਰੰਤ ਸਰਵੇਖਣ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਪਿਛੜਦੇ ਨਜ਼ਰ ਆ ਰਹੇ ਹਨ। ਸੀ.ਬੀ. ਐੱਸ. ਨਿਊਜ਼ ਦੇ ਸਰਵੇਖਣ ਵਿਚ ੪੯ ਫ਼ੀਸਦੀ ਲੋਕਾਂ ਨੇ ਕਿਹਾ ਕਿ ਬਿਡੇਨ ਨੇ ਬਹਿਸ ਵਿਚ ਜਿੱਤ ਪ੍ਰਾਪਤ ਕੀਤੀ, ਉੱਥੇ ੪੧ ਫ਼ੀਸਦੀ ਲੋਕਾਂ ਨੇ ਕਿਹਾ ਕਿ ਟਰੰਪ ਬਹਿਸ ਵਿਚ ਅੱਗੇ ਰਹੇ। ਇਸ ਸਰਵੇਖਣ ਵਿਚ ਬਹਿਸ ਦੇਖਣ ਵਾਲੇ ੧੦ ਵਿਚੋਂ ੮ ਲੋਕਾਂ ਨੇ ਕਿਹਾ ਕਿ ਪੂਰੀ ਬਹਿਸ ਨੈਗੇਟਿਵ ਸੀ। ਰਾਸ਼ਟਰਪਤੀ ਬਹਿਸ ਦੇਖਣ ਦੇ ਬਾਅਦ ਚੰਗਾ ਜਾਂ ਖ਼ਰਾਬ ਮਹਿਸੂਸ ਕਰਨ ਦੇ ਸਵਾਲ ‘ਤੇ ੬੯ ਫ਼ੀਸਦੀ ਲੋਕਾਂ ਨੇ ਇਸ ਸਬੰਧੀ ਨਾਰਾਜ਼ਗੀ ਜ਼ਾਹਿਰ ਕੀਤੀ। ਦਰਸ਼ਕਾਂ ਦੀ ਇਹ ਪ੍ਰਤੀਕਿਰਿਆ ਅਜਿਹੇ ਸਮੇਂ ਵਿਚ ਸਾਹਮਣੇ ਆਈ ਹੈ ਜਦੋਂ ਦੋਹਾਂ ਨੇਤਾਵਾਂ ਵਿਚ ਬਹਿਸ ਦੇ ਦੌਰਾਨ ਤਣਾਅ ਸਾਫ਼ ਨਜ਼ਰ ਆਇਆ। ਬਹਿਸ ਦੇ ਦੌਰਾਨ ਦੋਵੇਂ ਨੇਤਾ ਇਕ-ਦੂਜੇ ਦੀ ਗੱਲ ਅੱਧ ਵਿਚਾਲੇ ਕੱਟ ਕੇ ਆਪਣੀ ਗੱਲ ਕਰਦੇ ਨਜ਼ਰ ਆਏ। ਇਕ ਸਮੇਂ ਸਥਿਤੀ ਅਜਿਹੀ ਆ ਗਈ ਜਦੋਂ ਬਿਡੇਨ ਭੜਕ ਗਏ ਅਤੇ ਉਹਨਾਂ ਨੇ ਕਿਹਾ, ‘ਕੀ ਤੁਸੀਂ ਚੁੱਪ ਰਹੋਗੇ।‘

ਬਿਡੇਨ ਨੇ ਕਿਹਾ ਕਿ ਹੁਣ ਤੱਕ ਟਰੰਪ ਇੱਥੇ ਜੋ ਕੁਝ ਵੀ ਕਹਿ ਰਹੇ ਹਨ ਉਹ ਸਭ ਸਫੇਦ ਝੂਠ ਹੈ। ਮੈਂ ਇੱਥੇ ਇਹਨਾਂ ਦੇ ਝੂਠ ਦੱਸਣ ਲਈ ਨਹੀਂ ਆਇਆ ਹਾਂ।ਸਾਰੇ ਜਾਣਦੇ ਹਨ ਕਿ ਟਰੰਪ ਇਕ ਝੂਠੇ ਹਨ। ਬਿਡੇਨ ਅਤੇ ਟਰੰਪ ਦੋਹਾਂ ਨੇ ਇਕ-ਦੂਜੇ ਦੇ ਪਰਿਵਾਰ ‘ਤੇ ਨਿਸ਼ਾਨਾ ਵਿੰਨਿਆ। ਬਿਡੇਨ ਨੇ ਕੋਰੋਨਾ ਵਾਇਰਸ ਨੂੰ ਲੈ ਕੇ ਵੀ ਬਹਿਸ ਦੇ ਦੌਰਾਨ ਟਰੰਪ ‘ਤੇ ਜੰਮ ਕੇ ਹਮਲਾ ਬੋਲਿਆ। ਬਿਡੇਨ ਨੇ ਕਿਹਾ ਕਿ ਇਹ ਟਰੰਪ ਉਹੀ ਵਿਅਕਤੀ ਹਨ ਜੋ ਇਹ ਦਾਅਵਾ ਕਰ ਰਹੇ ਸਨ ਕਿ ਈਸਟਰ ਤੱਕ ਕੋਰੋਨਾ ਵਾਇਰਸ ਖ਼ਤਮ ਹੋ ਜਾਵੇਗਾ। ਉਨਾਂ ਨੇ ਕਿਹਾ ਕਿ ਕੋਰੋਨਾ ਵਾਇਰਸ ਨਾਲ ਵੱਡੀ ਗਿਣਤੀ ਵਿਚ ਲੋਕ ਮਾਰੇ ਗਏ ਅਤੇ ਜੇਕਰ ਸਮਾਰਟ ਅਤੇ ਤੇਜ਼ੀ ਨਾਲ ਕਦਮ ਨਾ ਚੁੱਕੇ ਗਏ ਤਾਂ ਹੋਰ ਲੋਕ ਵੀ ਮਰਨਗੇ। ਡੈਮੋਕ੍ਰੇਟ ਨੇਤਾ ਨੇ ਟਰੰਪ ਨੂੰ ਕਿਹਾ ਕਿ ਤੁਸੀਂ ਹੁਣ ਤੱਕ ਦੇ ਸਭ ਤੋਂ ਖ਼ਰਾਬ ਰਾਸ਼ਟਰਪਤੀ ਹੋ।

ਇਸ ਦੋਸ਼ ‘ਤੇ ਟਰੰਪ ਨੇ ਪਲਟਵਾਰ ਕੀਤਾ। ਟਰੰਪ ਨੇ ਬਿਡੇਨ ਨੂੰ ਕਿਹਾ ਕਿ ਤੁਸੀਂ ਨਹੀਂ ਚਾਹੁੰਦੇ ਸੀ ਕਿ ਕੋਰੋਨਾ ਨੂੰ ਦੇਖਦੇ ਹੋਏ ਚੀਨ ਦੇ ਲਈ ਸਾਨੂੰ ਆਪਣੇ ਦਰਵਾਜ਼ੇ ਬੰਦ ਕਰ ਦੇਣੇ ਚਾਹੀਦੇ ਹਨ ਕਿਉਂਕਿ ਤੁਸੀਂ ਸਮਝਦੇ ਸੀ ਕਿ ਇਹ ਭਿਆਨਕ ਹੈ। ਮਾਸਕ ਨਾ ਪਾਉਣ ਦੇ ਸਵਾਲ ‘ਤੇ ਟਰੰਪ ਨੇ ਕਿਹਾ ਕਿ ਜਦੋਂ ਮੈਨੂੰ ਲੋੜਸਮਝ ਵਿਚ ਆਉਂਦੀ ਹੈ ਤਾਂ ਮੈਂ ਮਾਸਕ ਪਾਉਂਦਾ ਹਾਂ। ਮੈਂ ਬਿਡੇਨ ਦੀ ਤਰਾਂ ਮਾਸਕ ਨਹੀਂ ਪਾਉਂਦਾ। ਟਰੰਪ ਨੇ ਕਿਹਾ ਕਿ ਜੇਕਰ ਬਿਡੇਨ ਰਾਸ਼ਟਰਪਤੀ ਹੁੰਦੇ ਤਾਂ ਅਮਰੀਕਾ ਵਿਚ ਕੋਵਿਡ ੧੯ ਨਾਲ ਘੱਟੋ-ਘੱਟ ੨੦ ਲੱਖ ਲੋਕ ਮਾਰੇ ਗਏ ਹੁੰਦੇ। ।ਇਸ ਪਹਿਲੀ ਬਹਿਸ ਦਾ ਸੰਚਾਲਨ ਫਾਕਸ ਨਿਊਜ਼’ ਦੇ ਮਸ਼ਹੂਰ ਐਂਕਰ ਕਿਸਵਾਲਾਸ ਨੇ ਕੀਤਾ, ਉਹਨਾਂ ਵੱਲੋਂ ਵਾਰ ਵਾਰ ਟਰੰਪ ਨੂੰ ਚੁੱਪ ਕਰਵਾਉਣ ਲਈ ਬੇਨਤੀਆਂ ਕੀਤੀਆਂ ਗਈਆਂ ਪਰ ਬੇਲਗਾਮ ਹੋਏ ਦੋਵੇਂ ਉਮੀਦਵਾਰ ਇਸ ਤਰਾ ਪੇਸ਼ ਆ ਰਹੇ ਸਨ ਜਿਵੇਂ ਇਹ ਰਾਸ਼ਟਰਪਤੀ ਦੀ ਬਹਿਸ ਨਾਂ ਹੋ ਕੇ ਦੋ ਬੱਚੇ ਚਿੱਕੜ ਵਿੱਚ ਲੜ ਰਹੇ ਹੋਣ। ਅਗਲੀ ਬਹਿਸ ਦਾ ਸੰਚਾਲਨ ‘ਸੀ-ਸਪੈਨ ਨੈੱਟ ਵਰਕਰਸ’ ਦੇ ਸਟੀਵ ਸਕਲੀ ੧੫ ਅਕਤੂਬਰ ਨੂੰ ਮਿਆਮੀ (ਫਲੋਰਿਡਾ) ‘ਚ ਕਰਨਗੇ ਅਤੇ ਤੀਸਰੀ ਅਤੇ ਆਖਰੀ ਬਹਿਸ ਦਾ ਸੰਚਾਲਨ ‘ਐੱਨ. ਬੀ. ਸੀ. ਨਿਊਜ਼’ ਦੀ ਕ੍ਰਿਸਟਨ ਵੇਲਕਰ ੨੦ ਅਕਤੂਬਰ ਨੂੰ ਨੈਸ਼ਵਿਲੇ (ਟੇਨੇਸੀ) ‘ਚ ਕਰੇਗੀ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# ਰਾਸ਼ਟਰਪਤੀ ਟਰੰਪ ਨੇ ਅਮਰੀਕਾ 'ਚ ਇਕ ਸਿੱਖ ਬੀਬੀ ਸਣੇ ਚਾਰ ਸਿੱਖਾਂ ਨੂੰ ਚੋਣ ਸਲਾਹਕਾਰ ਨਿਯੁਕਤ ਕੀਤਾ






**ਵਾਸ਼ਿੰਗਟਨ (ਰਾਜ ਗੋਗਨਾ):** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਸ਼ੁੱਕਰਵਾਰ ਨੂੰ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਹਸਪਤਾਲ ਜਾਣ ਤੋਂ ਪਹਿਲਾਂ ਆਪਣੀ ਚੋਣ ਮੁਹਿੰਮ ਲਈ ਚਾਰ ਸਿੱਖ ਸਲਾਹਕਾਰਾਂ ਦੀ ਅਮਰੀਕਾ 'ਚ ਨਿਯੁਕਤੀ ਕੀਤੀ ਹੈ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਟਰੰਪ ਪਹਿਲਾਂ ਸਿੱਖਸ ਫ਼ਾਰ ਟਰੰਪ ਨੂੰ ਰਸਮੀ ਤੌਰ ਤੇ ਆਪਣੀ ਚੋਣ ਦਾ ਹਿੱਸਾ ਬਣਾ ਚੁੱਕੇ ਹਨ ਅਤੇ ਇਨਾਂ ਚਾਰ ਸਿੱਖਾਂ 'ਚ ਬੀਬਾ ਹਰਮੀਤ ਕੌਰ ਢਿੱਲੋਂ, ਜਸਦੀਪ ਸਿੰਘ ਜੱਸੀ, ਬਲਜਿੰਦਰ ਸਿੰਘ ਸੰਮੀ, ਕਮਲਜੀਤ ਸਿੰਘ ਰੇਖੀ ਦੇ ਨਾਂ ਸ਼ਾਮਲ ਹਨ। ਅਮਰੀਕਾ ਦੇ ਇਤਿਹਾਸ 'ਚ ਸ਼ਾਇਦ ਇਹ ਪਹਿਲੀ ਵਾਰ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਮੁਹਿੰਮ ਵਿੱਚ ਚਾਰ ਸਿੱਖਾਂ ਨੂੰ ਕੋ-ਚੇਅਰਮੈਨ ਨਿਯੁਕਤ ਕੀਤਾ ਹੋਵੇ ਅਤੇ ਇਸ ਤੋਂ ਪਹਿਲਾਂ ਸਿੱਖਸ ਫਾਰ ਟਰੰਪ ਰਾਸ਼ਟਰਪਤੀ ਟਰੰਪ ਦੀ ਸੰਨ ੨੦੧੬ ਦੀਆਂ ਚੋਣਾਂ ਵਿੱਚ ਹੋਂਦ 'ਚ ਆਈ ਸੀ ਜੋ ਟਰੰਪ ਦੀ ਚੋਣਾਂ 'ਚ ਮਦਦ ਲਈ ਉੱਘੇ ਸਿੱਖ ਕਾਰੋਬਾਰੀ ਸ: ਜਸਦੀਪ ਸਿੰਘ ਜੱਸੀ ਵੱਲੋਂ ਸਥਾਪਤ ਕੀਤੀ ਗਈ ਸੀ ਅਤੇ ਪਿਛਲੇ ਚਾਰ ਸਾਲਾ ਦੌਰਾਨ ਸਿੱਖਸ ਫਾਰ ਟਰੰਪ ਸਿੱਖਾਂ ਦੀ ਪਹਿਚਾਣ ਅਤੇ ਸਿੱਖਾਂ ਨੂੰ ਅਮਰੀਕਾ 'ਚ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਢੁਕਵੇਂ ਹੱਲ ਲਈ ਲਗਾਤਾਰ ਟਰੰਪ ਪ੍ਰਸ਼ਾਸਨ ਦੇ ਸੰਪਰਕ ਵਿੱਚ ਰਹੀ। ਸਿੱਖਸ ਫਾਰ ਟਰੰਪ ਦੀ ਸਮੁੱਚੀ ਕਾਰਗੁਜ਼ਾਰੀ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਰਾਸ਼ਟਰਪਤੀ ਟਰੰਪ ਦੀ ਚੋਣ ਮੁਹਿੰਮ ਦੀ ਵੈੱਬਸਾਈਟ ਤੇ ਸਿੱਖਾਂ ਦੀਆਂ ਤਸਵੀਰਾਂ ਸਣੇ ਸੰਖੇਪ ਜਾਣਕਾਰੀ ਅੱਜ ਲੱਖਾਂ ਅਮਰੀਕਨਾਂ ਦੀ ਨਜ਼ਰ ਤੋਂ ਗੁਜ਼ਰ ਰਹੀ ਹੈ। ਉੱਧਰ ਡੈਮੋਕ੍ਰੇਟਿਵ ਪਾਰਟੀ ਦੇ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਜੋਅ ਬਾਈਡਨ ਨਾਲ ਵੀ ਸਿੱਖਾਂ ਨੂੰ ਸ਼ਾਮਿਲ ਕਰ ਲਿਆ ਗਿਆ ਹੈ।

ਦੋਹਾਂ ਪਾਰਟੀਆਂ ਵਿੱਚ ਰਿਪਬਲਿਕਨ ਅਤੇ ਡੈਮੋਕ੍ਰੇਟਿਵ ਵਿੱਚ ਸਿੱਖਾਂ ਨੂੰ ਮਿਲੀ ਨੁਮਾਇੰਦਗੀ ਤੇ ਪ੍ਰਸੰਨਤਾ ਪ੍ਰਗਟ ਕਰਦਿਆਂ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸਾਡੇ ਲਈ ਇਹ ਚੋਣਾਂ ਇਸ ਲਈ ਖ਼ਾਸ ਹੋ ਗਈਆਂ ਹਨ ਕਿ ਡੈਮੋਕ੍ਰੇਟਿਵ ਉਮੀਦਵਾਰ ਜੋਅ ਬਾਈਡਨ ਜਿੱਤਦੇ ਹਨ ਤਾਂ ਸਿੱਖਸ ਫਾਰ ਬਾਈਡਨ ਦੇ ਰੂਪ 'ਚ ਦਸਤਾਰ ਵਾਈਟ ਹਾਊਸ ਜਾਵੇਗੀ ਜੇਕਰ ਰਾਸ਼ਟਰਪਤੀ ਟਰੰਪ ਮੁੜ ਜਿੱਤ ਜਾਂਦੇ ਹਨ ਤਾਂ ਸਿੱਖਸ ਫਾਰ ਟਰੰਪ ਦੇ ਰੂਪ 'ਚ ਦਸਤਾਰ ਵਾਈਟ ਹਾਊਸ ਵਿਚ ਸ਼ਾਮਲ ਹੋਵੇਗੀ।

## ਬਾਈਡੇਨ ਦੀ ਸਲਾਹਕਾਰ ਕੌਂਸਲ ਵਿਚ ਭਾਰਤੀ ਮੂਲ ਦੀ ਡਾਕਟਰ ਸ੍ਰੀਨਿਵਾਸ ਕੀਤੀ ਸ਼ਾਮਿਲ




*ਡਾਕਟਰ ਮੇਗਨ ਸ੍ਰੀਨਿਵਾਸ*

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਚੋਣ ਵਿਚ ਡੈਮੋਕਰੇਟਿਕ ਉਮੀਦਵਾਰ ਜੋ ਬਾਈਡੇਨ ਵੱਲੋਂ ਲੋਵਾ-ਸਪੈਸੀਫਿਕ ਸਲਾਹਕਾਰ ਕੌਂਸਲ ਦਾ ਗਠਨ ਕੀਤਾ ਗਿਆ ਹੈ। ਜਿਸ ਵਿਚ ਹੋਰਨਾਂ ਤੋਂ ਇਲਾਵਾ ਭਾਰਤੀ ਮੂਲ ਦੀ ਅਮਰੀਕਨ ਡਾਕਟਰ ਮੇਗਨ ਸ੍ਰੀਨਿਵਾਸ ਨੂੰ ਸ਼ਾਮਿਲ ਕੀਤਾ ਗਿਆ ਹੈ। ਡਾਕਟਰ ਮੇਗਨ ਲੋਵਾ ਵਾਸੀਆਂ ਨੂੰ ਜੋ ਬਾਈਡਨ ਦੀ ਕੋਰੋਨਾ ਮਹਾਂਮਾਰੀ ਯੋਜਨਾ ਬਾਰੇ ਦੱਸੇਗੀ ਤੇ ਕੋਰੋਨਾ ਤੋਂ ਬਚਾਅ ਲਈ ਇਹਤਿਆਤੀ ਕਦਮਾਂ ਬਾਰੇ ਜਾਣਕਾਰੀ ਦੇਵੇਗੀ। ਚੋਣ ਮੁਹਿੰਮ ਦੇ ਇਕ ਬੁਲਾਰੇ ਅਨੁਸਾਰ, ਕੌਂਸਲ ਦੀ ਲੋਵਾ ਵਾਸਤੇ ਬਹੁਤ ਅਹਿਮੀਅਤ ਹੈ। ਲਾਗ ਦੀਆਂ ਬਿਮਾਰੀਆਂ ਦੀ ਮਾਹਿਰ ਡਾ. ਸ੍ਰੀਨਿਵਾਸ ਨੇ ਸਲਾਹਕਾਰ ਕੌਂਸਲ ਵਿਚ ਨਿਯੁਕਤੀ ਉਪਰੰਤ ਕਿਹਾ ਕਿ 'ਅਸੀਂ ਆਪਣਾ ਧਿਆਨ ਇਸ ਗੱਲ ਵੱਲ ਕੇਂਦਰਿਤ ਕਰਾਂਗੇ ਕਿ ਕੌਮੀ ਰਿਕਵਰੀ 'ਚ ਸੁਧਾਰ ਲਈ ਕੀ ਕਰਨ ਦੀ ਲੋੜ ਹੈ ਤਾਂ ਜੋ ਜਨ ਜੀਵਨ ਆਮ ਵਾਂਗ ਪਟੜੀ ਉੱਪਰ ਆ ਸਕੇ।' ਕੌਂਸਲ ਦੇ ਕੁਲ ੧੪ ਮੈਂਬਰ ਹਨ ਜਿਨਾਂ ਵਿਚ ਦਿਮਾਗੀ ਸਿਹਤ ਮਾਹਿਰ ਵੀ ਸ਼ਾਮਿਲ ਹਨ।

## ਸਿੱਖ ਸੈਂਟਰ ਵੱਲੋਂ ਲੱਖਾਂ ਲੋੜਵੰਦਾਂ ਨੂੰ ਪਹੁੰਚਾਇਆ ਜਾ ਰਿਹਾ ਹੈ ਲੰਗਰ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਸਿੱਖ ਸੈਂਟਰ ਆਫ ਔਰੇਂਜ ਕਾਊਂਟੀ ਸੰਟਾਨਾ ਵੱਲੋਂ ਹਰ ਹਫ਼ਤੇ ਹਜ਼ਾਰਾਂ ਲੋੜਵੰਦਾਂ ਨੂੰ ਲੰਗਰ ਪਹੁੰਚਾਇਆ ਜਾ ਰਿਹਾ ਹੈ। ਪਿਛਲੇ ਮਹੀਨੇ ਸੈਂਟਰ ਵੱਲੋਂ ੧੦ ਲੱਖ ਲੋੜਵੰਦਾਂ ਨੂੰ ਖਾਣਾ ਪਹੁੰਚਾਇਆ ਗਿਆ।

ਸਿੱਖ ਸੈਂਟਰ ਵੱਲੋਂ ਇਹ ਖਾਣਾ ਕਾਰਾਂ ਤੇ ਹੋਰ ਸਾਧਨਾਂ ਰਾਹੀਂ ਦੱਖਣੀ ਕੈਲੀਫੋਰਨੀਆ ਵਿਚ ਲੋੜਵੰਦਾਂ ਤੱਕ ਪਹੁੰਚਾਇਆ ਜਾਂਦਾ ਹੈ। ਇਸ ਖਾਣੇ ਵਿਚ ਫ਼ਲ, ਸਬਜ਼ੀਆਂ, ਦੁੱਧ, ਅਨਾਜ, ਬਰੈੱਡ ਤੇ ਡੇਅਰੀ ਉਤਪਾਦਨ ਸ਼ਾਮਿਲ ਹੁੰਦੇ ਹਨ।

ਸਿੱਖ ਸੈਂਟਰ ਨੇ ਜਾਰੀ ਇਕ ਬਿਆਨ ਵਿਚ ਇਸ ਕੰਮ ਵਿਚ ਲੱਗੇ ਭਾਰਤੀ ਮੂਲ ਦੇ ਅਮਰੀਕੀ ਸੇਵਾਦਾਰਾਂ ਦਾ ਧੰਨਵਾਦ ਕੀਤਾ ਹੈ ਜਿਨਾਂ ਦੀ ਸਖ਼ਤ ਮਿਹਨਤ ਨਾਲ ਇਹ ਕਾਰਜ ਚੱਲ ਰਿਹਾ ਹੈ। ਸਿੱਖ ਸੈਂਟਰ ਅਨੁਸਾਰ, ਉਨਾਂ ਦੇ ਇਸ ਨਿਰ ਸਵਾਰਥ ਕਾਰਜ ਵਿਚ ਪੁਲਿਸ, ਰਾਜਸੀ ਲੋਕਾਂ, ਸਕੂਲ ਬੋਰਡ ਐਂਡ ਡਿਸਟ੍ਰਿਕਟ ਮੈਂਬਰਾਂ ਵੱਲੋਂ ਵੀ ਸਹਿਯੋਗ ਦਿੱਤਾ ਜਾ ਰਿਹਾ ਹੈ।

## 'ਸਿੱਖਸ ਫਾਰ ਬਾਈਡਨ' ਡੈਮੋਕ੍ਰੇਟਜ਼ ਚੋਣ ਪ੍ਰਚਾਰ ਕਮੇਟੀ ਦਾ ਹੋਇਆ ਗਠਨ




ਵਾਸ਼ਿੰਗਟਨ ਡੀ. ਸੀ. (ਗਿੱਲ): ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਮੁਹਿੰਮ ਅੱਜਕਲ ਪੂਰੇ ਸਿਖਰਾਂ 'ਤੇ ਹੈ। ਹਰ ਕਮਿਊਨਿਟੀ ਆਪਣਾ-ਆਪਣਾ ਪ੍ਰਭਾਵ ਦਿਖਾ ਰਹੀ ਹੈ। ਜਿੱਥੇ 'ਸਿੱਖਸ ਫਾਰ ਟਰੰਪ' ਦਾ ਆਗਾਜ਼ ਹੋਇਆ ਸੀ, ਓਸੇ ਪੈਟਰਨ ਤੇ 'ਸਿੱਖਸ ਫਾਰ ਬਾਈਡਨ' ਚੋਣ ਪ੍ਰਚਾਰ ਕਮੇਟੀ ਦਾ ਐਲਾਨ ਕਰ ਦਿੱਤਾ ਗਿਆ ਹੈ। ਮੈਰੀਲੈਂਡ ਦੇ ਬਖਸ਼ੀਸ਼ ਸਿੰਘ ਜੋ ਡੈਮੋਕ੍ਰੇਟਿਕ ਕੋ-ਚੇਅਰ ਦੇ ਅਹੁਦੇਦਾਰ ਹਨ, ਉਨਾਂ ਨੂੰ ਸਿੱਖਸ ਫਾਰ ਬਾਈਡਨ ਚੋਣ ਪ੍ਰਚਾਰ ਕਮੇਟੀ ਦਾ ਸਰਬਰਾਹ ਨਿਯੁਕਤ ਕੀਤਾ ਹੈ।

ਬਖਸ਼ੀਸ਼ ਸਿੰਘ ਨੇ ਕੈਪੀਟਲ ਤੋਂ ਸੰਬੋਧਨ ਕਰਦੇ ਹੋਏ ਕਿਹਾ ਕਿ ਟਰੰਪ ਇੱਕ ਝੂਠਾ ਸਿਆਸਤਦਾਨ ਹੈ। ਜੋ ਸਵੇਰੇ ਕੁਝ ਹੋਰ ਕਹਿੰਦਾ ਹੈ, ਦੁਪਿਹਰ ਕੁਝ ਹੋਰ ਕਹਿੰਦਾ ਹੈ ਅਤੇ ਸ਼ਾਮ ਨੂੰ ਮੁੱਕਰ ਜਾਂਦਾ ਹੈ। ਇਸ ਦੇ ਪ੍ਰਸਾਸ਼ਨ ਸਮੇਂ ਕ੍ਰਾਈਮ ਵਧਿਆ ਹੈ। ਉਨਾਂ ਕਿਹਾ ਕਿ ਬੀ-2 ਵੀਜ਼ਾ ਜੋ ਭਾਰਤੀਆਂ ਲਈ ਇੱਕ ਵਰਦਾਨ ਸੀ, ਉਸ ਨੂੰ ਖਤਮ ਕਰਨਾ ਅਤੇ ਇਸ ਰਾਹੀਂ ਆਏ ਆਈ. ਟੀ. ਖੇਤਰ ਦੇ ਵਿਅਕਤੀਆਂ ਦੇ ਭਵਿੱਖ ਨਾਲ ਖਿਲਵਾੜ ਕਰਕੇ ਭਾਰਤੀਆਂ ਨੂੰ ਨਰਾਜ਼ ਕਰ ਲਿਆ ਹੈ। ਇਸ ਦਾ ਕਰੋਨਾ ਡਰਾਮਾ ਪੂਰੇ ਸੰਸਾਰ ਵਿੱਚ ਉਜਾਗਰ ਹੋ ਚੁੱਕਾ ਹੈ ।ਇਸ ਨੇ ਹਮਾਇਤੀ ਵੋਟ ਲੈਣ ਲਈ ਇਹ ਡਰਾਮਾ ਕੀਤਾ ਸੀ। ਉਨਾਂ ਅੱਗੇ ਕਿਹਾ ਕਿ ਤੁਹਾਡੇ ਕੋਲ ਅਮਰੀਕਾ ਨੂੰ ਬਚਾਉਣ ਦਾ ਇੱਕੋ ਇੱਕ ਵਿਕਲਪ ਹੈ, ਬਾਈਡਨ-ਹੈਰਿਸ ਦੀ ਜੋੜੀ ਨੂੰ ਵਾਈਟ ਹਾਊਸ ਵਿੱਚ ਲਿਆਉਣਾ। ਜਿਸ ਲਈ ਮੈਟਰੋਪੁਲਿਟਨ ਦੇ ਸਿੱਖਾਂ ਨੇ ਕਮਰਕੱਸੇ ਕਰ ਲਏ ਹਨ, ਜਿਨਾਂ ਵਿੱਚ ਬਖਸ਼ੀਸ਼ ਸਿੰਘ ਨੇ ਦੱਸਿਆ ਕਿ ਉਹਨਾਂ ਨਾਲ ਡਾ. ਕੁਲਵੰਤ ਸਿੰਘ ਮੋਦੀ, ਚਤਰ ਸਿੰਘ, ਸੁਰਜੀਤ ਕੌਰ, ਅਵਤਾਰ ਸਿੰਘ ਕਾਹਲੋਂ, ਮਨਸਿਮਰਨ ਕਾਹਲੋਂ, ਅਮਰ ਸਿੰਘ ਮੱਲੀ, ਰਘਬੀਰ ਸਿੰਘ ਬਤੌਰ ਕੈਂਪੇਨ ਆਪਣੀਆਂ ਡਿਊਟੀਆਂ ਨਿਭਾਅ ਰਹੇ ਹਨ। ਉਨਾਂ ਕਿਹਾ ਕਿ ਮੈਰੀਲੈਂਡ ਡੈਮੋਕ੍ਰੇਟਰਾਂ ਦਾ ਗੜ ਹੈ, ਜਿੱਥੇ ਹਰ ਵਿਅਕਤੀ ਬਾਈਡਨ ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਵਿੱਚ ਯੋਗਦਾਨ ਪਾ ਰਿਹਾ ਹੈ। ਉਨਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਅਸੀਂ ਚੋਣ ਮੁਹਿੰਮ ਦੀ ਹਨੇਰੀ ਝੁਲਾ ਦਿਆਂਗੇ। ਇੱਕ ਗੱਲ ਨੋਟ ਕੀਤੀ ਗਈ ਹੈ ਕਿ ਅਮਰੀਕਾ ਦੀਆ ਸਿੱਖ ਸੰਸਥਾਵਾਂ ਰਾਸ਼ਟਰਪਤੀ ਚੋਣ ਕਰਕੇ ਵੰਡੀਆਂ ਗਈਆਂ ਹਨ। ਜਿਸ ਦੀਆਂ ਬਹੁਤਾਤ ਸਖਸ਼ੀਅਤਾਂ ਸਿੱਖ ਫਾਰ ਬਾਈਡਨ ਦੀ ਚੋਣ ਮੁਹਿੰਮ ਵਿੱਚ ਵੱਡੀ ਗਿਣਤੀ ਵਿੱਚ ਯੋਗਦਾਨ ਪਾਉਣਗੀਆ।

ਹਾਲ ਦੀ ਘੜੀ ਪਹਿਲੀ ਵਾਰ ਡੈਮੋਕਰੇਟਰ ਚੋਣ ਮੁਹਿੰਮ ਕਮੇਟੀ ਕੋ-ਚੇਅਰ ਬਖਸ਼ੀਸ਼ ਸਿੰਘ ਦੀ ਸਰਪ੍ਰਸਤੀ ਵਿੱਚ ਬਣੀ ਹੈ। ਜੋ ਆਉਂਦੇ ਦਿਨਾਂ ਵਿੱਚ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਮੈਰੀਲੈਂਡ, ਵਰਜੀਨੀਆ ਅਤੇ ਵਾਸ਼ਿੰਗਟਨ ਡੀ. ਸੀ. ਵਿੱਚ ਕਰੇਗੀ।

## ਅਗਲੇ ੪੮ ਘੰਟੇ ਰਾਸ਼ਟਰਪਤੀ ਟਰੰਪ ਦੀ ਸਿਹਤ ਲਈ ਅਹਿਮ ਹੋਣਗੇ-ਵਾਈਟ ਹਾਊਸ

### ਅਜੇ ਹਾਲਤ ਚਿੰਤਾਜਨਕ



**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਹਾਲਾਂਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਵਿਚੋਂ ਇਕ ਵੀਡੀਓ ਜਾਰੀ ਕਰਕੇ ਕਿਹਾ ਹੈ ਕਿ ਉਹ ਠੀਕ ਮਹਿਸੂਸ ਕਰ ਰਹੇ ਹਨ ਪਰ ਵਾਈਟ ਹਾਊਸ ਰਾਸ਼ਟਰਪਤੀ ਦੀ ਸਿਹਤ ਨੂੰ ਲੈ ਕੇ ਚਿੰਤਤ ਹੈ। ਵਾਈਟ ਹਾਊਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਰਾਸ਼ਟਰਪਤੀ ਦੀ ਹਾਲਤ ਚਿੰਤਾ ਵਾਲੀ ਹੈ। ਵਾਈਟ ਹਾਊਸ ਚੀਫ ਆਫ ਸਟਾਫ ਮਾਰਕ ਮੀਡੋਜ ਅਨੁਸਾਰ, ਲੰਘੇ ਦਿਨ ਰਾਸ਼ਟਰਪਤੀ ਦੇ ਸਰੀਰ ਦੇ ਅਹਿਮ ਅੰਗਾਂ ਦੀ ਹਾਲਤ 'ਬਹੁਤ ਚਿੰਤਾਜਨਕ' ਸੀ ਤੇ ਅਗਲੇ ੪੮ ਘੰਟੇ ਉਨਾਂ ਲਈ ਬਹੁਤ ਅਹਿਮ ਹੋਣਗੇ। ਰਾਸ਼ਟਰਪਤੀ ਨੇ ਆਪਣੇ ਟਵਿਟਰ ਉੱਪਰ ਲਿਖਿਆ ਹੈ ਕਿ ਉਹ ਠੀਕ ਮਹਿਸੂਸ ਕਰ ਰਿਹਾ ਹੈ। ਟਰੰਪ ਨੇ ਇਲਾਜ ਕਰ ਰਹੇ ਡਾਕਟਰਾਂ, ਨਰਸਾਂ ਤੇ ਹੋਰ ਸਟਾਫ਼ ਦੀ ਪ੍ਰਸੰਸਾ ਕੀਤੀ ਹੈ। ਸੈਂਕੜੇ ਕੋਰੋਨਾ ਮਰੀਜ਼ਾਂ ਦਾ ਇਲਾਜ਼ ਕਰ ਚੁੱਕੇ ਇਕ ਡਾਕਟਰ ਅਨੁਸਾਰ ਕੋਵਿਡ-੧੯ ਦਾ ਇਲਾਜ ਬਹੁਤ ਉਤਰਾਅ ਚੜਾਅ ਵਾਲਾ ਹੈ। ਮਰੀਜ਼ ਦੀ ਹਾਲਤ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਇਸ ਲਈ ਅਗਲੇ ੩ ਤੋਂ ੫ ਦਿਨ ਰਾਸ਼ਟਰਪਤੀ ਲਈ ਬਹੁਤ ਹੀ ਅਹਿਮ ਹਨ। ਇੱਥੇ ਜ਼ਿਕਰਯੋਗ ਹੈ ਕਿ ਸ਼ੁਰੂ ਵਿਚ ਵਾਈਟ ਹਾਊਸ ਨੇ ਕਿਹਾ ਸੀ ਕਿ ਰਾਸ਼ਟਰਪਤੀ ਦੇ ਕੋਵਿਡ-੧੯ ਦੇ ਮਾਮੂਲੀ ਲੱਛਣ ਹਨ ਪਰ ਇਸ ਦੇ ਇਕ ਘੰਟੇ ਬਾਅਦ ਹੀ ਰਾਸ਼ਟਰਪਤੀ ਨੂੰ ਫੌਜੀ ਹਸਪਤਾਲ ਵਿਚ ਦਾਖਲ ਕਰਵਾਉਣਾ ਪਿਆ।

ਅੰਮ੍ਰਿਤਸਰ ਟਾਈਮਜ਼ AMRITSAR TIMES

07 ਅਕਤੂਬਰ 2020 ਤੋਂ 13 ਅਕਤੂਬਰ 2020

## ਖੇਤੀਬਾੜੀ ਕਨੂੰਨ-ਵੱਖ ਵੱਖ ਮੰਗਾਂ, ਵਿਰੋਧੀ ਧਿਰ ਦੀ ਤਾਸੀਰ ਅਤੇ ਸੰਘਰਸ਼ ਕਰ ਰਹੀਆਂ ਧਿਰਾਂ ਦੀ ਜਿੰਮੇਵਾਰੀ

ਨਵੇਂ ਖੇਤੀਬਾੜੀ ਕਾਨੂੰਨਾਂ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਕਾਫੀ ਚਰਚਾ ਛਿੜੀ ਹੋਈ ਹੈ। ਪੰਜਾਬ ਵਿੱਚ ਇਹਨਾਂ ਕਨੂੰਨਾਂ ਦੇ ਵਿਰੋਧ ਵਿੱਚ ਲਗਾਤਾਰ ਸੰਘਰਸ਼ ਹੋ ਰਿਹਾ ਹੈ ਅਤੇ ਹੁਣ ਪੰਜਾਬ ਅਤੇ ਇੰਡੀਆ ਤੋਂ ਬਾਹਰ ਵੀ ਇਸ ਸਬੰਧੀ ਮੁਜਾਹਰੇ ਹੋਣ ਲੱਗ ਪਏ ਹਨ। ਇਸ ਮਸਲੇ ਨੂੰ ਪਹਿਲਾਂ ਸਿਰਫ ਆਰਥਿਕ ਪੱਖ ਤੋਂ ਹੀ ਵੇਖਿਆ ਅਤੇ ਪ੍ਰਚਾਰਿਆ ਜਾ ਰਿਹਾ ਸੀ ਪਰ ਹੁਣ ਇਸ ਮਸਲੇ ਸਬੰਧੀ ਰਾਜਨੀਤਕ ਪੱਖ ਤੋਂ ਵੀ ਗੱਲ ਤੁਰ ਪਈ ਹੈ। ਸੰਘਰਸ਼ ਕਰਨ ਵਾਲੀਆਂ ਧਿਰਾਂ ਵਿੱਚ ਵੀ ਇਸ ਗੱਲ ਦੇ ਅਸਰ ਵੇਖਣ ਨੂੰ ਮਿਲੇ ਹਨ ਅਤੇ ਉਹ ਆਪੋ ਆਪਣੀ ਸਮਝ ਅਨੁਸਾਰ ਵੱਖ ਵੱਖ ਟੀਚਿਆਂ ਅਤੇ ਮੰਗਾਂ ਲਈ ਸੰਘਰਸ਼ ਕਰ ਰਹੇ ਹਨ। ਸਭ ਦੀ ਟੱਕਰ ਇਕੋ ਧਿਰ ਨਾਲ ਹੈ ਅਤੇ ਸੰਘਰਸ਼ ਵੇਲੇ ਇਹ ਗੱਲ ਬਹੁਤ ਅਹਿਮ ਹੁੰਦੀ ਹੈ ਕਿ ਜਿਸ ਨਾਲ ਸਾਡੀ ਟੱਕਰ ਹੈ ਅਸੀਂ ਉਸਨੂੰ ਕਿੰਨਾ ਜਾਣਦੇ ਜਾ ਸਮਝਦੇ ਹਾਂ ? ਸੋ ਇਕ ਤਾਂ ਸਾਹਮਣੇ ਵਾਲੀ ਧਿਰ ਦੀ ਸਹੀ ਪਹਿਚਾਣ ਹੋਣੀ ਲਾਜ਼ਮੀ ਹੈ ਦੂਸਰਾ ਸਾਡੇ ਆਪਣੇ ਲਈ ਹੈ ਕਿ ਅਸੀਂ ਇਸ ਸੰਘਰਸ਼ ਦੇ ਅਗਲੇ ਪੜਾਅ ਲਈ ਕਿੰਨਾ ਕੁ ਤਿਆਰ ਹਾਂ ? ਕਿਉਂਕਿ ਹੁਣ ਤੱਕ ਇਹ ਸੰਘਰਸ਼ ਬਹੁਤ ਸੌਖ ਵਿਚੋਂ ਦੀ ਲੰਘ ਰਿਹਾ ਹੈ, ਹਜੇ ਸਰਕਾਰ ਵੱਲੋਂ ਕੋਈ ਸਖਤੀ ਨਹੀਂ ਕੀਤੀ ਗਈ।

**ਵੱਖ ਵੱਖ ਮੰਗਾਂ ਕਿਹੜੀਆਂ ਹਨ ?**

ਸੰਘਰਸ਼ ਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਵਿੱਚ ਕਾਫੀ ਭਿੰਨਤਾ ਵੇਖੀ ਜਾ ਸਕਦੀ ਹੈ, ਇਕ ਮੰਗ ਹੈ ਕਿ ਇਹ ਤਿੰਨੋਂ ਕਨੂੰਨ ਰੱਦ ਹੋਣ। ਇਕ ਮੰਗ ਹੈ ਕਿ ਇਹਦੇ ਵਿੱਚ ਐਮ.ਐਸ.ਪੀ, ਸਰਕਾਰੀ ਖਰੀਦ ਯਕੀਨਨ ਕੀਤੀ ਜਾਵੇ। ਇਕ ਮੰਗ ਖ਼ੁਦ-ਮੁਖਤਿਆਰੀ ਦੀ ਹੈ ਜਿਸ ਵਿੱਚ ਫਸਲਾਂ ਦੇ ਭਾਅ ਤੈਅ ਕਰਨ ਦਾ ਹੱਕ, ਮੰਡੀਕਰਨ ਅਤੇ ਕੌਮਾਂਤਰੀ ਵਪਾਰ ਦੇ ਮਾਮਲੇ ਵਿੱਚ ਸਾਰੇ ਹੱਕ ਅਤੇ ਕੁਦਰਤੀ ਸਰੋਤਾਂ (ਪੰਜਾਬ ਦੇ ਪਾਣੀਆਂ ਦਾ ਮਸਲਾ) ਦੇ ਹੱਕ ਦੀ ਗੱਲ ਹੈ। ਖ਼ੁਦ-ਮੁਖਤਿਆਰੀ ਦੀ ਮੰਗ ਵਿੱਚੋਂ ਹੀ ਇਕ ਮੰਗ ਹੈ ਕਿ ਖ਼ੁਦ-ਮੁਖਤਿਆਰੀ ਦੀ ਗੱਲ-ਬਾਤ ਲਈ ਵਿਸ਼ਵਾਸ਼ ਬਹਾਲੀ ਦੇ ਉਪਾਅ ਵਜੋਂ ਤਿੰਨੇ ਕਨੂੰਨ ਰੱਦ ਕਰਕੇ ਸਮਰਥਨ ਮੁੱਲ ਨੂੰ ਥੋਕ ਸੂਚਕ ਅੰਕ ਨਾਲ ਜਾਂ ਭਾਅ ਤੈਅ ਕਰਨ ਦੀ ਸੀ 2 + 50% ਮੁਨਾਫ਼ੇ ਦੀ ਜੁਗਤ ਲਾਗੂ ਕਰਕੇ ਸਭ ਫਸਲਾਂ ਦੀ ਸਰਕਾਰੀ ਖਰੀਦ ਯਕੀਨੀ ਬਣਾਉਣ ਦਾ ਕਾਨੂੰਨ ਪਾਸ ਹੋਵੇ ਅਤੇ ਸਮਰਥਨ ਮੁੱਲ ਉਤੇ ਨਾ ਵਿਕਣ ਵਾਲੀਆਂ ਫਸਲਾਂ, ਫਲਾਂ ਅਤੇ ਸਬਜ਼ੀਆਂ ਲਈ 'ਕੀਮਤ ਸਥਿਰਤਾ ਫੰਡ' (Price Stabilisation Fund) ਕਾਇਮ ਕਰਕੇ ਕਿਸਾਨ ਦੇ ਮੁਨਾਫ਼ੇ ਵਿੱਚ ਸਥਿਰਤਾ ਲਿਆਈ ਜਾਵੇ।

**ਵਿਰੋਧੀ ਧਿਰ ਕਿਹੋ ਜਿਹੀ ਹੈ ?**

ਸੰਘਰਸ਼ ਕਰ ਰਹੀਆਂ ਧਿਰਾਂ ਦਾ ਵਿਰੋਧ ਦਿੱਲੀ ਤਖਤ ਨਾਲ ਹੈ। ਦਿੱਲੀ ਤਖਤ ਦੇ ਹੁਣ ਤੱਕ ਦੇ ਵਤੀਰੇ ਤੋਂ ਇਹ ਗੱਲ ਸਾਫ ਹੈ ਕਿ ਉਹ ਸਾਮਰਾਜੀ ਹੈ, ਕਿਸੇ ਵੀ ਮਸਲੇ ਵਿੱਚ ਸ਼ਹਿਰੀਆਂ ਦੀ ਕੋਈ ਸਹਿਮਤੀ ਨਹੀਂ ਲਈ ਜਾਂਦੀ, ਕੋਈ ਦਲੀਲ ਜਾਂ ਅਪੀਲ ਨਹੀਂ ਸੁਣੀ/ਮੰਨੀ ਜਾਂਦੀ ਸਗੋਂ ਦਿੱਲੀ ਤਖ਼ਤ ਆਪਣੀ ਜਿੱਦ ਸਿਰਫ ਤਾਕਤ ਨਾਲ ਹੀ ਹਾਸਲ ਕਰਨ ਦਾ ਹਾਮੀ ਹੈ। ਭਾਵੇਂ ਪੰਜਾਬ ਦੇ ਕੁਦਰਤੀ ਸਰੋਤਾਂ ਦੀ ਲੁੱਟ ਹੋਵੇ, ਭਾਵੇਂ ਕਸ਼ਮੀਰ ਨੂੰ ਮਿਲੇ ਖਾਸ ਰੁਤਬੇ ਨੂੰ ਭੰਗ ਕਰਨ ਦੀ ਗੱਲ ਹੋਵੇ ਤੇ ਭਾਵੇਂ ਐਨ.ਆਰ.ਸੀ ਵਰਗੇ ਹੋਰ ਅਨੇਕਾਂ ਮਸਲੇ ਹੋਣ, ਇਸ ਵਿੱਚ ਮਨੁੱਖਾਂ ਨਾਲ ਗੁਲਾਮਾਂ ਵਾਲੇ ਵਰਤਾਉ ਦੀ ਬਿਰਤੀ ਸਾਫ ਝਲਕਦੀ ਹੈ। ਭਿੰਨਤਾ ਨੂੰ ਖਤਮ ਕਰਕੇ ਸਭ ਨੂੰ ਇੱਕੋ ਰਾਜਨੀਤਕ ਢਾਂਚੇ ਅਧੀਨ ਰੱਖਣ ਲਈ ਦਿੱਲੀ ਤਖਤ ਵੱਲੋਂ ਇੱਕੋ ਸਭਿਆਚਾਰ ਉਤੇ ਅਧਾਰਤ ਇੱਕ ਨੇਸ਼ਨ-ਸਟੇਟ ਬਣਾਉਣ ਦਾ ਕੰਮ ਪੂਰੀ ਰਫਤਾਰ ਨਾਲ ਹੋ ਰਿਹਾ ਹੈ। ਸਾਰੀਆਂ ਵੱਖਰੀਆਂ ਪਹਿਚਾਣਾਂ ਨੂੰ ਖਤਮ ਕਰ ਕੇ ਇੱਕੋ ਨੇਸ਼ਨ ਬਣਾਉਣ ਲਈ ਹਰ ਸੰਭਵ ਸਾਧਨ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਸਾਰੇ ਅਮਲ ਵਿਚੋਂ ਸਾਫ ਝਲਕਦਾ ਹੈ ਕਿ ਦਿੱਲੀ ਤਖਤ ਦੀ ਮਹਾਂਸ਼ਕਤੀ ਬਣਨ ਦੀ ਇੱਛਾ ਲਗਾਤਾਰ ਵਧ ਰਹੀ ਹੈ। ਦਿੱਲੀ ਤਖ਼ਤ ਨੇ ਪਿਛਲੇ 20 ਸਾਲਾਂ ਤੋਂ ਸਾਰੀ ਆਰਥਕ ਨੀਤੀ ਨੂੰ ਕੁੱਝ ਕੁ ਵੱਡੇ ਸਰਮਾਏਦਾਰਾਂ ਅਤੇ ਕਾਰਪੋਰੇਟ ਕੰਪਨੀਆਂ ਦੇ ਮੁਨਾਫ਼ੇ ਲਈ ਹੀ ਘੜਿਆ ਹੈ। ਇੰਡੀਆ ਦੇ ਵੱਖ-ਵੱਖ ਖਿੱਤਿਆਂ ਨੂੰ ਆਰਥਕ ਤੌਰ 'ਤੇ ਕੇਂਦਰ ਦੇ ਮੁਥਾਜ ਰੱਖਣਾ ਇਸੇ ਆਰਥਕ ਨੀਤੀ ਦਾ ਨਤੀਜਾ ਹੈ।

**ਸੰਘਰਸ਼ ਕਰ ਰਹੀਆਂ ਧਿਰਾਂ ਲਈ ਕੀ ਜਰੂਰੀ ਹੈ ?**

ਵੱਖੋ ਵੱਖ ਤਰੀਕੇ ਅਤੇ ਮੰਗਾਂ ਦੀ ਗੱਲ ਨੂੰ ਸਿਰਫ ਨਾਕਾਰਾਤਮਕ ਪੱਖ ਤੋਂ ਨਹੀਂ ਵੇਖਿਆ ਜਾਣਾ ਚਾਹੀਦਾ ਕਿਉਂਕਿ ਵੱਖ ਵੱਖ ਵਿਚਾਰਾਂ ਵਿਚ ਵੀ ਕੋਈ ਸਾਂਝੀ ਰਾਇ ਬਣ ਜਾਣ ਦੀ ਗੁੰਜਾਇਸ਼ ਅਕਸਰ ਹੀ ਹੁੰਦੀ ਹੈ, ਸੋ ਜੇਕਰ ਇਸ ਆਸ ਨਾਲ ਯਤਨ ਹੋਣ ਤਾਂ ਸ਼ਾਇਦ ਕੋਈ ਰਾਹ ਮਿਲ ਸਕੇ। ਹਰ ਮਨੁੱਖ ਦੀ ਆਪਣੀ ਸਮਝ, ਸਮਰੱਥਾ ਅਤੇ ਅਹਿਸਾਸ ਹੁੰਦਾ ਹੈ, ਸਾਰੇ ਇਕੋ ਨਿਸ਼ਾਨੇ ਤੇ ਇਕੋ ਜਿੰਨਾ ਨਹੀਂ ਚੱਲ ਸਕਦੇ ਹੁੰਦੇ, ਗੱਲ ਵੱਖ ਵੱਖ ਪੜਾਅ ਦੀ ਹੁੰਦੀ ਹੈ। ਕੁਝ ਐਮ.ਐਸ.ਪੀ ਤੱਕ ਜਾਣਾ ਚਾਹੁੰਦੇ, ਕੁਝ ਸਦੀਵੀ ਹੱਲ ਲਈ। ਜਿਹੜਾ ਜਿੱਥੇ ਤੱਕ ਚੱਲ ਸਕੇ ਓਹਨੂੰ ਚੱਲਣਾ ਚਾਹੀਦਾ ਹੈ, ਅੱਗੇ ਜਾਣ ਵਾਲਾ ਪਿਛਲੇ ਨੂੰ ਨਾ ਕੋਸੇ ਅਤੇ ਪਿਛਲਾ ਜੇਕਰ ਆਪਣੇ ਪੜਾਅ ਤੇ ਪਹੁੰਚਦਾ ਹੈ ਤਾਂ ਉਹਨੂੰ ਹੀ ਫਤਹਿ ਸਮਝ ਕੇ ਅਗਲੇ ਸੰਗਰਸ਼ ਨੂੰ ਨਾ ਨਖੇੜੇ। ਜੇਕਰ ਸੰਘਰਸ਼ ਵੱਖ ਵੱਖ ਤਰੀਕਿਆਂ ਰਾਹੀਂ ਕਰਨਾ ਵੀ ਹੈ ਤਾਂ ਇਕ ਦੂਸਰੇ ਬਾਬਤ ਨਾ-ਪੱਖੀ ਪ੍ਰਚਾਰ ਤੋਂ ਵੀ ਗੁਰੇਜ ਕੀਤਾ ਜਾਵੇ, ਆਪੋ ਆਪਣੇ ਤਰੀਕੇ ਪੰਜਾਬ ਅਤੇ ਕਿਸਾਨੀ ਦੀ ਭਲਾਈ ਲਈ ਯਤਨ ਜਾਰੀ ਰੱਖਣਾ ਚਾਹੀਦਾ ਹੈ। ਇਹ ਸੰਘਰਸ਼ ਬਹੁਤ ਔਖਾ ਹੈ, ਇਹਨੂੰ ਇਮਾਨਦਾਰੀ ਅਤੇ ਸਮਰਪਣ ਨਾਲ ਹੀ ਸਰ ਕੀਤਾ ਜਾ ਸਕਦਾ ਹੈ। ਸਭ ਤੋਂ ਵੱਡੀ ਗੱਲ ਹੈ ਕਿ ਹਜੇ ਇਹ ਸੰਘਰਸ਼ ਉੱਤੇ ਸਰਕਾਰ ਵੱਲੋਂ ਕੋਈ ਸਖਤੀ ਨਹੀਂ ਕੀਤੀ ਗਈ ਪਰ ਜੇਕਰ ਉਹ ਪੜਾਅ ਆਉਂਦਾ ਹੈ ਤਾਂ ਕੀ ਅਸੀਂ ਉਸ ਨਾਲ ਜੂਝਣ ਦੇ ਸਮਰੱਥ ਹਾਂ/ਹੋਵਾਂਗੇ ? ਵੱਖ ਵੱਖ ਤਰੀਕੇ ਅਤੇ ਮੰਗਾਂ ਵਾਲੀਆਂ ਧਿਰਾਂ ਦੀ ਇਕ ਦੂਸਰੇ ਲਈ ਓਦੋਂ ਕੀ ਜਿੰਮੇਵਾਰੀ ਹੋਵੇਗੀ ਅਤੇ ਕੀ ਉਦੋਂ ਬਣਦੀ ਜਿੰਮੇਵਾਰੀ ਨਿਭਾਈ ਜਾ ਸਕੇਗੀ ? ਤਿਆਗ ਅਤੇ ਸਿਦਕ ਦੀਆਂ ਪਰਖਾਂ ਵਿਚੋਂ ਲੰਘਣ ਲਈ ਅਸੀਂ ਕਿੰਨੇ ਕੁ ਤਿਆਰ ਹਾਂ ? ਇਨਾਂ ਸਵਾਲਾਂ ਲਈ ਸਾਰੀਆਂ ਹੀ ਧਿਰਾਂ ਨੂੰ ਆਪਣੇ ਅੰਦਰ ਝਾਤ ਮਾਰਨੀ ਹੋਵੇਗੀ। ਜੰਗਾਂ ਸਦਾ ਹੀ ਕਿਰਦਾਰਾਂ ਨਾਲ ਜਿੱਤੀਆਂ ਜਾਂਦੀਆਂ ਨੇ, ਇਹ ਜੰਗ ਵਿੱਚ ਜਿੱਥੇ ਪੁਰਾਣੇ ਤਜ਼ਰਬੇ ਵਾਲੀਆਂ ਕਿਸਾਨ ਜਥੇਬੰਦੀਆਂ ਹਨ ਉੱਥੇ ਨੌਜਵਾਨਾਂ ਵਿਚੋਂ ਬਹੁਤ ਸਾਰੇ ਨਵੇਂ ਚਿਹਰੇ ਵੀ ਸ਼ਾਮਿਲ ਹਨ, ਸੋ ਉਨਾਂ ਲਈ ਇਹ ਜੰਗ ਹੋਰ ਵੀ ਬਹੁਤ ਅਹਿਮ ਹੈ। ਉਨਾਂ ਦਾ ਹੁਣ ਦਾ ਅਮਲ ਉਨਾਂ ਦੀ ਭਵਿੱਖ ਦੀ ਤਸਵੀਰ ਘੜੇਗਾ, ਤੇ ਜੇ ਉਹ ਪੰਜਾਬ ਲਈ ਕੋਈ ਸਫਲਤਾ ਦੀ ਡਿੰਗ ਪੁੱਟਣ ਵਿੱਚ ਕਾਮਯਾਬ ਹੋ ਜਾਂਦੇ ਨੇ ਤਾਂ ਉਨਾਂ ਦਾ ਇਹ ਅਮਲ ਪੰਜਾਬ ਦੇ ਰੌਸ਼ਨ ਭਵਿੱਖ ਦੀ ਤਸਵੀਰ ਵੀ ਘੜੇਗਾ।

# ਕਿਸਾਨੀ ਸੰਘਰਸ਼ ਤੇ ਕਾਰਪੋਰੇਟ ਦੇਵਤੇ



**- ਰਜਿੰਦਰ ਸਿੰਘ ਪੁਰੇਵਾਲ**

ਕਾਰਪੋਰੇਟ ਦੇ ਜਨਮ ਦਾਤੇ ਕਾਂਗਰਸ ਵਾਲੇ ਹਨ ਜਿਸ ਦਾ ਆਧਾਰ ਹਿੰਦੂਤਵ ਹੈ। ਇਹ ਨੀਤੀਆਂ ਕਿਰਤ ਤੇ ਕਿਸਾਨੀ ਨੂੰ ਘਸਿਆਰਾ ਸਿਰਜਦੀਆਂ ਹਨ। ਇਹ ਲੰਬੀ ਇਤਿਹਾਸਕ ਦਾਸਤਾਨ ਹੈ ਜਿੱਥੇ ਕਾਂਗਰਸ ਭਾਜਪਾ ਦੀਆਂ ਨੀਤੀਆਂ ਜਮਹੂਰੀਅਤ ਵਿਰੋਧੀ ਹਨ। ਕਾਰਪੋਰੇਟ ਦੇ ਆਧਾਰ ਉੱਪਰ ਸਿਆਸਤ ਚਲਾਉਣ ਤੇ ਸਤਾ ਕਰਨ ਦਾ ਅਰਥ ਹੈ ਕਿ ਤੁਸੀਂ ਲੋਕ ਵਿਰੋਧੀ ਹੋ। ਜਦੋਂ ਸਿਆਸਤ ਕਿਰਤ ਤੇ ਲੋਕ ਪੱਖੀ ਨਾ ਹੋਵੇ ਤਾਂ ਸਤਾ ਦਾ ਨਾਜ਼ੀਵਾਦੀ ਹੋ ਜਾਣਾ ਸੰਭਵ ਹੈ। ਲੋਕਾਂ ਦੀ ਥਾਲ਼ੀ ਵਿਚੋਂ ਰੋਟੀ ਖਿਸਕ ਜਾਣਾ ਯਕੀਨੀ ਹੈ। ਜੇ ਇਸ ਰਾਜਨੀਤਕ ਨਰੇਟਿਵ ਨੂੰ ਸਮਝੀਏ ,ਪਿਛੋਕੜ ਵਲ ਝਾਤ ਮਾਰੀਏ ਬਹੁਤ ਕੁਛ ਕਲੀਅਰ ਹੋ ਜਾਵੇਗਾ। ਮਹਾਤਮਾ ਗਾਂਧੀ ਦਾ ਵਿਚਾਰ ਰਾਮ ਰਾਜ, ਨਹਿਰੂ ਤੋਂ ਇੰਦਰਾ ਗਾਂਧੀ ਦੀ ਸਤਾ ਤਕ ਹਿੰਦੂ ਤਰਜੀਹ ਵਿਚ ਬਦਲਦਾ ਹੌਲੀ ਹੌਲੀ ਹਿੰਦੂ ਸਰਵਉੱਚਤਾ ਵਿਚ ਸਮਾ ਗਿਆ। ਇਸ ਫ਼ਿਰਕੂ ਸਿਆਸੀ ਵਿਚਾਰਧਾਰਾ ਨੇ ਇੰਦਰਾ ਦੇ ਰਾਜ ਵਿਚ ਹੀ ਆਪਣੇ ਲੱਛਣ ਪ੍ਰਗਟ ਕਰ ਦਿੱਤੇ। ੮੦ ਵਿਆਂ ਵਿੱਚ ਕਾਂਗਰਸ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਭਾਰਤੀ ਜਨਤਾ ਪਾਰਟੀ ਦੀ ਹਿੰਦੂਤਵੀ ਰਾਜਨੀਤੀ ਵਿਚ ਕੋਈ ਫ਼ਰਕ ਨਾ ਰਿਹਾ। ਨਰਸਿਮਾ ਰਾਓ ਦੀ ਸਰਕਾਰ ਆਉਣ ਨਾਲ ਕਾਂਗਰਸ ਦਾ ਲੋਕ-ਵਿਰੋਧੀ, ਫ਼ਿਰਕੂ ਅਤੇ ਭ੍ਰਿਸ਼ਟ ਚਿਹਰਾ ਪੂਰੀ ਤਰਾਂ ਨੰਗਾ ਹੋ ਗਿਆ। ਬਾਬਰੀ ਮਸਜਿਦ ਦੀ ਸ਼ਹਾਦਤ ਬਾਅਦ ਕਾਂਗਰਸ ਦੀ ਕੇਂਦਰ ਸਰਕਾਰ ਵਜੋਂ ਭੂਮਿਕਾ ਵੀ ਲੋਕਾਂ ਨੂੰ ਸਪਸ਼ਟ ਹੋ ਗਈ। ਇਸ ਤੋਂ ਪਹਿਲਾਂ ਹੀ ੧੯੮੪ ਦੇ ਸਿੱਖ ਕਤਲੇਆਮ ਵਿਚ ਕਾਂਗਰਸ ਦੀ ਫ਼ਿਰਕੂ ਰਾਜਨੀਤੀ ਉੱਘੜ ਕੇ ਸਾਹਮਣੇ ਆ ਗਈ। ਸੰਸਦ ਮੈਂਬਰਾਂ ਦੀ ਖ਼ਰੀਦੋ ਫ਼ਰੋਖ਼ਤ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਕਾਂਗਰਸ ਉੱਪਰ ਲਗਦੇ ਰਹੇ। ਸੰਸਦੀ ਰਾਜਨੀਤੀ ਦੇ ਪਤਨ ਵਿਚ ਵੀ ਨਰਸਿਮਾ ਰਾਉ ਸਰਕਾਰ ਦੀ ਵੱਡੀ ਭੂਮਿਕਾ ਸੀ। ਇੰਨਾ ਹੀ ਨਹੀਂ, ਕਿਰਤ ਸੱਭਿਆਚਾਰ ਨੂੰ ਡੋਬਣ ਲਈ ਨਵਉਦਾਰਵਾਦੀ ਅਰਥਚਾਰੇ ਦੀਆਂ ਨੀਤੀਆਂ ਨੂੰ ਅਮਲ ਵਿਚ ਲਿਆਂਦਾ ਗਿਆ। ੨੦੦੪ ਵਿੱਚ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੇ ਨਰਸਿਮਾ ਸਰਕਾਰ ਵਾਲੀ ਅਮਰੀਕਾ ਆਧਾਰਿਤ ਵਿਦੇਸ਼ ਨੀਤੀ ਨੂੰ ਅੱਗੇ ਵਧਾਇਆ, ਉਦਾਰੀਕਰਨ ਦੀ ਨੀਤੀ ਤਹਿਤ ਨਿੱਜੀਕਰਨ ਨੂੰ ਤੇਜ਼ੀ ਨਾਲ ਲਾਗੂ ਕੀਤਾ। ਯੂਏਪੀਏ ਵਰਗੇ ਕਾਲੇ ਕਾਨੂੰਨ ਬਣਾਏ, ਜਨਤਾ ਦੇ ਸਾਰੇ ਵਰਗਾਂ ਉੱਤੇ ਜ਼ੁਲਮ ਜਾਰੀ ਰਹੇ। ਮਨਮੋਹਨ ਸਰਕਾਰ, ਜਿਹੜੀ ੨੦੧੪ ਤੱਕ ਚੱਲੀ, ਭ੍ਰਿਸ਼ਟਾਚਾਰ ਲਈ ਪੂਰੀ ਤਰਾਂ ਬਦਨਾਮ ਹੋ ਗਈ ਅਤੇ ਭਾਜਪਾ ਗਠਜੋੜ ਦੀ ਸਰਕਾਰ ਬਣਾਉਣ ਦਾ ਰਾਹ ਸਾਫ਼ ਕਰ ਦਿੱਤਾ। ਤੁਹਾਨੂੰ ਯਾਦ ਕਰਾ ਦੇਈਏ ਬ੍ਰਿਟਿਸ਼ ਸਾਮਰਾਜਵਾਦ ਦੇ ਪੈਰੋਕਾਰ ਫ਼ਿਲਾਸਫ਼ਰ ਵਿਨਾਇਕ ਸਾਵਰਕਰ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸਿਧਾਂਤਕਾਰ ਗੁਰੂ ਗੋਲਵਲਕਰ ਦੀ ਵਿਚਾਰਧਾਰਾ ਏਨੀ ਖ਼ਤਰਨਾਕ ਸੀ ਜਿਸ ਨੂੰ ਕਾਂਗਰਸ ਨੇ ਅਣਗੌਲਿਆ ਕੀਤਾ ਤੇ ਨਰਮ ਪੱਖ ਰੱਖਿਆ । ਇਹ ਸੰਘੀ ਆਗੂ ਵਿਚਾਰਵਾਨ ਹਿੰਦੂ ਰਾਸ਼ਟਰ ਸਿਰਜਣਾ ਚਾਹੁੰਦੇ ਸਨ ਜਿਸ ਵਿਚ ਹਿੰਦੂ ਧਰਮ ਦਾ ਬੋਲਬਾਲਾ ਹੋਵੇ। ਈਸਾਈ ਮੁਸਲਮਾਨ ਗੁਲਾਮ ਬਣਕੇ ਰਹਿਣ ਤੇ ਹਿੰਦੂਆਂ ਦੇ ਬਰਾਬਰ ਕੋਈ ਅਧਿਕਾਰ ਨਾ ਹੋਣ। ਇਸੇ ਲੜੀ ਵਿੱਚ, ਮੋਦੀ ਸਰਕਾਰ ਦੁਆਰਾ ਸੰਸਦ ਰਾਹੀਂ ਸਿਟੀਜ਼ਨਸ਼ਿਪ ਸੋਧ ਕਾਨੂੰਨ ਨੂੰ ਪਾਸ ਕੀਤਾ ਗਿਆ। ਮੋਦੀ ਸਰਕਾਰ ਸੰਘ ਅਤੇ ਕਾਰਪੋਰੇਟ ਗਠਜੋੜ ਦੀ ਸਰਕਾਰ ਹੈ। ਖਣਿਜਾਂ ਅਤੇ ਕੁਦਰਤੀ ਸਰੋਤਾਂ ਦੇ ਭੰਡਾਰਾਂ ਨੂੰ ਕਾਰਪੋਰੇਟ ਦੇ ਹਵਾਲੇ ਕੀਤਾ ਜਾ ਰਿਹਾ ਹੈ। ਧਰਤੀ ਤੇ ਵਾਤਾਵਰਣ ਨੂੰ ਕਾਰਪੋਰੇਟ ਰਾਹੀਂ ਉਜਾੜਿਆ ਜਾ ਰਿਹਾ। ਇਸ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਕਾਂਗਰਸ ਵਾਂਗ ਮਾਓਵਾਦ ਅੱਤਵਾਦ ਦਾ ਰੌਲਾ ਪਾਕੇ ਇਸ ਕਾਰਪੋਰੇਟ ਦੀ ਲੁੱਟ ਨੂੰ ਜਾਰੀ ਰੱਖਿਆ ਜਾ ਰਿਹਾ ਹੈ। ਇਸਲਾਮਿਕ ਅੱਤਵਾਦ ਵੀ ਮੋਦੀ ਸਰਕਾਰ ਦੀ ਹਿੱਟ ਲਿਸਟ ਵਿਚ ਸ਼ਾਮਲ ਹੋ ਗਿਆ ਹੈ। ਵੈਸੇ ਵੀ, ਸੰਘ ਪਹਿਲਾਂ ਹੀ ਆਪਣੇ ਤਿੰਨ ਵੱਡੇ ਦੁਸ਼ਮਣਾਂ ਇਸਲਾਮ, ਈਸਾਈ ਅਤੇ ਦੇਸ਼ ਦੇ ਅੰਦਰ ਕਮਿਊਨਿਸਟ ਮੰਨ ਚੁੱਕਾ ਹੈ। ਹੁਣ ਸਿੱਖ ਤੇ ਪੰਜਾਬ ਇਸ ਦੇ ਏਜੰਡੇ ਵਿਚ ਸ਼ਾਮਿਲ ਹਨ। ਮੋਦੀ ਸਰਕਾਰ ਦੀਆਂ ਕਾਰਪੋਰੇਟ ਨੀਤੀਆਂ ਕਾਰਨ ਕਿਸਾਨ, ਗ਼ਰੀਬ ਮਜ਼ਦੂਰ, ਛੋਟੇ ਕਾਰੋਬਾਰੀ ਤਬਾਹ ਹੋ ਚੁੱਕੇ ਹਨ। ਆਰ ਐਸ ਐਸ ਆਪਣੇ ਵਿਚਾਰਧਾਰਕ ਰਾਜਸੀ ਵਿਰੋਧੀਆਂ ਨੂੰ ਦੇਸ਼ ਦੇ ਗ਼ੱਦਾਰਾਂ ਵਜੋਂ ਕਾਲੇ ਕਾਨੂੰਨਾਂ ਤਹਿਤ ਜੇਲ ਭਿਜਵਾ ਰਹੀ ਹੈ। ਲੁੱਟ ਅਤੇ ਦਮਨ ਦੀ ਇਹ ਸੰਗਠਿਤ ਮੁਹਿੰਮ ਮੋਦੀ ਸਰਕਾਰ ਚਲਾ ਰਹੀ ਹੈ। ਦਲਿਤਾਂ, ਆਦਿਵਾਸੀਆਂ, ਘੱਟ ਗਿਣਤੀਆਂ ਅਤੇ ਔਰਤਾਂ 'ਤੇ ਜ਼ੁਲਮ ਵੱਧ ਰਹੇ ਹਨ। ਯੂ ਪੀ ਵਿਚ ਠਾਕੁਰਾਂ ਦੇ ਜ਼ੁਲਮ ਦਲਿਤਾਂ ਉੱਪਰ ਵਧ ਗਏ ਹਨ। ਮੋਦੀ ਸਰਕਾਰ ਨੇ ਲੋਕਤੰਤਰ ਦੇ ਸਾਰੇ ਅਦਾਰਿਆਂ ਨੂੰ ਅੰਦਰੋਂ ਬੁਰੀ ਤਰਾਂ ਕਮਜ਼ੋਰ ਕਰ ਦਿੱਤਾ ਹੈ ਤਾਂ ਜੋ ਭਗਵੇਂ ਰਾਸ਼ਟਰਵਾਦ ਦੀ ਸਿਰਜਣਾ ਵੱਲ ਵਧਿਆ ਜਾ ਸਕੇ। ਇਸੇ ਲਈ ਰਾਜਾਂ ਨੂੰ ਮਿਲੇ ਮਾੜੇ ਮੋਟੇ ਅਧਿਕਾਰ ਵੀ ਖ਼ਤਮ ਕੀਤੇ ਜਾ ਰਹੇ ਹਨ। ਕਾਰਜ ਪਾਲਿਕਾ ਅਤੇ ਅਫ਼ਸਰਸ਼ਾਹੀ ਬਹੁਤ ਹੱਦ ਤਕ ਬ੍ਰਿਟਿਸ਼ ਰਾਜ ਤੇ ਕਨੂੰਨ ਵਾਂਗ ਚਲਾਈ ਜਾ ਰਹੀ ਹੈ। ਬਹੁਤ ਸਾਰੇ ਨੌਕਰਸ਼ਾਹ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਭਾਜਪਾ ਦੇ ਕਾਰਕੁਨ ਬਣੇ ਹੋਏ ਹਨ। ਅਦਾਲਤ, ਖ਼ਾਸਕਰ ਸੁਪਰੀਮ ਕੋਰਟ, ਜੋ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਲਈ ਜ਼ਿੰਮੇਵਾਰ ਸੀ, ਨੇ ਰਾਸ਼ਟਰੀ ਮਹੱਤਵ ਦੇ ਬਹੁਤ ਸਾਰੇ ਮੁੱਦਿਆਂ 'ਤੇ ਸਰਕਾਰ ਦੀਆਂ ਗ਼ਲਤੀਆਂ ਨਾਲ ਸਮਝੌਤਾ ਕੀਤਾ ਹੈ। ਇਸ ਪ੍ਰਸੰਗ ਵਿੱਚ ਦੋ ਸਾਲ ਪਹਿਲਾਂ ਸੁਪਰੀਮ ਕੋਰਟ ਦੇ ਕਾਰਜਕਾਰੀ ਜੱਜਾਂ ਦੀ ਪ੍ਰੈੱਸ ਕਾਨਫ਼ਰੰਸ ਇਸ ਦੀ ਇੱਕ ਵੱਡੀ ਉਦਾਹਰਨ ਹੈ ਕਿ ਕਿਵੇਂ ਸੁਪਰੀਮ ਕੋਰਟ ਵਿੱਚ ਲੋਕਤੰਤਰ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਭਾਰਤੀ ਸੰਵਿਧਾਨ, ਲੋਕਤੰਤਰ ਤੇ ਭਾਰਤ ਦਾ ਵਨ ਸਵੰਨਾ ਸੱਭਿਆਚਾਰ ਅਤੇ ਸੱਭਿਅਤਾ ਵੀ ਇਕ ਡੂੰਘੇ ਖ਼ਤਰੇ ਵਿਚੋਂ ਲੰਘ ਰਹੇ ਹਨ। ਮੋਦੀ ਸਰਕਾਰ ਖ਼ਿਲਾਫ਼ ਵਿਰੋਧੀ ਧਿਰਾਂ ਦੀ ਰਾਜਨੀਤੀ ਫਲਾਪ ਸਿੱਧ ਹੋ ਚੁੱਕੀ ਹੈ। ਕਾਂਗਰਸ ਅਤੇ ਖੇਤਰੀ ਪਾਰਟੀਆਂ ਨੇ ਭਗਵੇਂ ਸਰਵੋਤਮਵਾਦ ਅਤੇ ਕਾਰਪੋਰੇਟ ਨਾਲ ਸਮਝੌਤਾ ਕੀਤਾ ਹੋਇਆ ਹੈ। ਇਨਾਂ ਪਾਰਟੀਆਂ ਦੀਆਂ ਸਰਕਾਰਾਂ ਦਾ ਚਰਿੱਤਰ ਵੀ ਗੈਰ ਲੋਕਤੰਤਰੀ ਅਤੇ ਤਾਨਾਸ਼ਾਹੀ ਵਾਲਾ ਹੈ। ਹੁਣ ਤੱਕ ਸਿਵਲ ਅੰਦੋਲਨ ਵਿਚ ਜੋ ਵਿਰੋਧ ਮੋਦੀ ਸਰਕਾਰ ਦਾ ਵੇਖਿਆ ਜਾ ਰਿਹਾ ਹੈ, ਉਹ ਕਿਸਾਨ, ਮਜ਼ਦੂਰਾਂ ਮੁਲਾਜ਼ਮ ਤੇ ਬੇਰੁਜ਼ਗਾਰ ਕਰ ਰਹੇ ਹਨ। ਮੋਦੀ ਸਰਕਾਰ ਵਿਰੋਧੀ ਪਾਰਟੀਆਂ ਵਿਚ ਇਹ ਤੰਤ ਖ਼ਤਮ ਹੋ ਚੁੱਕਿਆ ਹੈ।

ਆਉਣ ਵਾਲੇ ਦਿਨਾਂ ਵਿਚ ਇਹ ਸਾਰੀਆਂ ਲਹਿਰਾਂ ਤੇਜ਼ ਹੋ ਜਾਣਗੀਆਂ। ਇਹ ਅੰਦੋਲਨ ਤਾਂ ਹੀ ਸਫਲ ਹੋਣਗੇ ਜੇ ਯੋਜਨਾਬੱਧ ਜਨਤਕ ਨੀਤੀ ਤਹਿਤ ਚੱਲਣਗੇ। ਸਾਨੂੰ ਗੁਰੂ ਬਾਬੇ ਨਾਨਕ ਤੇ ਮਹਾਨ ਬੁੱਧ ਦੀ ਲੋੜ ਹੈ, ਯੁੱਧ ਦੀ ਨਹੀਂ ਜੋ ਗਵਾਂਢੀਆਂ ਨਾਲ ਤਕਰਾਰ ਕਾਰਨ ਸੰਭਾਵਿਤ ਬਣੇ ਹੋਏ ਹਨ। ਭਾਰਤ ਵਿੱਚ ਸਭ ਤੋਂ ਵੱਧ ਲੋਕ ਖੇਤੀਬਾੜੀ ਨਾਲ ਸੰਬੰਧਿਤ ਹਨ। ਇਨਾਂ ਕਾਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ ਭਾਰਤ ਦੇ ਬਹੁਜਨ ਵਰਗ ਤੇ ਕਿਸਾਨੀ ਦਾ ਕਾਰੋਬਾਰ ਤੇ ਧੰਦਾ ਖ਼ਤਮ ਹੋ ਜਾਵੇਗਾ। ਉਨਾਂ ਦੀ ਰੋਜ਼ੀ ਰੋਟੀ ਕਾਰਪੋਰੇਟ ਦੇਵਤਿਆਂ ਅੱਗੇ ਬਲੀ ਚਾੜ ਦਿੱਤੀ ਜਾਵੇਗੀ। ਮੰਡੀ ਵਿਚ ਕੰਮ ਕਰਨ ਵਾਲੇ ਮਜ਼ਦੂਰ ਤੋਂ ਲੈ ਕੇ ਕਿਸਾਨ ਅਤੇ ਖੇਤ ਮਜ਼ਦੂਰਾ ਤਕ ਸਭ ਪ੍ਰਭਾਵਿਤ ਹੋਣਗੇ। ਛੋਟੇ ਦੁਕਾਨਦਾਰ ਤੇ ਹਰੇਕ ਵਰਗ ਨੂੰ ਕਾਰਪੋਰੇਟਾਂ ਦੀ ਲੁੱਟ ਕਾਰਨ ਮਹਿੰਗਾਈ ਦਾ ਸਾਹਮਣਾ ਕਰਨਾ ਪਵੇਗਾ। ਖੇਤੀਬਾੜੀ ਕਾਰੋਬਾਰ ਦਾ ਇੱਕ ਵੱਡਾ ਵਰਗ ਪੂੰਜੀਪਤੀਆਂ ਦੇ ਅਧੀਨ ਹੋ ਜਾਵੇਗਾ, ਜਿਸ ਦਾ ਨਿਵੇਸ਼ ਹੁਣ ਇਸ ਖੇਤੀ ਸੈਕਟਰ ਵਿੱਚ ਹੋਵੇਗਾ। ਇਹ ਸਾਫ਼ ਹੈ ਕਿ ਮੋਦੀ ਸਰਕਾਰ ਦੀ ਨੀਅਤ ਕਾਨੂੰਨ ਦੇ ਪਿੱਛੇ ਕਿੰਨੀ ਖ਼ਤਰਨਾਕ ਹੈ। ਦੇਸ ਦੇ ਕਿਸਾਨਾਂ ਨੂੰ ਘਸਿਆਰੇ ਬਣਾਉਣ ਦੀ ਨੀਤੀ ਹੈ। ਐਮ ਐਸ ਪੀ (ਘੱਟੋ ਘੱਟ ਸਮਰਥਨ ਮੁੱਲ) ਨੂੰ ਲੈ ਕੇ ਵਿਰੋਧੀ ਧਿਰਾਂ ਤੇ ਕਿਸਾਨਾਂ ਵਲੋਂ ਕਰੜਾ ਵਿਰੋਧ ਕੀਤਾ ਜਾ ਰਿਹਾ ਹੈ। ਮੋਦੀ ਜੀ ਇਹ ਐਲਾਨ ਕਿਉ ਨਹੀਂ ਕਰ ਰਹੇ ਕਿ ਕੋਈ ਵੀ ਵਪਾਰੀ ਜਾਂ ਵੱਡੀ ਕੰਪਨੀ ਖੁੱਲੇ ਬਾਜ਼ਾਰ ਵਿਚ ਐਮ ਐਸ ਪੀ ਦੇ ਅਧੀਨ ਹੀ ਫ਼ਸਲ ਖ਼ਰੀਦੇਗੀ।

# ਭਗਵਾਨ ਰਾਮ ਦੀ ਸਫਲ ਵਾਪਸੀ; ਰਾਮ ਰਾਜ ਬਨਾਮ ਹਿੰਦੂ ਰਾਸ਼ਟਰਵਾਦ

**✪ ਦਲਿਤ ਬੱਚੀਆਂ ਨਾਲ ਠਾਕੁਰ ਗੁੰਡਿਆਂ ਵਲੋਂ ਸਮੂਹਿਕ ਬਲਾਤਕਾਰ ✪ ਦਿੱਲੀ ਦੰਗਿਆਂ ਦੇ ਝੂਠੇ ਕੇਸ ਤੇ ਬਾਬਰੀ ਮਸਜਿਦ ਬਾਰੇ ਅਨਿਆਂ ਪੁਲੀਸ ਸਟੇਟ ਵੱਲ ਵਧਦੇ ਕਦਮ ✪ ਐਮਨੇਸਟੀ ਇੰਟਰਨੈਸ਼ਨਲ ਨੂੰ ਦਿੱਲੀ ਦੰਗਿਆਂ ਵਿਚ ਪੁਲਿਸ ਦੀ ਭੂਮਿਕਾ ਸਾਹਮਣੇ ਲਿਆਉਣ ਕਾਰਨ ਭਾਰਤ ਛੱਡਣਾ ਪਿਆ ✪ ਅਸਲ ਕਾਤਲ ਅਤੇ ਹਿੰਸਾ ਦੇ ਦੋਸ਼ੀ ਸੜਕਾਂ ’ਤੇ ਖੁੱਲ ਕੇ ਘੁੰਮਣਗੇ ਅਤੇ ਚੋਣਾਂ ਜਿੱਤਣਗੇ, ਇਹ ਸਾਰੀ ਪ੍ਰਕਿਰਿਆ ਇੱਕ ਸਜ਼ਾ ਹੈ**



**- ਅਰੁੰਧਤੀ ਰੋਇ**

ਜਿਵੇਂ ਹੀ ਦੀਵਾਲੀ ਨੇੜੇ ਆ ਰਹੀ ਹੈ, ਅਤੇ ਹਿੰਦੂ ਲੋਕ ਆਪਣੇ ਰਾਜ ਅਯੁਧਿਆ ਵਿਚ ਭਗਵਾਨ ਰਾਮ ਦੀ ਸਫਲ ਵਾਪਸੀ ਦਾ ਉਤਸਵ ਮਨਾਉਣ ਦੀ ਤਿਆਰੀ ਕਰ ਰਹੇ ਹਨ । ਸਾਡੇ ਵਰਗੇ ਬਾਕੀ ਲੋਕਾਂ ਨੂੰ ਬਸ ਭਾਰਤੀ ਲੋਕਤੰਤਰ ਦੇ ਘਾਣ ਦਾ ਦੁਖਾਂਤ ਭੋਗਣਾ ਪਵੇਗਾ। ਭਗਵਿਆਂ ਦੀ ਸਫਲਤਾਵਾਂ ਦੇ ਜਸ਼ਨ ਤੋਂ ਹੀ ਸਾਨੂੰ ਤਸਲੀ ਕਰਨੀ ਪਵੇਗੀ। ਇਕ ਬੇਚੈਨ ਕਰ ਦੇਣ ਵਾਲੀ ਠਾਕੁਰਾਂ ਦੀ ਹਵਸ ਦੀ ਸ਼ਿਕਾਰ ਪੀੜਤਾ ਦੇ ਗੁਪਤ ਸਸਕਾਰ ਦੀ ਸਰਕਾਰੀ ਸਾਜਿਸ਼ ਤਹਿਤ ਸਬੂਤ ਮਿਟਾਉਣ ਦੀਆਂ ਸਾਜਿਸ਼ਾਂ ਤੇ ਨਵੀਂ ਪੁਲਸੀਆਂ ਕਹਾਣੀਆਂ ਸਿਰਜਣ ਦੀਆਂ ਕਨਸੋਆਂ ਮਿਲ ਰਹੀਆਂ ਹਨ। ਕੀ ਇਹੋ ਜਿਹੇ ਸਿਸਟਮ , ਸਭਿਅਤਾ ਉਪਰ ਮਾਣ ਕੀਤਾ ਜਾ ਸਕਦਾ ਹੈ ਜੋ ਏਨਾ ਵਹਿਸ਼ੀ ਹੋਵੇ। ਸਤੰਬਰ ਦੇ ਅੱਧ ਵਿਚ, ਖ਼ਬਰਾਂ ਆਈਆਂ ਕਿ ਉੱਤਰ ਪ੍ਰਦੇਸ਼ ਦੇ ਹਥਰਸ ਵਿੱਚ ਪ੍ਰਭਾਵਸ਼ਾਲੀ ਜਾਤੀ ਠਾਕੁਰਾਂ ਨੇ 19 ਸਾਲ ਦੀ ਇੱਕ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਅਤੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਸ ਦਾ ਪਰਿਵਾਰ ਪਿੰਡ ਦੇ 15 ਦਲਿਤ ਪਰਿਵਾਰਾਂ ਵਿਚੋਂ ਇਕ ਸੀ, ਜਿਥੇ 600 ਪਰਿਵਾਰਾਂ ਵਿਚੋਂ ਜ਼ਿਆਦਾਤਰ ਬ੍ਰਾਹਮਣਾਂ ਅਤੇ ਠਾਕੁਰਾਂ ਨਾਲ ਸਬੰਧਤ ਅਬਾਦੀ ਵਸਦੀ ਸੀ। ਰਾਜ ਦੇ ਮੁੱਖ ਮੰਤਰੀ ਅਜੈ ਸਿੰਘ ਬਿਸ਼ਟ , ਜੋ ਆਪਣੇ ਆਪ ਨੂੰ ਭਗਵਾਂ ਅਤੇ ਯੋਗੀ ਆਦਿੱਤਿਆਨਾਥ ਅਖਵਾਉਂਦੇ ਹਨ, ਉਸੇ ਠਾਕੁਰ ਜਾਤੀ ਵਿਚੋਂ ਆਏ ਹਨ। ਸਾਰੇ ਇਸ਼ਾਰਿਆਂ ਤੋਂ ਸੰਕੇਤ ਮਿਲਦਾ ਹੈ ਕਿ ਯੋਗੀ ਆਦਿੱਤਿਆਨਾਥ ਆਉਣ ਵਾਲੇ ਸਮੇਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਗਾ ਲੈਣ ਜਾ ਰਿਹਾ ਹੈ। ਹਮਲਾਵਰ ਪਿਛਲੇ ਕੁਝ ਸਮੇਂ ਤੋਂ ਇਸ ਦਲਿਤ ਲੜਕੀ ਦਾ ਪਿੱਛਾ ਕਰ ਰਹੇ ਸਨ ਅਤੇ ਉਸ ਨੂੰ ਡਰਾਉਂਦੇ ਅਤੇ ਧਮਕਾਉਂਦੇ ਰਹੇ। ਇਹਨਾਂ ਵਿਗੜੇ ਠਾਕੁਰ ਗੁੰਡਿਆਂ ਤੋਂ ਇਸ ਲੜਕੀ ਨੂੰ ਬਚਾਉਣ ਵਾਲਾ ਕੋਈ ਵੀ ਨਹੀਂ ਸੀ, ਜਿਸ ਤੋਂ ਉਹ ਮਦਦ ਮੰਗਦੀ। ਇਸ ਲਈ ਉਹ ਆਪਣੇ ਘਰ ਵਿੱਚ ਲੁਕ ਜਾਂਦੀ ਸੀ ਅਤੇ ਬਹੁਤ ਹੀ ਘੱਟ ਬਾਹਰ ਜਾਂਦੀ ਸੀ। ਉਹ ਅਤੇ ਉਸਦੇ ਪਰਿਵਾਰ ਨੂੰ ਪਤਾ ਸੀ ਕਿ ਸਥਿਤੀ ਕਿੰਨੀ ਖਤਰਨਾਕ ਹੋ ਸਕਦੀ ਹੈ । ਇਕ ਦਿਨ ਉਸ ਦੀ ਖ਼ੂਨ ਨਾਲ ਭਿੱਜੀ ਹੋਈ ਲਾਸ਼ ਉਸਦੀ ਮਾਂ ਨੇ ਖੇਤ ਵਿਚ ਲਭੀ ਸੀ , ਜਿਥੇ ਉਹ ਗਾਵਾਂ ਨੂੰ ਚਰਾਉਣ ਲਈ ਜਾਂਦੀ ਸੀ।ਉਸਦੀ ਜੀਭ ਲਗਭਗ ਕੱਟੀ ਹੋਈ ਸੀ। ਉਸਦੀ ਗਰਦਨ ਟੁੱਟੀ ਹੋਈ ਸੀ। ਕੁਟਮਾਰ ਕਾਰਨ ਉਸਨੂੰ ਅੰਧਰੰਗ ਹੋ ਗਿਆ ਸੀ ਤੇ ਉਸਦੇ ਸਰੀਰ ਦਾ ਇੱਕ ਹਿੱਸਾ ਕੰਮ ਨਹੀਂ ਕਰ ਰਿਹਾ ਸੀ।ਲੜਕੀ ਦੋ ਹਫ਼ਤਿਆਂ ਤੋਂ ਜ਼ਿੰਦਾ ਸੀ , ਪਹਿਲਾਂ ਅਲੀਗੜ ਹਸਪਤਾਲ ਵਿਚ, ਉਸ ਤੋਂ ਬਾਅਦ ਜਦੋਂ ਉਸ ਦੀ ਹਾਲਤ ਵਿਗੜ ਗਈ ਤਾਂ ਉਸ ਨੂੰ ਦਿੱਲੀ ਦੇ ਇਕ ਹਸਪਤਾਲ ਦਾਖਲ ਕਰਵਾਇਆ ਗਿਆ। 29 ਸਤੰਬਰ ਦੀ ਰਾਤ ਨੂੰ ਉਸ ਲੜਕੀ ਦੀ ਮੌਤ ਹੋ ਗਈ। ਯੂ.ਪੀ. ਪੁਲਿਸ ਜੋ ਪਿਛਲੇ ਸਾਲ 400 ਲੋਕਾਂ ਨੂੰ ਹਿਰਾਸਤ ਵਿਚ ਲੈ ਕੇ ਚਾਰ ਸੋ ਬੰਦਿਆਂ ਨੂੰ ਕਤਲ ਕਰਨ ਲਈ ਮਸ਼ਹੂਰ ਹੈ। ਇਹ ਯੂ.ਪੀ. ਦੀ ਪੁਲਿਸ ਬਲਾਤਕਾਰ ਪੀੜਤ ਲੜਕੀ ਦੀ ਲਾਸ਼ ਨੂੰ ਲੈ ਕੇ ਰਾਤ ਨੂੰ ਉਸ ਦੇ ਪਿੰਡ ਦੇ ਬਾਹਰ ਪਹੁੰਚੀ। ਉਸਨੇ ਸਦਮੇ ਵਿਚ ਡੁਬੇ ਹੋਏ ਪਰਿਵਾਰ ਨੂੰ ਘਰ ਵਿੱਚ ਕੈਦ ਕਰ ਦਿੱਤਾ। ਪੂਰੇ ਪਰਿਵਾਰ ਨੂੰ ਉਸਦਾ ਚਿਹਰਾ ਨਹੀਂ ਦੇਖਣ ਦਿੱਤਾ। ਹਾਲਾਂ ਕਿ ਚਿਹਰਾ ਦਿਖਾਉਣ ਲਈ ਪਰਿਵਾਰ ਨੇ ਪੁਲਿਸ ਦੀਆਂ ਮਿੰਨਤਾਂ ਵੀ ਕੀਤੀਆਂ। ਪੁਲਿਸ ਦੀ ਵਹਿਸ਼ਤ ਦੇਖੋ ਕਿ ਪਰਿਵਾਰ ਨੂੰ ਸਸਕਾਰ ਦੇ ਕਾਰਜ ਤੋਂ ਵਾਂਝਿਆਂ ਕਰ ਦਿੱਤਾ। ਖਾਕੀ ਵਰਦੀ ਦੀਆਂ ਸੰਗੀਨਾਂ ਵਿਚਾਲੇ ਪਟਰੋਲ ਸੁਟਕੇ ਲੜਕੀ ਦੀ ਲਾਸ਼ ਨੂੰ ਫੂਕ ਦਿਤਾ। ਘਬਰਾਹਟ ’ਚ ਡੁੱਬੇ ਲੜਕੀ ਦਾ ਪਰਿਵਾਰ ਮੀਡੀਆ ’ਚ ਉੱਠੇ ਸ਼ੋਰ ਤੋਂ ਸਹਿਮਿਆ ਹੋਇਆ ਸੀ। ਉਹ ਚੰਗੀ ਤਰਾਂ ਜਾਣਦੇ ਸਨ ਕਿ ਲਾਈਟਾਂ ਦੇ ਬੁਝਣ ਬਾਅਦ ਪੁਲਿਸ ਉਨਾਂ ਨੂੰ ਇਸ ਰੌਲੇ ਦੀ ਸਜ਼ਾ ਦੇਵੇਗੀ। ਜੇ ਉਹ ਬਚ ਗਏ ਤਾਂ ਉਹ ਆਪਣੀ ਗੁਲਾਮ ਜ਼ਿੰਦਗੀ ਵਿਚ ਵਾਪਸ ਪਰਤ ਆਉਣਗੇ ਜਿਥੇ ਉਹ ਮਨੂਵਾਦੀ ਜ਼ੁਲਮ ਅਤੇ ਅਪਮਾਨ ਦਾ ਸ਼ਿਕਾਰ ਹੋ ਰਹੇ ਹਨ, ਜਿਥੇ ਉਹ ਅਛੂਤ ਹੋਣ ਦਾ ਸੰਤਾਪ ਭੋਗਦੇ ਹਨ ਅਤੇ ਉਹਨਾਂ ਨਾਲ ਪਸ਼ੂਆਂ ਨਾਲੋਂ ਮਾੜਾ ਵਰਤਾਓ ਕੀਤਾ ਜਾਂਦਾ ਹੈ। ਸਸਕਾਰ ਤੋਂ ਅਗਲੇ ਦਿਨ ਬਾਅਦ, ਜਦੋਂ ਪੁਲਿਸ ਨੂੰ ਹੌਸਲਾ ਹੋ ਗਿਆ ਕਿ ਲਾਸ਼ ਦਾ ਸੁਰੱਖਿਅਤ ਸਫਾਇਆ ਕਰ ਦਿੱਤਾ ਗਿਆ ਸੀ , ਤਾਂ ਉਨਾਂ ਐਲਾਨ ਕੀਤਾ ਕਿ ਲੜਕੀ ਨਾਲ ਬਲਾਤਕਾਰ ਨਹੀਂ ਹੋਇਆ ।ਉਸ ਦਾ ਸਿਰਫ ਕਤਲ ਕੀਤਾ ਗਿਆ । ਇਹ ਉਹ ਅਜਮਾਇਆ ਹੋਇਆ ਪੁਲਸੀਆ ਤਾਰੀਕਾ ਹੈ ਜਿਸਦੇ ਰਾਹੀਂ ਜਾਤੀ ਅਤਿਆਚਾਰਾਂ ਤੇ ਵਹਿਸ਼ੀਪੁਣੇ ਉਪਰ ਮਿਟੀ ਪਾ ਦਿਤੀ ਜਾਂਦੀ ਹੈ । ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਅਦਾਲਤਾਂ, ਹਸਪਤਾਲ ਦੇ ਰਿਕਾਰਡ ਅਤੇ ਮੁੱਖ ਧਾਰਾ ਮੀਡੀਆ ਇਸ ਪ੍ਰਕਿਰਿਆ ਵਿਚ ਪੀੜਤਾ ਧਿਰ ਦਾ ਸਾਥ ਦੇਵੇਗਾ ਤਾਂ ਜੋ ਇਨਸਾਫ ਦੀ ਗਲ ਤੁਰ ਸਕੇ ਤੇ ਵਹਿਸ਼ੀ ਮਨੂਵਾਦੀਆਂ ਨੂੰ ਸਖਤ ਸਜ਼ਾ ਮਿਲ ਸਕੇ ਜੋ ਦਲਿਤ ਲੜਕੀਆਂ ਨੂੰ ਸੋਖਾ ਸ਼ਿਕਾਰ ਸਮਝਦੇ ਲਕੜਬਗਿਆਂ ਵਾਂਗ ਹਮਲਾ ਕਰਦੇ ਹਨ।

### ਬਾਬਰੀ ਮਸਜਿਦ ਦਾ ਦੁਖਾਂਤ ਤੇ ਅਨਿਆਂ

ਹਥਰਸ ਦੇ ਪਿੰਡ ਦੇ ਬਾਹਰ, ਇਸ ਸਸਕਾਰ ਤੋਂ ਕੁਝ ਘੰਟਿਆਂ ਬਾਅਦ, 30 ਸਤੰਬਰ ਦੀ ਸਵੇਰ ਨੂੰ ਸੀਬੀਆਈ ਦੀ ਇੱਕ ਵਿਸ਼ੇਸ਼ ਅਦਾਲਤ ਨੇ ਬਾਬਰੀ ਮਸਜਿਦ ਢਾਹੁਣ ਬਾਰੇ ਸਾਨੂੰ ਅਨਿਆਂ ਦਾ ਜ਼ੋਰਦਾਰ ਸਬੂਤ ਦਿਤਾ। 28 ਸਾਲਾਂ ਤਕ ਧਿਆਨ ਨਾਲ ਵਿਚਾਰ ਕਰਨ ਤੋਂ ਬਾਅਦ ਅਦਾਲਤ ਨੇ 32 ਵਿਅਕਤੀਆਂ ਨੂੰ ਬਰੀ ਕਰ ਦਿੱਤਾ, ਜਿਨਾਂ ਉੱਤੇ 1992 ਵਿੱਚ ਬਾਬਰੀ ਮਸਜਿਦ ਢਾਹੁਣ ਦੀ ਸਾਜਿਸ਼ ਰਚਣ ਦੇ ਦੋਸ਼ ਲੱਗੇ ਸਨ। ਇਹ ਇਕ ਅਜਿਹੀ ਘਟਨਾ ਸੀ ਜਿਸ ਨੇ ਆਧੁਨਿਕ ਭਾਰਤ ਦੇ ਇਤਿਹਾਸ ਨੂੰ ਬਦਲ ਦਿੱਤਾ। ਬਰੀ ਕੀਤੇ ਗਏ ਵਿਅਕਤੀਆਂ ਵਿੱਚ ਇੱਕ ਸਾਬਕਾ ਗ੍ਰਹਿ ਮੰਤਰੀ, ਇੱਕ ਸਾਬਕਾ ਕੈਬਨਿਟ ਮੰਤਰੀ ਅਤੇ ਇੱਕ ਸਾਬਕਾ ਮੁੱਖ ਮੰਤਰੀ ਸ਼ਾਮਲ ਹਨ।ਅਜਿਹਾ ਲਗਦਾ ਹੈ ਕਿ ਅਸਲ ਵਿੱਚ ਕਿਸੇ ਨੇ ਬਾਬਰੀ ਮਸਜਿਦ ਨੂੰ ਨਹੀਂ ਢਾਹਿਆ। ਘੱਟੋ ਘੱਟ ਕਾਨੂੰਨ ਇਹੀ ਮੰਨਦਾ ਹੈ ।ਸ਼ਾਇਦ ਮਸਜਿਦ ਆਪਣੇ ਆਪ ਡਿੱਗ ਗਈ ਹੈ। ਸ਼ਾਇਦ ਉਹ ਆਪਣੇ ਆਪ ਉਪਰ ਛੈਣੀ ਅਤੇ ਹਥੌੜਾ ਚਲਾ ਕੇ ਮਲੀਆਮੇਟ ਹੋਕੇ ਮਿਟੀ ਵਿਚ ਮਿਲ ਗਈ। ਸ਼ਾਇਦ ਉਸ ਦਿਨ, ਉਹ ਖ਼ੁਦ ਗੁੰਡਿਆਂ ਦੀ ਸਮੂਹਿਕ ਇੱਛਾ ਸ਼ਕਤੀ ਦੇ ਸਾਹਮਣੇ ਚੂਰ-ਚੂਰ ਹੋ ਗਈ ਸੀ। ਇਹਨਾਂ ਸਭਨਾਂ ਦੇ ਲਈ ਇੰਨੇ ਸਾਲ ਪਹਿਲੇ ਛੇ ਦਸੰਬਰ ਦਾ ਦਿਨ ਵੀ ਸ਼ਾਇਦ ਇਸਨੇ ਖੁਦ ਚੁਣਿਆ ਸੀ ਜੋ ਕਿ ਬਾਬਾ ਸਾਹਿਬ ਅੰਬੇਦਕਰ ਦੀ ਬਰਸੀ ਵੀ ਹੈ।ਇਹ ਪਤਾ ਚਲਿਆ ਕਿ ਉਸ ਪੁਰਾਣੀ ਮਸਜਿਦ ਦੇ ਗੁੰਬਦ ਨੂੰ ਔਜਾਰਾਂ ਨਾਲ ਭੰਨਕੇ ਡੇਗਣ ਵਾਲੇ ਭਗਵਿਆਂ ਦੇ ਜੋ ਵੀਡੀਓ ਅਤੇ ਤਸਵੀਰਾਂ ਅਸੀਂ ਵੇਖੀਆਂ , ਗਵਾਹਾਂ ਦੇ ਜੋ ਬਿਆਨ ਪੜੇ ਅਤੇ ਸੁਣੇ ਸਨ, ਉਹ ਸਾਰੀਆਂ ਖਬਰਾਂ ਜੋ ਅਗਲੇ ਮਹੀਨਿਆਂ ਵਿੱਚ ਮੀਡੀਆ ਵਿੱਚ ਘੁੰਮ ਰਹੀਆਂ ਸਨ, ਇਹ ਸਾਡੇ ਮਨ ਦੀਆਂ ਕਲਪਨਾਵਾਂ ਸਨ।ਲਾਲ ਕ੍ਰਿਸ਼ਨ ਅਡਵਾਨੀ ਦੀ ਰੱਥ ਯਾਤਰਾ, ਜਿਸ ਦੌਰਾਨ ਉਸਨੇ ਇੱਕ ਖੁਲੇ ਟਰੱਕ ਵਿੱਚ ਭਾਰਤ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਦੀ ਯਾਤਰਾ ਕੀਤੀ, ਭਾਰੀ ਭੀੜ ਦੇ ਸਾਹਮਣੇ ਭਾਸ਼ਣ ਦਿੱਤੇ, ਸ਼ਹਿਰਾਂ ਨੂੰ ਜਾਮ ਕੀਤਾ, ਸੱਚੇ ਹਿੰਦੂਆਂ ਨੂੰ ਅਯੁੱਧਿਆ ਜਾਣ ਦੀ ਚੁਣੌਤੀ ਦਿੱਤੀ ਤੇ ਕਿਹਾ ਜਿੱਥੇ ਮਸਜਿਦ ਖੜੀ ਹੋਈ ਸੀ ਉਸੇ ਜਗਾ ਉਪਰ ਇਕਠੇ ਹੋਕੇ ਰਾਮ ਮੰਦਰ ਦਾ ਨਿਰਮਾਣ ਕਰੋ।ਇਹ ਸਭ ਕੁਝ ਵੀ ਨਹੀਂ ਹੋਇਆ ਸੀ। ਨਾ ਹੀ ਰਥ ਯਾਤਰਾ ਪਿਛੇ ਹਿੰਸਾ ਜਾਂ ਮੌਤ ਹੋਈ। ‘ਇੱਕ ਧੱਕਾ ਅਤੇ ਦੋ, ਤੋੜ ਬਾਬਰੀ ਮਸਜਿਦ’ ਦਾ ਨਾਅਰਾ ਕਿਸੇ ਨੇ ਨਹੀਂ ਦਿੱਤਾ।ਅਸੀਂ ਸਾਰੇ ਇੱਕ ਸਮੂਹਕ, ਰਾਸ਼ਟਰ ਵਿਆਪੀ ਮਦਹੋਸ਼ੀ ਦਾ ਸ਼ਿਕਾਰ ਹੋ ਗਏ।ਵਿਸ਼ੇਸ਼ ਅਦਾਲਤ ਦੇ ਜੱਜ ਨੇ ਆਪਣੇ 2,300 ਪੰਨਿਆਂ ਦੇ ਵਿਸਤ੍ਰਿਤ ਫ਼ੈਸਲੇ ਵਿੱਚ ਦੱਸਿਆ ਹੈ ਕਿ ਕਿਵੇਂ ਮਸਜਿਦ ਨੂੰ ਢਾਹੁਣ ਦੀ ਕੋਈ ਯੋਜਨਾ ਨਹੀਂ ਸੀ।ਮੈਨੂੰ ਸਵੀਕਾਰ ਕਰਨਾ ਪਏਗਾ ਕਿ ਇਹ ਇਕ ਹੈਰਾਨੀਜਨਕ ਕੰਮ ਹੈ - ਯੋਜਨਾ ਦੀ ਗੈਰ ਮੌਜੂਦਗੀ ਬਾਰੇ ਲਗਭਗ 2,300 ਪੰਨੇ । ਉਹ ਲਿਖਦਾ ਹੈ ਕਿ ਇਸ ਬਾਰੇ ਕੋਈ ਸਬੂਤ ਨਹੀਂ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਦੋਸ਼ੀ ਲੋਕ ਮਸਜਿਦ ਨੂੰ ਢਾਹੁਣ ਦੀ ਯੋਜਨਾ ਬਣਾਉਣ ਲਈ ‘ਇੱਕ ਕਮਰੇ ਵਿੱਚ’ ਮਿਲੇ ਸਨ।।

### ਦਿੱਲੀ ਮੁਸਲਮ ਕਤਲੇਆਮ 2020

ਖੈਰ ਬਾਬਰੀ ਮਸਜਿਦ ਮਲੀਆਮੇਟ ਕਰਨ ਦੀ ਸਾਜ਼ਿਸ਼ ਦਾ ਮਾਮਲਾ ਤਾਂ ਹੁਣ ਖਤਮ ਹੋਇਆ ਹੈ। ਪਰ ਹੁਣ ਇਕ ਦੂਸਰੀ ਸਾਜਿਸ਼ ਹੈ ਜੋ ਅਜੇ ਗਰਮ ਹੈ । 2020 ਦੇ ਦਿਲੀ ਕਤਲੇਆਮ ਦੀ ਸਾਜਿਸ਼,ਜਿਸ ਵਿਚ ਉਤਰ ਪੂਰਬ ਦਿਲੀ ਦੇ ਮਜਦੂਰ ਮਹਲਿਆਂ ਦੇ 53 ਲੋਕ (ਜਿਹਨਾਂ ਵਿਚ 40 ਮੁਸਲਮਾਨ ਸਨ ) ਕਤਲ ਕਰ ਦਿਤੇ ਗਏ ਅਤੇ 581 ਲੋਕ ਜ਼ਖਮੀ ਹੋ ਗਏ ਸਨ । ਮਸਜਿਦਾਂ, ਸ਼ਮਸ਼ਾਨ ਘਾਟਾਂ ਅਤੇ ਮਦਰੱਸਿਆਂ ਨੂੰ ਫੂਕਿਆ ਤੇ ਭੰਨਿਆ ਗਿਆ। ਮੁਸਲਮਾਨਾਂ ਦੇ ਘਰਾਂ, ਦੁਕਾਨਾਂ ਤੇ ਕਾਰੋਬਾਰ ਨੂੰ ਅੱਗ ਲਗਾਕੇ ਤਬਾਹ ਕਰ ਦਿਤਾ ਗਿਆ । ਸਾਜਿਸ਼ ਦੇ ਇਸ ਮਾਮਲੇ ਵਿਚ ਦਿੱਲੀ ਪੁਲਿਸ ਦੀ ਹਜ਼ਾਰਾਂ ਪੰਨਿਆਂ ਦੀ ਚਾਰਜਸ਼ੀਟ ਵਿਚ ਮੁਸਲਮਾਨਾਂ ਤੇ ਖਬੇਪਖੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਤੇ ਯੂਏਪੀਏ ਦੇ ਤਹਿਤ ਦੋਸ਼ ਲਗਾਏ ਗਏ। ਪੁਲੀਸ ਨੇ ਸਾਜਿਸ਼ ਤਹਿਤ ਝੂਠੇ ਦੋਸ਼ ਲਗਾਏ ਕਿ ਦਿੱਲੀ ਦੀ ਸਾਜਿਸ਼ ਮੁਸਲਿਮ ਵਿਦਿਆਰਥੀਆਂ ਅਤੇ ਕਾਰਕੁਨਾਂ, ਗਾਂਧੀਵਾਦੀ, ‘ਸ਼ਹਿਰੀ ਨਕਸਲੀਆਂ’ ਅਤੇ ‘ਖੱਬੇਪੱਖੀ’, ਜੋ ਰਾਸ਼ਟਰੀ ਜਨਸੰਖਿਆ ਰਜਿਸਟਰ (ਐਨਪੀਆਰ), ਰਾਸ਼ਟਰੀ ਰਜਿਸਟਰ ਆਫ ਸਿਟੀਜ਼ਨ (ਐਨਆਰਸੀ) ਅਤੇ ਸਿਟੀਜ਼ਨਸ਼ਿਪ ਸੋਧ ਦੁਆਰਾ ਬਣਾਈ ਗਈ ਸੀ ਜੋ ਕਿ ਐਕਟ (ਸੀਏਏ) ਲਾਗੂ ਕਰਨ ਦਾ ਵਿਰੋਧ ਕਰ ਰਹੇ ਸਨ । ਉਨਾਂ ਦਾ ਵਿਸ਼ਵਾਸ ਸੀ ਕਿ ਮੋਦੀ ਸਰਕਾਰ ਭਾਰਤ ਦੇ ਮੁਸਲਿਮ ਭਾਈਚਾਰੇ ਅਤੇ ਗਰੀਬ ਲੋਕਾਂ ਨੂੰ ਬੇਸਹਾਰਾ ਕਰ ਦੇਵੇਗੀ। ਜਿਨਾਂ ਕੋਲ ਕੋਈ ਲੀਗੇਸੀ ਪੇਪਰ ਨਹੀਂ ਹਨ ਅਰਥਾਤ ਵਿਰਾਸਤੀ ਦਸਤਾਵੇਜ਼ ਨਹੀਂ ਹਨ।ਮੈਂ ਵੀ ਇਹੀ ਮੰਨਦੀ ਹਾਂ.ਅਤੇ ਮੈਨੂੰ ਵਿਸ਼ਵਾਸ ਹੈ ਕਿ ਜੇ ਸਰਕਾਰ ਇਸ ਪ੍ਰਾਜੈਕਟ ਨੂੰ ਜ਼ੋਰ ਨਾਲ ਅੱਗੇ ਵਧਾਉਣ ਦਾ ਫੈਸਲਾ ਕਰਦੀ ਹੈ, ਤਾਂ ਅੰਦੋਲਨ ਦੁਬਾਰਾ ਸ਼ੁਰੂ ਹੋਵੇਗਾ।ਪੁਲਿਸ ਦੇ ਅਨੁਸਾਰ, ਦਿੱਲੀ ਸਾਜ਼ਿਸ਼ ਦੇ ਪਿੱਛੇ ਦਾ ਵਿਚਾਰ ਇਹ ਸੀ ਕਿ ਫਰਵਰੀ ਵਿਚ ਸੰਯੁਕਤ ਰਾਜ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰੀ ਫੇਰੀ ਦੌਰਾਨ ਇੱਕ ਖ਼ੂਨੀ, ਫਿਰਕੂ ਝਗੜਾ ਪੈਦਾ ਕਰਕੇ ਭਾਰਤ ਸਰਕਾਰ ਨੂੰ ਸ਼ਰਮਿੰਦਾ ਕੀਤਾ ਜਾਵੇ।ਇਸ ਚਾਰਜਸ਼ੀਟ ‘ਚ ਜਿਹਨਾਂ ਗੈਰ-ਮੁਸਲਿਮ ਨਾਵਾਂ’ ਨੂੰ ਸਾਮਲ ਕੀਤਾ ਗਿਆ । ਉਹਨਾਂ ਤੇ ਇਹਨਾਂ ਅੰਦੋਲਨਾਂ ਨੂੰ ‘ਧਰਮ ਨਿਰਪੱਖ ਰੰਗ’ ਦੇਣ ਦੀ ਸਾਜਿਸ਼ ਰਚਣ ਦਾ ਦੋਸ਼ ਲਾਇਆ ਗਿਆ ਹੈ।ਧਰਨੇ ਅਤੇ ਅੰਦੋਲਨ ਦੀ ਅਗਵਾਈ ਕਰਨ ਵਾਲੀਆਂ ਹਜ਼ਾਰਾਂ ਮੁਸਲਿਮ ਔਰਤਾਂ ’ਤੇ ‘ਲਾਮਬੰਦੀ’ ਦਾ ਦੋਸ਼ ਲਗਾਇਆ ਗਿਆ ਕਿ ਅੰਦੋਲਨ ਨੂੰ ‘ਜੈਂਡਰ ਕਵਰ’(ਔਰਤਾਂ ਦੀ ਢਾਲ) ਮਿਲ ਜਾਵੇ।ਝੰਡਾ ਲਹਿਰਾਉਣਾ ਅਤੇ ਲੋਕਾਂ ਦੁਆਰਾ ਭਾਰਤੀ ਸੰਵਿਧਾਨ ਦੀ ਉਸਤਤ ਕਰਨਾ ਇਨਾਂ ਅੰਦੋਲਨਾਂ ਦੀ ਵਿਸ਼ੇਸ਼ਤਾ ਬਣ ਗਏ । ਪਰ ਪੁਲੀਸ ਨੇ ਇਸ ਨੂੰ ਹਿੰਸਕ ਤੇ ਦੇਸ ਵਿਰੋਧੀ ਐਲਾਨਿਆ। ਨੌਜਵਾਨ ਵਿਦਵਾਨ ਡਾ: ਉਮਰ ਖਾਲਿਦ ਜਿਸ ਨੂੰ ਮੈਂ ਚੰਗੀ ਤਰਾਂ ਜਾਣਦੀ ਹਾਂ, ਨੂੰ ਪੁਲਿਸ ਤੇ ਮੀਡੀਏ ਵਲੋਂ ਝੂਠੇ ਦੋਸ਼ ਲਾ ਕੇ ਅਤਵਾਦੀ ਕਹਿਕੇ ਤੰਗ ਪ੍ਰੇਸ਼ਾਨ ਕੀਤਾ ਗਿਆ ।ਹੁਣ ਪੁਲਿਸ ਦਾ ਕਹਿਣਾ ਹੈ ਕਿ ਉਹ ਦਿੱਲੀ ਦੀ ਸਾਜਿਸ਼ ਵਿੱਚ ਇੱਕ ਅਹਿਮ ਵਿਅਕਤੀ ਹੈ । ਜਿਹੜੀਆਂ ਚੀਜ਼ਾਂ ਪੁਲਿਸ ਉਸ ਦੇ ਵਿਰੁੱਧ ਸਬੂਤ ਵਜੋਂ ਇਕੱਠੀ ਕਰ ਰਹੀ ਹੈ, ਉਹ ਦਸ ਲਖ ਤੋਂ ਜਿਆਦਾ ਪੰਨਿਆਂ ’ਤੇ ਹਨ। ਇਹ ਉਹੀ ਸਰਕਾਰ ਹੈ, ਜਿਸਨੇ ਕਿਹਾ ਕਿ ਇਕ ਕਰੋੜ ਮਜ਼ਦੂਰਾਂ ਬਾਰੇ ਉਸ ਕੋਲ ਕੋਈ ਅੰਕੜਾ ਨਹੀਂ ਹੈ ਜੋ ਮਾਰਚ ਵਿਚ ਸੈਂਕੜੇ ਲੋਕ ਹਜ਼ਾਰਾਂ ਮੀਲ ਪੈਦਲ ਆਪਣੇ ਘਰਾਂ ਨੂੰ ਤੁਰ ਪਏ ਸਨ, ਜਦੋਂ ਮੋਦੀ ਨੇ ਦੁਨੀਆ ਦੇ ਸਭ ਤੋਂ ਬੇਰਹਿਮ ਕੋਵਿਡ ਲਾਕਡਾਊਨ ਦਾ ਐਲਾਨ ਕਰਨ ਦਾ ਐਲਾਨ ਕੀਤਾ। ਸਰਕਾਰ ਨੇ ਕਿਹਾ ਕਿ ਉਸਨੂੰ ਕੁਛ ਪਤਾ ਨਹੀਂ ਕਿੰਨੇ ਬਿਮਾਰ ਹੋ ਗਏ, ਕਿੰਨੇ ਭੁੱਖ ਮਰੀ ਦਾ ਸ਼ਿਕਾਰ ਹੋਏ।ਕਿੰਨੇ ਬਿਮਾਰ ਪਏ।ਉਮਰ ਖਾਲਿਦ ਖ਼ਿਲਾਫ਼ ਇਕੱਤਰ ਕੀਤੇ ਗਏ ਇਹਨਾਂ 10 ਲੱਖ ਪੇਜਾਂ ਵਿੱਚ ਜਾਫਰਾਬਾਦ ਮੈਟਰੋ ਸਟੇਸ਼ਨ ਦਾ ਸੀਸੀਟੀਵੀ ਫੁਟੇਜ ਸ਼ਾਮਲ ਨਹੀਂ ਹੈ, ਜਿੱਥੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਸਨੇ ਇਹ ਝੂਠੀਆਂ ਸਾਜਿਸ਼ਾਂ ਰਚੀਆਂ ਅਤੇ ਭੜਕਾਊ ਗੱਲਾਂ ਕੀਤੀਆਂ।

ਬਾਕੀ ਸਫ਼ਾ 27’ਤੇ

# ਹੁਣ ਆਇਆ ਭਾਰਤ ਵਿਚ ਨੁਕਸਦਾਰ ਅਸਲੇ ਤੇ ਬਰੂਦ ਦਾ ਘਪਲਾ

**✪ ਇਕ ਰਿਪੋਰਟ ਮੁਤਾਬਿਕ .ਫੌਜ ਵਿਚ ੨੦੧੪ ਤੋਂ ੨੦੧੯ ਤੱਕ ਨੁਕਸਦਾਰ ਅਸਲੇ ਕਾਰਨ ੪੦੩ ਹਾਦਸੇ ਵਾਪਰੇ ਤੇ ਹੋਈਆਂ ੨੫ ਮੌਤਾਂ ✪ .ਫੌਜ ਨੇ ਇਸ ਕਰਕੇ ੯੬੦ ਕਰੋੜ ਦਾ ਅਸਲਾ ਮਿਆਦ ਪੁੱਗਣ ਤੋਂ ਪਹਿਲਾਂ ਹੀ ਬਿਲੇ ਲਾ ਦਿੱਤਾ ✪ .ਫੌਜ ਦੀ ਜਾਂਚ ਵਿਚ ਆਰਡਨੈਂਸ ਫੈਕਟਰੀ ਬੋਰਡ ਨੂੰ ਠਹਿਰਾਇਆ ਜ਼ਿੰਮੇਦਾਰ**

**ਦਿੱਲੀ /ਏ.ਟੀ.ਨਿਊਜ਼:** ਹਾਲ ਹੀ ਵਿਚ ਛਪੀ ਇਕ ਰਿਪੋਰਟ ਮੁਤਾਬਕ ਫੌਜ ਵਿਚ ੨੦੧੪ ਤੋਂ ੨੦੧੯ ਤੱਕ ਨੁਕਸਦਾਰ ਅਸਲੇ ਕਾਰਨ ੪੦੩ ਹਾਦਸੇ ਵਾਪਰੇ ਅਤੇ ਇਨਾਂ ਨਾਲ ੨੫ ਮੌਤਾਂ ਹੋਈਆਂ ਜਦਕਿ ੧੪੬ ਜਵਾਨ ਫੱਟੜ ਹੋਏ। । ਫੌਜ ਦੀ ਅੰਦਰੂਨੀ ਜਾਂਚ ਵਿਚ ਇਸ ਲਈ ਆਰਡਨੈਂਸ ਫੈਕਟਰੀ ਬੋਰਡ (ਓ ਐੱਫ ਬੀ) ਨੂੰ ਜ਼ਿੰਮੇਦਾਰ ਠਹਿਰਾਇਆ ਗਿਆ।ਓ ਐੱਫ ਬੀ ਨੇ ਘਟੀਆ ਕੁਆਲਿਟੀ ਦੇ ਗੋਲੀ-ਸਿੱਕੇ ਕਾਰਨ ਕਈ ਹਾਦਸੇ ਵਾਪਰਨ ਦੀਆਂ ਰਿਪੋਰਟਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਉਹ ਅਜਿਹੇ ਅੰਕੜਿਆਂ ਨੂੰ ਪ੍ਰਵਾਨ ਨਹੀਂ ਕਰਦਾ। ਉਸ ਨੇ ਕਿਹਾ ਹੈ ਕਿ ਇਕ ਤਾਂ ਜਾਂਚ ਰਿਪੋਰਟ ਉਸ ਨਾਲ ਸਾਂਝੀ ਨਹੀਂ ਕੀਤੀ ਗਈ ਤੇ ਦੂਜਾ ਜਾਂਚ ਵਿਚ ਜਿਹੜੇ ਨੁਕਸ ਗਿਣਾਏ ਗਏ ਹਨ, ਉਨਾਂ ਵਿੱਚੋਂ ਸਿਰਫ਼. ੧੯ ਫ਼ੀਸਦੀ ਲਈ ਉਸ ਨੂੰ ਜ਼ਿੰਮੇਵਾਰ ਮੰਨਿਆ ਗਿਆ ਹੈ।

ਇਸ ਤੋਂ ਵੀ ਅੱਗੇ ਜਿਨਾਂ ਘਟਨਾਵਾਂ ਵਿਚ ਜਾਨੀ ਨੁਕਸਾਨ ਹੋਇਆ, ਉਹ ਵੀ ਸਿਰਫ਼ ੨ ਫ਼ੀਸਦੀ ਉਸ ਦੇ ਖਾਤੇ ਪਾਈਆਂ ਗਈਆਂ ਹਨ। ਬੋਰਡ ਨੇ ਇਹ ਸਨਸਨੀਖੇਜ਼ ਗੱਲ ਵੀ ਕਹੀ ਹੈ ਕਿ ੨੦੧੧ ਤੋਂ ੨੦੧੮ ਤੱਕ ੧੨੫ ਤੋਂ ਵੱਧ ਹਾਦਸੇ ਹੋਏ ਅਤੇ ਇਹ ਹਾਦਸੇ ਓ ਐੱਫ ਬੀ ਤੋਂ ਖ਼ਰੀਦੇ ਗੋਲੀ-ਸਿੱਕੇ ਨਾਲ ਨਹੀਂ, ਸਗੋਂ ਦੇਸ਼ ਤੇ ਵਿਦੇਸ਼ਾਂ ਤੋਂ ਖ਼ਰੀਦੇ ਅਸਲੇ ਕਾਰਨ ਹੋਏ, ਪਰ ਜਿਹੜਾ ਅਸਲਾ ਓ ਐੱਫ ਬੀ ਤੋਂ ਖ਼ਰੀਦਿਆ ਜਾਂਦਾ ਹੈ, ਉਸ ਬਾਰੇ ਹੀ ਚਰਚਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਬਹੁਤੇ ਹਾਦਸੇ ੨੦੦੬ ਤੋਂ ਪਹਿਲਾਂ ਤਿਆਰ ਅਸਲੇ ਕਾਰਨ ਹੋਏ ਹਨ। ਉਦੋਂ ਅਸਲਾ ਤਿਆਰ ਕਰਨ ਲਈ ਵਰਤੇ ਜਾਂਦੇ ਕੱਚੇ ਮਾਲ ਦੀ ਜਾਂਚ ਡਾਇਰੈਕਟਰ ਜਨਰਲ ਕੁਆਲਿਟੀ ਐਸ਼ੋਰੈਂਸ (ਡੀ ਜੀ ਕਿਊ ਏ) ਨੇ ਕੀਤੀ ਸੀ ਤੇ ਓ ਐੱਫ ਬੀ ਦਾ ਕੱਚੇ ਮਾਲ ਦੀ ਕੁਆਲਿਟੀ ਉੱਤੇ ਕੋਈ ਕੰਟਰੋਲ ਨਹੀਂ ਹੁੰਦਾ ਸੀ। ਦਰਹਕੀਕਤ, ਜਦੋਂ ੨੦੦੫-੦੬ ਵਿਚ ਕੱਚੇ ਮਾਲ ਦੀ ਕੁਆਲਿਟੀ ਪਰਖਣ ਦੀ ਜ਼ਿੰਮੇਦਾਰੀ ਓ ਐਫ ਬੀ ਨੂੰ ਦਿੱਤੀ ਗਈ, ਉਸ ਤੋਂ ਬਾਅਦ ਹਾਦਸਿਆਂ ਵਿਚ ਕਮੀ ਆਈ ਹੈ।

ਮਾਮਲਾ ਦਰਅਸਲ ਇਹ ਹੈ ਕਿ ਹਰ ਸਰਕਾਰੀ ਅਦਾਰੇ ਦਾ ਨਿੱਜੀਕਰਨ ਕਰਨ ਦੇ ਰਾਹ ਪਈ ਹੋਈ ਮੋਦੀ ਸਰਕਾਰ ਸਰਕਾਰੀ ਅਸਲਾ ਫੈਕਟਰੀਆਂ ਦਾ ਨਿੱਜੀਕਰਨ ਕਰਨਾ ਚਾਹੁੰਦੀ ਹੈ ਅਤੇ ਆਪਣੇ ਹਮਦਰਦ ਕਾਰਪੋਰੇਟੀਆਂ ਨੂੰ ਅਸਲਾ ਬਣਾਉਣ ਦਾ ਠੇਕਾ ਦੇਣਾ ਚਾਹੁੰਦੀ ਹੈ। ਫ਼ੌਜ ਨੇ ਜੁਲਾਈ ਦੀ ਆਪਣੀ ਰਿਪੋਰਟ ਵਿਚ ਆਰਡਨੈਂਸ ਫੈਕਟਰੀ ਬੋਰਡ ਦੇ ਕਾਰਪੋਰੇਟਾਈਜ਼ੇਸ਼ਨ ਦੀ ਸਿਫ਼ਾਰਸ਼ ਕੀਤੀ ਸੀ। ਮੋਦੀ ਸਰਕਾਰ ਵੀ ਇਹੀ ਚਾਹੁੰਦੀ ਹੈ ਤੇ ਉਹ ਦੇਸ਼ ਦੀਆਂ ੪੧ ਆਰਡੀਨੈਂਸ ਫੈਕਟਰੀਆਂ ਅਤੇ ਬੋਰਡ ਦੇ ਤਹਿਤ ਚੱਲਦੇ ੧੩ ਵਿਕਾਸ ਕੇਂਦਰਾਂ ਤੇ ੯ ਇੰਸਟੀਚਿਊਟਾਂ ਨੂੰ ਕਾਰਪੋਰੇਟਾਈਜ਼ ਕਰਨਾ ਚਾਹੁੰਦੀ ਹੈ।

ਸਤੰਬਰ ਵਿਚ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਵਾਲੇ ਮੰਤਰੀਆਂ ਦੇ ਗਰੁੱਪ ਨੂੰ ਸਮੁੱਚੀ ਪ੍ਰਕਿਰਿਆ ਦਾ ਜਾਇਜ਼ਾ ਲੈਣ ਦਾ ਕੰਮ ਵੀ ਸੌਂਪਿਆ ਜਾ ਚੁੱਕਿਆ ਹੈ। ਸਰਕਾਰੀ ਅਸਲਾ ਫ਼ੈਕਟਰੀਆਂ ਦੇ ਵਰਕਰ ਇਸ ਦਾ ਜ਼ੋਰਦਾਰ ਵਿਰੋਧ ਕਰ ਰਹੇ ਹਨ ਤੇ ਉਨਾਂ ੧੨ ਅਕਤੂਬਰ ਨੂੰ ਮੁਲਕਗੀਰ ਹੜਤਾਲ ਦਾ ਵੀ ਸੱਦਾ ਦਿੱਤਾ ਹੋਇਆ ਹੈ।

ਪਿਛਲੇ ਦਿਨੀਂ ਹਾਦਸਿਆਂ ਸੰਬੰਧੀ ਛਪੀ ਰਿਪੋਰਟ ਇਨਾਂ ਫ਼ੈਕਟਰੀਆਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਦਾ ਹੀ ਹਿੱਸਾ ਹੈ। ਇਹੀ ਫ਼ੈਕਟਰੀਆਂ ਹਨ, ਜਿਨਾਂ ਨੇ ਦੇਸ਼ ਦੀ ਅਸਲੇ ਦੀ ਹੁਣ ਤੱਕ ਲੋੜ ਪੂਰੀ ਕੀਤੀ ਹੈ।

# ਜੁਰਮਾਂ ਦਾ ਮਿਊਜ਼ੀਅਮ, ਯੂ ਪੀ

**- ਐਡਵੋਕੇਟ ਗੁਰਮੀਤ ਸਿੰਘ 'ਸ਼ੁਗਲੀ'**

ਘਰਦਿਆਂ ਦੀ ਪ੍ਰਵਾਨਗੀ ਤੋਂ ਬਿਨਾਂ ਜਦ ਯੋਗੀ ਦੀ ਲਾਡਲੀ ਪੁਲਿਸ ਨੇ ਹਦਾਇਤਾਂ ਮੁਤਾਬਿਕ ਅੱਧੀ ਰਾਤ ਤੋਂ ਬਾਅਦ ਕੋਈ ਢਾਈ ਤਿੰਨ ਵਜੇ ਹਾਥਰਸ ਦੀ ਨਿਰਭੈਆ ਨੂੰ ਬਿਨਾਂ ਘਰਦਿਆਂ ਦੀ ਆਗਿਆ ਤੇ ਹਾਜ਼ਰੀ ਦੇ ਜਲਦੀ-ਜਲਦੀ ਅਗਨੀਭੇਂਟ ਕਰ ਦਿੱਤਾ ਤਾਂ ਉਸ ਵਕਤ ਪੀੜਤਾਂ ਦੀ ਮਾਂ, ਭੈਣਾਂ, ਪਿਓ ਅਤੇ ਭਰਾ 'ਤੇ ਕੀ ਬੀਤੀ ਹੋਵੇਗੀ, ਇਹ ਤਾਂ ਕੋਈ ਪਰਿਵਾਰਕ ਮੁਖੀ, ਉਹ ਵੀ ਜੋ ਔਲਾਦ ਵਾਲਾ ਹੋਵੇ, ਉਹ ਹੀ ਜਾਣ ਸਕਦਾ ਹੈ, ਨਾ ਕਿ ਕੋਈ ਸੂਬੇ ਦਾ ਬੇ-ਔਲਾਦ ਮੁਖੀ ਅਨੁਭਵ ਕਰ ਸਕਦਾ ਹੈ। ਪੀੜਤਾਂ ਦੇ ਪਰਿਵਾਰ ਤੋਂ ਉਹ ਅਧਿਕਾਰ ਵੀ ਖੋਹ ਲਏ, ਜੋ ਮੌਤ ਦੇ ਬਾਅਦ ਦੇ ਹੁੰਦੇ ਹਨ।

ਹਾਥਰਸ ਨਿਰਭੈਆ ਕੇਸ ਵਿੱਚ ਜਿੰਨੀ ਜਲਦੀ ਬਾਲੜੀ ਨੂੰ ਅਗਨੀਭੇਂਟ ਕਰਨ ਵਿੱਚ ਦਿਖਾਈ ਗਈ, ਉੱਨੀ ਦੇਰੀ ਬਾਲੜੀ ਦਾ ਕੇਸ ਦਰਜ ਕਰਨ ਵਿੱਚ ਦਿਖਾਈ ਗਈ। ਘਟਨਾ ਤਕਰੀਬਨ ਚੌਦਾਂ ਸਤੰਬਰ ਦੀ ਹੈ, ਪਰ ਐੱਫ਼ ਆਈ ਆਰ ਤਕਰੀਬਨ ਇੱਕ ਹਫ਼ਤੇ ਬਾਅਦ ਲਿਖੀ ਗਈ, ਉਹ ਵੀ ਅਧੂਰੀ। ਰੋਜ਼-ਰੋਜ਼ ਪਰਚਾ ਦਰਜ ਕਰਨ ਦਾ, ਦੋਸ਼ੀਆਂ ਨੂੰ ਫੜਨ ਦਾ ਡਰਾਮਾ ਹੁੰਦਾ ਰਿਹਾ। ਕਦੇ ਇੱਕ ਦੋਸ਼ੀ ਨੂੰ ਫੜਦੇ-ਛੱਡਦੇ, ਫਿਰ ਦੂਜੇ ਨੂੰ ਫੜਦੇ-ਛੱਡਦੇ, ਜਦ ਕਿ ਕੁਲ ਦੋਸ਼ੀ ਇਸ ਕੇਸ ਵਿੱਚ ਚਾਰ ਹਨ। ਚੌਹਾਂ ਨੇ ਹੀ ਰਲ ਕੇ ਗੈਂਗਰੇਪ ਕੀਤਾ ਹੈ। ਅਗਰ ਪਹਿਲਾਂ ਹੀ ਸਮੇਂ ਸਿਰ ਪਰਚਾ ਦਰਜ ਕਰਕੇ ਦੋਸ਼ੀ ਫੜ ਲਏ ਜਾਂਦੇ ਅਤੇ ਬਾਲੜੀ ਨੂੰ ਉਸ ਦੀ ਮਾੜੀ ਹਾਲਤ ਮੁਤਾਬਿਕ ਪਹਿਲਾਂ ਹੀ ਏਮਜ਼ ਵਰਗੇ ਹਸਪਤਾਲ ਵਿੱਚ ਦਾਖ਼ਲ ਕਰਾ ਦਿੱਤਾ ਜਾਂਦਾ ਤਾਂ ਸ਼ਾਇਦ ਬਾਲੜੀ ਦਾ ਬਚਾਅ ਹੋ ਜਾਂਦਾ ਅਤੇ ਪੁਲਿਸ ਵੀ ਰਾਤਰੀ ਨਾਟਕ ਕਰਨ ਤੋਂ ਬਚ ਜਾਂਦੀ।

ਹੁਣ ਸੁਣੋ: ਜੋ ਉਸ ਬਾਲੜੀ ਨਾਲ ਬੀਤੀ। ਉਹ ਆਪਣੀ ਮਾਤਾ ਨਾਲ ਖੇਤਾਂ ਵਿੱਚ ਘਾਹ ਵਗੈਰਾ ਕੱਟਣ ਗਈ ਸੀ। ਘਾਹ ਕੱਟਦੇ-ਕੱਟਦੇ ਦੋਹਾਂ ਦੀ ਆਪਸੀ ਦੂਰੀ ਵਧ ਗਈ। ਦਰਿੰਦੇ ਕਿਤੇ ਨੇੜੇ-ਤੇੜੇ ਸਨ। ਉਨਾਂ ਉਸ ਨੂੰ ਫੜ ਲਿਆ। ਚੌਹਾਂ ਜਣਿਆਂ ਰਲ ਕੇ ਉਸ ਨਾਲ ਗੈਂਗਰੇਪ ਕੀਤਾ। ਫਿਰ ਗਵਾਹੀ ਖ਼ਤਮ ਕਰਨ ਦੀ ਨੀਯਤ ਨਾਲ ਉਸ ਦੇ ਗੱਲ ਵਿੱਚ ਚੁੰਨੀ ਪਾ ਕੇ ਗਲ਼ਾ ਘੁੱਟਿਆ ਗਿਆ, ਜਿਸ ਕਰਕੇ ਉਸ ਦੀ ਜੀਭ ਬਾਹਰ ਆ ਗਈ ਜੋ ਕੱਟੀ ਗਈ। ਫਿਰ ਚੁੰਨੀ ਤੋਂ ਫੜ ਕੇ ਘਸੀਟਿਆ ਗਿਆ, ਜਿਸ ਕਰਕੇ ਬੱਚੀ ਦੀ ਰੀੜ ਦੀ ਹੱਡੀ ਨੁਕਸਾਨੀ ਗਈ, ਜਿਸ ਕਰਕੇ ਉਸ ਦੇ ਇੱਕ ਹਿੱਸੇ ਨੂੰ ਪੈਰਾਲਾਈਜ਼ ਹੋ ਗਿਆ। ਪੁਲਿਸ ਉਸ ਨੂੰ ਉਨਾਂ ਹਸਪਤਾਲਾਂ ਵਿੱਚ ਘੁਮਾਉਂਦੀ ਰਹੀ, ਜਿਨਾਂ ਹਸਪਤਾਲਾਂ ਵਿੱਚ ਉਸ ਦਾ ਇਲਾਜ ਨਹੀਂ ਸੀ, ਜਿਸ ਕਰਕੇ ਉਹ ਬਚ ਨਹੀਂ ਸਕੀ।

ਇਸ ਕੇਸ ਵਿੱਚ ਘਿਣਾਉਣੀ ਅਤੇ ਗਿਰੀ ਹੋਈ ਗੱਲ ਇਹ ਹੈ ਕਿ ਚਾਰ ਦੋਸ਼ੀ ਹਨ, ਜੋ ਉੱਚੀ ਜਾਤੀ ਨਾਲ ਸੰਬੰਧਿਤ ਹਨ। ਰਾਮੂ ਅਰਥਾਤ ਰਾਮ, ਲਵਕੁਸ਼, ਸੰਦੀਪ ਅਤੇ ਰਵੀ। ਜਿਨਾਂ ਨਾਵਾਂ ਤੋਂ ਰਾਮ-ਲਵਕੁਸ਼ ਹਨ ਅਤੇ ਇਨਾਂ ਚੌਹਾਂ ਵਿੱਚੋਂ ਦੋ ਆਪਸ ਵਿੱਚ ਚਾਚਾ ਭਤੀਜਾ ਵੀ ਲੱਗਦੇ ਹਨ। ਯਾਨੀ ਚਾਚਾ ਭਤੀਜਾ, ਪਿਉ-ਪੁੱਤ ਬਰਾਬਰ ਹੁੰਦੇ ਹਨ, ਪਰ ਇਸ ਗੈਂਗਰੇਪ ਵਿੱਚ ਉਹ ਭਾਈਵਾਲ ਸਨ। ਇਹ ਕਹਾਣੀ ਉਸ ਦੇਸ਼ ਦੇ ਲੋਕਾਂ ਦੀ ਹੈ, ਜੋ ਵਿਸ਼ਵ ਗੁਰੂ ਬਣਨ ਜਾ ਰਿਹਾ ਹੈ। ਜੋ ਵਿਸ਼ਵ ਗੁਰੂ ਬਣਨ ਲਈ ਦਿਨ ਰਾਤ ਡੀਂਗਾਂ ਮਾਰ ਰਿਹਾ ਹੈ। ਹੁਣ ਜਦ ਸਭ ਕੁਝ ਵਾਪਰ ਚੁੱਕਿਆ ਹੈ ਤਾਂ ਕੋਈ ਅਜਿਹੇ ਸਿਰ ਫਿਰਿਆਂ ਨੂੰ ਗੋਲੀ ਮਾਰਨ ਦੀ ਗੱਲ ਆਖ ਰਿਹਾ ਹੈ। ਕੋਈ ਆਖ ਰਿਹਾ ਹੈ ਕਿ ਅਜਿਹੇ ਕੁੱਤਿਆਂ ਨੂੰ ਗੋਲੀ ਹੀ ਮਾਰਨੀ ਚਾਹੀਦੀ ਹੈ। ਕੋਈ ਉਨਾਂ ਨੂੰ ਪੁੱਛੇ ਕਿ, ਕੀ ਕੁੱਤੇ ਰੇਪ ਕਰਦੇ ਹਨ? ਉਹ ਅਜਿਹੇ ਭੜਕਾਊ ਬਿਆਨ ਇਸ ਕਰਕੇ ਦੇ ਰਹੇ ਹਨ ਤਾਂ ਕਿ ਬਕਾਇਦਾ ਕੋਈ ਤਫ਼ਤੀਸ਼ ਹੋਂਦ ਵਿੱਚ ਨਾ ਆਵੇ ਅਤੇ ਨਾ ਹੀ ਲਾਅ ਐਂਡ ਆਰਡਰ ਦੀ ਕੋਈ ਗੱਲ ਕਰੇ। ਨਾ ਹੀ ਤਫ਼ਤੀਸ਼ ਰਾਹੀਂ ਰਾਜ ਕਰਦੀ ਪਾਰਟੀ ਅਤੇ ਉਸ ਦੀ ਲਾਡਲੀ ਪੁਲਿਸ ਦੀ ਕੋਈ ਕੁਤਾਹੀ ਸਾਹਮਣੇ ਆਵੇ। ਦੋਸ਼ੀਆਂ ਨੂੰ ਪੁਲਿਸ ਵੱਲੋਂ ਲਗਾਤਾਰ ਨਾ ਫੜਨ ਅਤੇ ਉਨਾਂ ਵਿੱਚ ਆਪਸੀ ਗਾਂਢ-ਸਾਂਢ ਦਾ ਪਤਾ ਨਾ ਲੱਗ ਸਕੇ। ਕੁਝ ਜਾਣ-ਬੁੱਝ ਕੇ ਅਤੇ ਕੁਝ ਅਣਜਾਣਤਾ ਵਿੱਚ ਹੈਦਰਾਬਾਦ ਦੇ ਐਨਕਾਊਂਟਰ ਵਾਂਗ ਇਨਾਂ ਦੋਸ਼ੀਆਂ ਦਾ ਐਨਕਾਊਟਰ ਹੀ ਚਾਹੁੰਦੇ ਹਨ, ਜਿਸ ਦੇ ਬਾਅਦ ਉਹੀ ਪੁਲਿਸ ਜੋ ਪਹਿਲਾਂ ਪਰਚਾ ਦਰਜ ਨਹੀਂ ਕਰਦੀ, ਫਿਰ ਦੋਸ਼ੀਆਂ ਨੂੰ ਫੜਦੀ ਨਹੀਂ, ਫਿਰ ਅਜਿਹੀ ਪੁਲਿਸ ਐਨਕਾਊਂਟਰ ਤੋਂ ਬਾਅਦ ਜਨਤਾ ਵਿੱਚ ਹੀਰੋ ਬਣ ਜਾਂਦੀ ਹੈ। ਅਜਿਹੀਆਂ ਸਜ਼ਾਵਾਂ ਦੇਣ ਨਾਲ ਲੋਕਾਂ ਦਾ ਅਦਾਲਤਾਂ ਤੋਂ ਯਕੀਨ ਉੱਠਣ ਲੱਗਦਾ ਹੈ। ਤੁਸੀਂ ਦੇਖਿਆ ਹੋਵੇਗਾ ਕਿ ਯੂ ਪੀ ਵਿੱਚ ਐਨਕਾਊਂਟਰਾਂ ਦੀ ਭਰਮਾਰ ਹੈ। ਫਿਰ ਵੀ ਲਾਅ ਐਂਡ ਆਰਡਰ ਕੰਟਰੋਲ ਵਿੱਚ ਨਹੀਂ ਹੈ। ਉਪਰੋਕਤ ਕੇਸ ਤੋਂ ਬਾਅਦ ਤਿੰਨ ਹੋਰ ਗੈਂਗਰੇਪ ਹੋ ਚੁੱਕੇ ਹਨ, ਨਾਲ ਹੀ ਮਜ਼ਲੂਮਾਂ ਦੀ ਹੱਤਿਆ ਵੀ ਕਰ ਦਿੱਤੀ ਗਈ।



**ਅਪਰਾਧੀ ਦੁਨੀਆ**

ਇਸ ਸਮੇਂ ਚੋਰੀਆਂ, ਡਾਕਿਆਂ ਦੀ ਸਭ ਤੋਂ ਜ਼ਿਆਦਾ ਭਰਮਾਰ ਯੂ ਪੀ ਵਿੱਚ ਹੈ। ਸਭ ਤੋਂ ਜ਼ਿਆਦਾ ਪੁਲਿਸ ਵੱਲੋਂ ਅਤੇ ਕੁਝ ਮੁਜਰਮਾਂ ਵੱਲੋਂ ਐਨਕਾਊਂਟਰ ਹੋ ਰਹੇ ਹਨ। ਰੇਪ ਅਤੇ ਗੈਂਗਰੇਪ ਵਿੱਚ ਵੀ ਸਭ ਤੋਂ ਮੋਹਰੀ ਸੂਬਾ ਯੂ ਪੀ ਹੀ ਹੈ। ਆਨ ਡਿਊਟੀ ਅਫ਼ਸਰ ਸ਼ਰੇਆਮ ਰੰਗਦਾਰੀ ਮੰਗ ਰਹੇ ਹਨ। ਨਾ ਮਿਲਣ 'ਤੇ ਐਲਾਨੀਆ ਗੋਲੀਆਂ ਮਰਵਾ ਰਹੇ ਹਨ। ਅਜਿਹੇ ਅਫ਼ਸਰ ਵੀ ਸ਼ਰੇਆਮ ਘੁੰਮ ਰਹੇ ਹਨ, ਜਿਸ ਕਰਕੇ ਜਨਤਾ ਵਿੱਚ ਇਸ ਸੰਬੰਧੀ ਸੁਨੇਹਾ ਬੜਾ ਮਾੜਾ ਜਾ ਰਿਹਾ ਹੈ। ਯੋਗੀ ਸਾਹਿਬ ਨਿੱਤ ਨਵੇਂ-ਨਵੇਂ ਅਤੇ ਸਖ਼ਤ ਕਾਨੂੰਨ ਬਣਾ ਕੇ ਅੰਗਰੇਜ਼ਾਂ ਨੂੰ ਵੀ ਮਾਤ ਪਾ ਰਹੇ ਹਨ, ਪਰ ਅਮਲ ਵਿੱਚ ਅਮਨ-ਕਾਨੂੰਨ ਦੀ ਹਾਲਤ ਸੁਧਰਦੀ ਦਿਖਾਈ ਨਹੀਂ ਦਿੰਦੀ। ਵਿੱਦਿਆ ਦੇ ਖੇਤਰ ਵਿੱਚ ਸਭ ਤੋਂ ਜ਼ਿਆਦਾ ਨਕਲ ਕਰਨ ਵਿੱਚ ਯੂ ਪੀ ਹੀ ਮੋਹਰੀ ਹੈ। ਅਜਿਹੇ ਹੀ ਦਰਜਨਾਂ ਕੇਸ ਹਨ ਕਿ ਡਿਗਰੀ ਕਿਸੇ ਟੀਚਰ ਨੇ ਪਾਸ ਕੀਤੀ ਅਤੇ ਨੌਕਰੀ ਕੋਈ ਭਲਾਮਾਣਸ ਕਰ ਰਿਹਾ ਹੈ। ਯੂ ਪੀ ਸੂਬਾ ਵੀ ਇੱਕ ਅਜਿਹਾ ਸੂਬਾ ਹੈ, ਜਿੱਥੇ ਜਾਤ-ਪਾਤ 'ਤੇ ਅਧਾਰਿਤ ਸਰਕਾਰੀ ਫ਼ੈਸਲੇ ਕੀਤੇ ਜਾਂਦੇ ਹਨ। ਇਸ ਸੂਬੇ ਵਿੱਚ ਜਾਤ-ਪਾਤ ਦਾ ਬਹੁਤ ਬੋਲਬਾਲਾ ਹੈ। ਯੋਗੀ ਸਾਹਿਬ ਦੀ ਸਖ਼ਤੀ ਵੀ ਇਕ ਪਾਸੇ ਹੀ ਹੈ। ਸਾਨੂੰ ਖ਼ੁਦਾ ਦਾ ਸ਼ੁਕਰ ਹੀ ਕਰਨਾ ਚਾਹੀਦਾ ਹੈ ਕਿ ਹਾਥਰਸ ਕਾਂਡ ਵਿੱਚ ਚਾਰੇ ਦੋਸ਼ੀ ਇੱਕ ਅਜਿਹੇ ਫਿਰਕੇ ਨਾਲ ਸਬੰਧਿਤ ਹਨ। ਜਿਸ ਕਰਕੇ ਅੱਗ ਨਾਲ ਨਹੀਂ ਖੇਡਿਆ ਜਾ ਸਕਿਆ। ਜੇਕਰ ਘੱਟ ਗਿਣਤੀ ਨਾਲ ਸੰਬੰਧਿਤ ਹੁੰਦੇ ਤਾਂ ਫਿਰ ਦੱਸਦੇ ਕਿ ਕੀ ਕੁਝ ਹੋ ਰਿਹਾ ਹੁੰਦਾ। ੨੦੧੪ ਵਿੱਚ ਸੁਪਰੀਮ ਕੋਰਟ ਨੇ ਕੁਝ ਗਾਈਡ ਲਾਈਨਾਂ ਬਣਾਈਆਂ ਸਨ, ਜਿਸ ਮੁਤਾਬਿਕ ਸਪੈਸ਼ਲ ਕੋਰਟਾਂ ਬਣਾ ਕੇ ਇੱਕ ਮਿਥੇ ਸਮੇਂ ਵਿੱਚ ਉਸ ਦਾ ਫ਼ੈਸਲਾ ਕਰਨਾ ਹੁੰਦਾ ਹੈ। ਉਸ ਮੁਤਾਬਿਕ ਸਭ ਤੋਂ ਜ਼ਿਆਦਾ ਸਪੈਸ਼ਲ ਕੋਰਟਾਂ ਯੂ ਪੀ ਵਿੱਚ ਹੀ ਸਥਾਪਤ ਕੀਤੀਆਂ ਗਈਆਂ ਹਨ। ਅਦਾਲਤਾਂ ਰਾਹੀਂ ਹੀ ਸਭ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ। ਦੋਸ਼ੀ ਖ਼ਿਲਾਫ਼ ਚਲਾਨ ਦੇਣ ਤੋਂ ਪਹਿਲਾਂ ਸਾਰੀਆਂ ਖ਼ਾਮੀਆਂ ਅਤੇ ਬਾਰੀਕੀਆਂ ਵੱਲ ਧਿਆਨ ਦੇਣਾ ਚਾਹੀਦਾ ਹੈ। ਮੁੱਕਰਨ ਵਾਲੇ ਸਰਕਾਰੀ ਅਤੇ ਪ੍ਰਾਈਵੇਟ ਗਵਾਹਾਂ ਖ਼ਿਲਾਫ਼ ਕਾਰਵਾਈ ਕਰਨੀ ਚਾਹੀਦੀ ਹੈ। ਗਵਾਹਾਂ ਨੂੰ ਮੁਕੱਦਮੇ ਦੌਰਾਨ ਸਿਕਿਉਰਿਟੀ ਸਮੇਤ ਆਉਣ-ਜਾਣ ਦੇ ਖ਼ਰਚੇ ਦਾ ਪ੍ਰਬੰਧ ਸਰਕਾਰੀ ਤੌਰ 'ਤੇ ਕਰਨਾ ਚਾਹੀਦਾ ਤਾਂ ਕਿ ਇਨਸਾਫ਼ ਦੇ ਹੱਕਦਾਰਾਂ ਨੂੰ ਹੱਕ ਮਿਲ ਸਕੇ। ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਿਕ ਚੌਵੀ ਘੰਟਿਆਂ ਵਿੱਚ ਪੀੜਤਾਂ ਦਾ ਬਿਆਨ ਲਿਖ ਕੇ ਐੱਫ਼ ਆਰ ਆਈ ਦਰਜ ਹੋਵੇ। ਉਸੇ ਸਮੇਂ ਉਹ ਸਭ ਚੀਜ਼ਾਂ ਪੁਲਿਸ ਨੂੰ ਸਣੇ ਪੀੜਤਾਂ ਦੇ ਉਹ ਕੱਪੜੇ ਆਦਿ ਆਪਣੇ ਕਬਜ਼ੇ ਵਿੱਚ ਲੈਣੇ ਚਾਹੀਦੇ ਹਨ, ਜਿਹੜੇ ਉਸ ਨੇ ਰੇਪ ਵੇਲੇ ਪਹਿਨੇ ਹੋਏ ਹੋਣ। ਪੁਲਿਸ ਤਫ਼ਤੀਸ਼ ਦੌਰਾਨ ਨਵੇਂ ਤੱਥਾਂ ਮੁਤਾਬਿਕ ਵਾਧਾ-ਘਾਟਾ ਕਰ ਸਕਦੀ ਹੈ, ਪਰ ਪਹਿਲਾ ਬਿਆਨ ਲਿਖਣ ਵੇਲੇ ਉਹ ਸਭ ਦਰਜ ਕਰਨਾ ਹੁੰਦਾ ਹੈ, ਜੋ ਪੀੜਤਾਂ ਬਿਆਨ ਕਰਦੀ ਹੈ।

ਮੌਜੂਦਾ ਕੇਸ ਵਿੱਚ ਭਾਵੇਂ ਸਰਕਾਰ ਨੇ ਇੱਕ ਤਫ਼ਤੀਸ਼ੀ ਕਮੇਟੀ ਦਾ ਗਠਨ ਕਰ ਦਿੱਤਾ ਹੈ, ਜਿਸ ਵਿੱਚ ਲੇਡੀ ਪੁਲਿਸ ਅਤੇ ਪਛੜੀਆਂ ਜਾਤੀ ਨਾਲ ਸਬੰਧਿਤ ਮੈਂਬਰ ਵੀ ਲਿਆ ਹੈ, ਜਿਸ ਦੀ ਸਿਫ਼ਾਰਸ਼ 'ਤੇ ਐੱਸ ਪੀ ਤੇ ਬਾਕੀ ਚਾਰ ਪੁਲਿਸ ਅਫ਼ਸਰ ਸਸਪੈਂਡ ਕਰ ਦਿੱਤੇ ਹਨ, ਪਰ ਅਜੇ ਤਕ ਐੱਸ ਡੀ ਐੱਮ ਤੇ ਡੀ ਸੀ ਤਕ ਓਵੇਂ ਹੀ ਬਿਰਾਜਮਾਨ ਹਨ, ਜਿਨਾਂ ਦੇ ਹੁਕਮਾਂ 'ਤੇ ਸਭ ਕੁਝ ਹੋਇਆ ਅਤੇ ਹੋ ਰਿਹਾ ਹੈ। ਫਿਰ ਵੀ ਅਸੀਂ ਇਸ ਕੇਸ ਵਿੱਚ ਸੀ ਬੀ ਆਈ ਤੋਂ ਤਫ਼ਤੀਸ਼ ਕਰਾਉਣ ਦੀ ਮੰਗ ਕਰਦੇ ਹਾਂ ਤਾਂ ਕਿ ਸਭ ਸਵਾਲਾਂ ਦਾ ਉੱਤਰ ਮਿਲ ਸਕੇ ਕਿ ਕਿਹੜੇ ਹਾਲਾਤ ਵਿੱਚ ਐੱਫ਼ ਆਈ ਆਰ ਲੇਟ ਦਰਜ ਹੋਈ? ਕਿਹੜੇ ਕਾਰਨਾਂ ਕਰਕੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਲੇਟ ਹੋਈ? ਕਿਹੜੇ ਕਾਰਨਾਂ ਕਰਕੇ ਪੀੜਤਾਂ ਨੂੰ ਇੰਨੀਆਂ ਗੰਭੀਰ ਸੱਟਾਂ ਦੇ ਬਾਵਜੂਦ, ਉਨਾਂ ਹਸਪਤਾਲਾਂ ਵਿੱਚ ਘੁਮਾਉਂਦੇ ਤੇ ਦਾਖ਼ਲ ਕਰਾਉਂਦੇ ਰਹੇ, ਜਿੱਥੇ ਪੀੜਤਾਂ ਦਾ ਯੋਗ ਇਲਾਜ ਹੋ ਹੀ ਨਹੀਂ ਸੀ ਸਕਦਾ? ਉਹ ਕਿਹੜੇ ਹਾਲਾਤ ਸਨ, ਜਿਨਾਂ ਕਰਕੇ ਪੀੜਤਾਂ ਦੀ ਮ੍ਰਿਤਕ ਦੇਹ ਉਸ ਦੇ ਘਰਦਿਆਂ ਨੂੰ ਨਹੀਂ ਸੌਂਪੀ ਗਈ? ਕਿਹੜੇ ਕਾਰਨ ਸਨ ਜਿਨਾਂ ਨੇ ਦੇਹ ਘਰ ਤਕ ਲਿਜਾਣ ਲਈ ਮੰਗਣ 'ਤੇ ਵੀ ਨਹੀਂ ਜਾਣ ਦਿੱਤੀ ਅਤੇ ਉਹ ਕਿਹੜੇ ਕਾਰਨ ਸਨ, ਜਿਹਨਾਂ ਕਾਰਨਾਂ ਕਰਕੇ ਮ੍ਰਿਤਕ ਦੇਹ ਨੂੰ ਅੱਧੀ ਰਾਤ ਅਗਨੀ ਭੇਂਟ ਕੀਤਾ ਗਿਆ? ਜਦ ਕਿ ਹਿੰਦੂ ਰੀਤੀ-ਰਿਵਾਜਾਂ ਮੁਤਾਬਿਕ ਮ੍ਰਿਤਕ ਦਾ ਰਾਤ ਨੂੰ ਸਸਕਾਰ ਨਹੀਂ ਕੀਤਾ ਜਾਂਦਾ। ਇਨਾਂ ਸਭ ਸਵਾਲਾਂ ਦੇ ਜਵਾਬ ਸੀ ਬੀ ਆਈ ਦੀ ਜਾਂਚ ਰਾਹੀਂ ਹੀ ਮਿਲ ਸਕਦੇ ਹਨ। ਨਾਲ ਹੀ ਅਸੀਂ ਪੀੜਤ ਪਰਿਵਾਰ ਲਈ ਪੰਜਾਹ ਲੱਖ ਦੀ ਮਾਲੀ ਮਦਦ ਦੀ ਮੰਗ ਕਰਦੇ ਹਾਂ। ਪਰਿਵਾਰ ਅਤੇ ਗਵਾਹਾਂ ਨੂੰ, ਜਦ ਤਕ ਕੇਸ ਖ਼ਤਮ ਨਹੀਂ ਹੋ ਜਾਂਦਾ, ਉਦੋਂ ਤਕ ਸਿਕਿਉਰਿਟੀ ਪ੍ਰਦਾਨ ਕੀਤੀ ਜਾਵੇ। ਜੇਕਰ ਅਜਿਹਾ ਨਹੀਂ ਕਰੋਗੇ ਤਾਂ ਫਿਰ ਐੱਮ ਐੱਲ ਏ ਸੇਂਗਰ ਅਤੇ ਸਟੇਟ ਹੋਮ ਮਨਿਸਟਰ ਚਿਨਮਈਆ ਨੰਦ ਵਰਗੇ ਫ਼ੌਰਨ ਪੈਦਾ ਹੋ ਕੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰ ਜਾਣਗੇ। ਰਾਤ ਨੂੰ ਹਾਥਰਸ ਦੀ ਨਿਰਭੈਆ ਨੂੰ ਅਗਨੀ ਭੇਂਟ ਕੀਤਾ ਗਿਆ, ਜੇਕਰ ਇਸ ਬਾਲੜੀ ਦੀ ਜਗਾ ਕੋਈ ਗਊ ਹੁੰਦੀ ਤਾਂ ਅੰਧਭਗਤਾਂ ਨੇ ਦੇਸ਼ ਨੂੰ ਅੱਗ ਦੇ ਹਵਾਲੇ ਕਰ ਦੇਣਾ ਸੀ। ਦੀਦੀ, ਤੁਹਾਡੇ ਆਉਣ ਤੋਂ ਬਾਅਦ ਕੁਝ ਵੀ ਤਾਂ ਨਹੀਂ ਬਦਲਿਆ। ਪ੍ਰਧਾਨ ਮੰਤਰੀ ਨੇ ਜੋ ਨਾਅਰਾ 'ਬੇਟੀ ਪੜਾਓ ਬੇਟੀ ਬਚਾਓ' ਦਾ ਦਿੱਤਾ ਸੀ, ਅਸਲ ਵਿੱਚ ਬੀ ਜੇ ਪੀ ਰਾਜ ਵਿੱਚ 'ਬੇਟੀ ਘਟਾਓ ਬੇਟੀ ਮੁਕਾਓ' ਵਿੱਚ ਤਬਦੀਲ ਹੋ ਚੁੱਕਾ ਹੈ। ਸਾਰੇ ਰਾਜਾਂ ਵਿੱਚ ਇਹੋ ਕੁਝ ਹੋ ਰਿਹਾ ਹੈ। ਉੱਨੀ, ਇੱਕੀ ਦਾ ਫ਼ਰਕ ਹੈ। ਪਰ ਮੈਰਿਟ ਦੇ ਆਧਾਰ 'ਤੇ ਮੁੱਖ ਮੰਤਰੀ ਯੋਗੀ ਇਸਦਾ ਚੈਂਪੀਅਨ ਬਣ ਚੁੱਕਾ ਹੈ। ਇਹ ਜਵਾਬ ੨੦੨੦ ਹਾਥਰਸ ਦੀ ਨਿਰਭੈਆ ਨੇ ੨੦੧੨ ਦੀ ਨਿਰਭੈਆ ਦੇ ਪੁੱਛਣ 'ਤੇ ਲੰਮਾ ਹਉਕਾ ਲੈ ਕੇ ਦਿੱਤਾ ਹੋਵੇਗਾ।

# ਸਾਈਕਲ ਚਲਾਉਣ ਤੇ ਸਵੇਰ ਦੀ ਸੈਰ ਕਰਨ ਵਾਲਿਆਂ ਵਿੱਚ ਵਧੀ ਦਿਲਚਸਪੀ

**- ਸੰਜੀਵ ਸਿੰਘ ਸੈਣੀ, ਮੁਹਾਲੀ**

ਕਰੋਨਾ ਵਾਇਰਸ ਕਰਕੇ ਪੂਰੇ ਵਿਸ਼ਵ ਵਿੱਚ ਹਾਹਾਕਾਰ ਮਚੀ ਹੋਈ ਹੈ ।ਭਾਰਤ ਵਿੱਚ ੨੨ ਮਾਰਚ ਤੋਂ ਤਾਲਾਬੰਦੀ ਕੀਤੀ ਹੋਈ ਸੀ ।ਜਿੰਮ ਵਿੱਚ ਅਸੀਂ ਬੰਦ ਕਮਰੇ ਵਿੱਚ ਵਰਜ਼ਿਸ਼ ਕਰਦੇ ਹਾਂ। ਉੱਥੇ ਚਾਲੀ ਪੰਤਾਲੀ ਸਾਲ ਦੇ ਮਨੁੱਖ ਆਮ ਵੇਖੇ ਜਾਂਦੇ ਹਨ। ਕਈ ਵਾਰ ਅਸੀਂ ਜਿੰਮ ਕਰਕੇ ਛੱਡ ਦਿੰਦੇ ਹਾਂ। ਫਿਰ ਆਮ ਵੇਖਿਆ ਜਾਂਦਾ ਹੈ ਕਿ ਜਿੰਮ ਛੱਡਣ ਨਾਲ ਭਾਰ ਵੱਧ ਜਾਂਦਾ ਹੈ। ਜਿਸ ਨਾਲ ਅਸੀਂ ਮੋਟੇ ਹੋ ਜਾਂਦੇ ਹਾਂ। ਜਿੰਮ ਵਿੱਚ ਅਸੀਂ ਮਸ਼ੀਨਾਂ ਤੇ ਵਰਜ਼ਿਸ਼ ਕਰਦੇ ਹਾਂ। ਪਰ ਜੋ ਸਵੇਰ ਦੀ ਸੈਰ ਦਾ ਆਨੰਦ ਹੈ ਉਹ ਕਿਸੇ ਜਿੰਮ 'ਚੋਂ ਨਹੀਂ ਮਿਲ ਸਕਦਾ ।ਤਾਲਾਬੰਦੀ ਕਾਰਨ, ਜਿੰਮ ਬੰਦ ਹੋਣ ਕਰਕੇ, ਸੜਕਾਂ ਤੇ ਸਵੇਰੇ ਸਵੇਰੇ ਰੌਣਕ ਦੇਖੀ ਜਾ ਰਹੀ ਹੈ। ਪਾਰਕਾਂ ਵਿੱਚ ਰੌਣਕਾਂ ਲੱਗਣੀਆਂ ਸ਼ੁਰੂ ਹੋ ਚੁੱਕੀਆਂ ਹਨ ।ਲੋਕਾਂ ਨੇ ਦਸ ਕਿੱਲੋਮੀਟਰ ਸਾਈਕਲਿੰਗ ਸ਼ੁਰੂ ਕਰ ਦਿੱਤੀ ਹੈ ।ਜਿਸ ਨਾਲ ਉਨਾਂ ਦਾ ਸਰੀਰ ਵੀ ਫਿੱਟ ਹੋ ਰਿਹਾ ਹੈ । ਸਵੇਰ ਦੀ ਸੈਰ ਬਹੁਤ ਹੀ ਜ਼ਿਆਦਾ ਮਹੱਤਵਪੂਰਨ ਹੁੰਦੀ ਹੈ ।

ਸਵੇਰੇ ਜਲਦੀ ਉੱਠ ਕੇ ਤਾਜ਼ਾ ਹੋ ਕੇ ਸੈਰ ਕਰਨ ਲਈ ਨਿਕਲੋ। ਵਾਤਾਵਰਨ ਬਹੁਤ ਹੀ ਸਾਫ਼ ਸੁਥਰਾ ਹੁੰਦਾ ਹੈ। ਪੰਛੀ ਦੀਆਂ ਚਹਿ ਚਹਾਉਣ ਦੀਆਂ ਆਵਾਜ਼ਾਂ ਆ ਰਹੀਆਂ ਹੁੰਦੀਆਂ ਹਨ ।ਸਬਜ਼ੀ ਖ਼ਰੀਦਣ ਵਾਲੇ ਲੋਕ ਮੰਡੀਆਂ ਵੱਲ ਜਾ ਰਹੇ ਹੁੰਦੇ ਹਨ ;ਸਵੇਰ ਦਾ ਨਜ਼ਾਰਾ ਬਹੁਤ ਹੀ ਖ਼ੂਬਸੂਰਤ ਹੁੰਦਾ ਹੈ ।ਸਵੇਰ ਦੀ ਸੈਰ ਕਰਨ ਨਾਲ ਬੰਦਾ ਸਾਰਾ ਦਿਨ ਤੱਰੋ ਤਾਜ਼ਾ ਮਹਿਸੂਸ ਕਰਦਾ ਹੈ। ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ ।ਚਿਹਰੇ ਤੇ ਰੌਣਕ ਹੁੰਦੀ ਹੈ। ਸਾਰਾ ਦਿਨ ਸੁਸਤੀ ਨਹੀਂ ਪੈਂਦੀ ।ਅੱਖਾਂ ਦੀ ਰੌਸ਼ਨੀ ਵਧਦੀ ਹੈ ।ਬੱਚਿਆਂ ਲਈ ਸਵੇਰ ਦੀ ਸੈਰ ਇਕ ਟਾਨਿਕ ਵਰਗੀ ਹੁੰਦੀ ਹੈ। ਜੇਕਰ ਬੱਚੇ ਸਵੇਰ ਦੀ ਸੈਰ ਕਰਨ ਤਾਂ ਉਨਾਂ ਦੀ ਯਾਦ ਸ਼ਕਤੀ ਤੇਜ਼ ਰਹਿੰਦੀ ਹੈ । ਬੱਚਿਆਂ 'ਚ ਹੋਰ ਵੀ ਵੱਧ ਚੁਸਤੀ ਆਉਂਦੀ ਹੈ। ਜੋ ਲੋਕ ਸਵੇਰ ਦੀ ਸੈਰ ਨਿਯਮਤ ਕਰਦੇ ਹਨ ਉਨਾਂ ਨੂੰ ਬਿਮਾਰੀਆਂ ਬਹੁਤ ਘੱਟ ਲੱਗਦੀਆਂ ਹਨ ।

ਅਸੀਂ ਦੇਖਿਆ ਹੈ ਕਿ ਜੋ ਸਵੇਰ ਦੀ ਸੈਰ ਕਰਦੇ ਹਨ ਉਹ ਕਦੇ ਵੀ ਬਜ਼ੁਰਗ ਜਿਹੇ ਨਹੀਂ ਲੱਗਦੇ ।ਹਾਲਾਂਕਿ ਉਨਾਂ ਦੀ ਉਮਰ ਚਾਹੇ ਸੱਤਰ ਸਾਲ ਦੇ ਕਰੀਬ ਹੋਵੇ । ਜੋ ਨਜ਼ਾਰਾ ਸਵੇਰ ਦੀ ਸੈਰ ਦਾ ਹੁੰਦਾ ਹੈ, ਉਹ ਜਿੰਮ ਜਾ ਕੇ ਨਹੀਂ ਮਿਲ ਸਕਦਾ ।ਅਕਸਰ ਜਿੰਮਾਂ ਵਿੱਚ ਅਸੀਂ ਦੇਖਿਆ ਹੈ ਕਿ ਨੌਜਵਾਨ ਆਪਣੇ ਵਜ਼ਨ ਨਾਲੋਂ ਜ਼ਿਆਦਾ ਭਾਰ ਚੁੱਕਦੇ ਹਨ ਫਿਰ ਉਨਾਂ ਦੀ ਰੀੜ ਦੀ ਹੱਡੀ ਵਿੱਚ ਨੁਕਸ ਵੀ ਆ ਜਾਂਦਾ ਹੈ। ਸੋ ਜਿੰਨਾ ਵੀ ਹੋ ਸਕਦਾ ਹੈ ਸਵੇਰ ਦੀ ਸੈਰ ਕਰੋ ।ਕਿਉਂਕਿ ਸਵੇਰ ਦੀ ਸੈਰ ਕਰਨ ਨਾਲ ਬਿਮਾਰੀਆਂ ਨਹੀਂ ਚਿੰਬੜਦੀਆਂ ।ਵਾਤਾਵਰਣ 'ਚ ਇੰਸੂਲਿਨ ਵੀ ਹੁੰਦੀ ਹੈ ।ਜੋ ਸ਼ੂਗਰ ਦੇ ਮਰੀਜ਼ਾਂ ਲਈ ਟਾਨਿਕ ਹੁੰਦੀ ਹੈ ।ਇਹ ਇੰਸੂਲਿਨ ਸੂਰਜ ਚੜਨ ਤੋਂ ਪਹਿਲਾਂ ਪਹਿਲਾਂ ਹੀ ਵਾਤਾਵਰਣ ਵਿੱਚ ਹੁੰਦੀ ਹੈ। ਇਹ ਪ੍ਰਮਾਤਮਾ ਦਾ ਇੱਕ ਤਰਾਂ ਨਾਲ ਤੋਹਫ਼ਾ ਹੈ ।ਅਸੀਂ ਪਾਰਕਾਂ ਵਿੱਚ ਸੈਰ ਕਰਦੇ ਹਾਂ ਤਾਂ ਉੱਥੇ ਤਰਾਂ ਤਰਾਂ ਦੇ ਫੁੱਲ ਦੇਖ ਕੇ ਚਿਹਰਾ ਖਿੜਦਾ ਹੈ ।ਨਾਕਾਰਤਮਕ ਸੋਚ ਖ਼ਤਮ ਹੁੰਦੀ ਹੈ ।ਸਾਕਾਰਤਮਕ ਭਾਵ ਦਿਮਾਗ ਵਿੱਚ ਆਉਂਦੇ ਹਨ ।ਸੈਰ ਕਰਕੇ, ਨਹਾ ਧੋ ਕੇ ਪ੍ਰਮਾਤਮਾ ਦਾ ਸਿਮਰਨ ਵੀ ਜ਼ਰੂਰ ਕਰਨਾ ਚਾਹੀਦਾ ਹੈ। ਆਓ! ਅਸੀਂ ਪ੍ਰਣ ਕਰੀਏ, ਕਿ ਅਸੀਂ ਸਵੇਰ ਦੀ ਸੈਰ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾਈਏ ।

# ਅਦਾਲਤ ਦੀ ਬੇ-ਇਨਸਾਫੀ, ਅਖੇ ਬਾਬਰੀ ਮਸਜਿਦ ਡਿੱਗੀ ਹੀ ਨਹੀਂ

✪ ਭਗਵੇਂ ਵਾਦੀਆਂ ਦੇ ਝੂਠ ਤੇ ਕਪਟ ਨੂੰ ਅਦਾਲਤ ਨੇ ਦਿੱਤੀ ਮਾਨਤਾ ✪ ਸੰਘ ਪਰਿਵਾਰ ਨੇ ਬਾਬਰੀ ਮਸਜਿਦ ਭੰਨਣ ਲਈ ਸਾਬਕਾ ਫ਼ੌਜੀਆਂ ਦੀ ਮਦਦ ਨਾਲ ਹਿੰਸਕ ਜਥੇ ਤਿਆਰ ਕੀਤੇ ✪ ਲੇਖਕ ਨੀਲੰਜਨ ਮੁਖੋਪਾਧਿਆਏ ਆਪਣੀ ਕਿਤਾਬ 'ਆਰ ਐਸ ਐਸ: ਦਿ ਆਈਕਾਨਸ ਆਫ਼ ਇੰਡੀਅਨ ਰਾਈਟ' ਵਿਚ ਲਿਖਦੇ ਹਨ ਕਿ ਸਾਜ਼ਿਸ਼ ਸੰਘ ਦੇ ਚੋਟੀ ਦੇ ਨੇਤਾ ਮੋਰੋਪੰਤ ਪਿੰਗਲੇ ਨੇ ਬਣਾਈ ✪ ਆਰ ਐਸ ਐਸ ਮੁਖੀ ਬਾਲਾ ਸਾਹਬ ਦਿਉਰਸ ਨੂੰ ਇਸ ਬਾਰੇ ਪੂਰੀ ਜਾਣਕਾਰੀ ਸੀ ਕਿ ਇਹ ਸਭ ਕਿਵੇਂ ਵਾਪਰਨਾ ਹੈ ✪ ਕੋਬਰਾ ਪੋਸਟ ਦੇ ਅਨੁਸਾਰ, ਦਸੰਬਰ ੧੯੯੨ ਤੋਂ ਪੂਰੀ ਯੋਜਨਾ ਲਗਭਗ ਅੱਠ-ਨੌਂ ਮਹੀਨੇ ਪਹਿਲਾਂ ਬਣਾਈ ਗਈ ✪ ਯੋਜਨਾ ਦੇ ਤਹਿਤ ੩੮ ਬਹੁਤ ਹੀ ਭਰੋਸੇਮੰਦ ਅਤੇ ਮਿਹਨਤੀ ਆਰ ਐਸ ਐਸ ਦੇ ਵਲੰਟੀਅਰ ਨੌਜਵਾਨਾਂ ਨੂੰ ਦੇਸ਼ ਭਰ ਤੋਂ ਚੁਣਿਆ ਗਿਆ ✪ ਜੂਨ ੧੯੯੨ ਵਿੱਚ, ਗੁਜਰਾਤ ਦੇ 'ਸਰਖੇਜ' ਖੇਤਰ ਵਿੱਚ ਇੱਕ ਮਹੀਨੇ ਦੀ ਉਨਾਂ ਨੂੰ ਸਖ਼ਤ ਫ਼ੌਜੀ ਸਿਖਲਾਈ ਦਿੱਤੀ ਗਈ

**- ਆਸ਼ੂਤੋਸ਼ ਪੱਤਰਕਾਰ**




ਅਜਿਹਾ ਲਗਦਾ ਹੈ ਕਿ ਹੁਣ ਦੇਸ਼ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਬਾਬਰੀ ਮਸਜਿਦ ਕਦੇ ਡਿੱਗੀ ਹੀ ਨਹੀਂ । ਇੱਕ ਝੂਠ ਜੋ ੬ ਦਸੰਬਰ ੧੯੯੨ ਤੋਂ ਭਗਵੇਂ ਵਾਦੀਆਂ ਵੱਲੋਂ ਬੋਲਿਆ ਜਾ ਰਿਹਾ ਸੀ, ਨੂੰ ਹੁਣ ਅਦਾਲਤ ਨੇ ਮਾਨਤਾ ਦੇ ਦਿੱਤੀ ਹੈ। ਅਦਾਲਤ ਦਾ ਤਰਕ ਹੈ ਕਿ ਉਸਦੇ ਸਾਹਮਣੇ ਬਾਬਰੀ ਮਸਜਿਦ ਨੂੰ ਮਲੀਆਮੇਟ ਕਰਨ ਦੇ ਜੋ ਤੱਥ ਪੇਸ਼ ਕੀਤੇ, ਉਹ ਨਾਕਾਫ਼ੀ ਸਨ।ਇਹ ਤੱਥ ਇਹ ਨਹੀਂ ਦਰਸਾਉਂਦੇ ਕਿ ਬਾਬਰੀ ਮਸਜਿਦ ਨੂੰ ਸਾਜ਼ਿਸ਼ ਤਹਿਤ ਢਾਹਿਆ ਗਿਆ ਹੈ । ਦੂਸਰੇ ਪਾਸੇ ਸੀ ਬੀ ਆਈ ਸੁੱਤੀ ਹੋਈ ਸੀ ਜਾਂ ਕਹਿ ਲਓ ਕਿ ਸੀ ਬੀ ਆਈ ਜਿਸ ਨੂੰ ਸੁਪਰੀਮ ਕੋਰਟ ਨੇ ੨੦੧੪ ਤੋਂ ਪਹਿਲਾਂ ਹੀ 'ਪਿੰਜਰੇ ਤੋਤਾ' ਦੱਸਿਆ ਹੈ ਅਤੇ ਜੋ ਹੁਣ ਤਕ ਹਿੰਦੂਤਵ ਦਾ ਇਕ ਖ਼ਰੀਦਿਆ ਗ਼ੁਲਾਮ ਬਣ ਚੁੱਕੀ ਹੈ। ਸੀ ਬੀ ਆਈ ਉਹੀ ਕਰਦੀ ਹੈ ਜੋ ਉਸਦੇ ਪ੍ਰਭੂ ਸੱਤਾ ਉੱਪਰ ਕਾਬਜ਼ ਪ੍ਰਬੰਧ ਹੁਕਮ ਦਿੰਦਾ ਹੈ। ਜੇ ਸੀ ਬੀ ਆਈ ਸਪਸ਼ਟ ਸਬੂਤ ਪੇਸ਼ ਨਹੀਂ ਕਰਦੀ ਤਾਂ ਅਦਾਲਤ ਇਨਸਾਫ਼ ਕਿਵੇਂ ਕਰੇਗੀ ।ਪਰ ਅਦਾਲਤ ਇਤਿਹਾਸ ਨੂੰ ਕਿਵੇਂ ਝੁਠਲਾ ਸਕਦੀ ਹੈ। ਬਾਬਰੀ ਮਸਜਿਦ ਨੂੰ ਮਲੀਆਮੇਟ ਕਰਨ ਦੌਰਾਨ ਵਾਪਰੀਆਂ ਹਿੰਸਕ ਘਟਨਾਵਾਂ ਪਿੱਛੇ ਸੰਘ ਪਰਿਵਾਰ ਹੈ । ਇਸ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਇਤਿਹਾਸ ਨਿਰਪੱਖ ਹੈ,ਉਹ ਸੰਘ ਪਰਿਵਾਰ ਨੂੰ ਕਿਵੇਂ ਮਾਫ਼ ਕਰੇਗਾ ? ਉਹ ਵਾਰ-ਵਾਰ ਸੰਘ ਪਰਿਵਾਰ ਦੇ ਮੱਥੇ ਉੱਪਰ ਲਿਖੇਗਾ ਕਿ ਬਾਬਰੀ ਮਸਜਿਦ ਨੂੰ ਮਲੀਆਮੇਟ ਕਰਨ ਦੀ ਸਾਜ਼ਿਸ਼ ਉਸੇ ਰਚੀ ਅਤੇ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ।

ਬਾਬਰੀ ਮਸਜਿਦ ਨੂੰ ਢਾਹੇ ਜਾਣ ਦੀ ਸਾਜ਼ਿਸ਼ ਦੇ ਸਬੂਤ ਖਿੰਡੇ ਹੋਏ ਹਨ। ਉਨਾਂ ਨੂੰ ਸਿਰਫ਼ ਚੁਣਨ ਦੀ ਜ਼ਰੂਰਤ ਹੈ। ੬ ਦਸੰਬਰ ੧੯੯੨ ਨੂੰ ਇਸ ਮੌਕੇ ਮੌਜੂਦ ਹਰ ਪੱਤਰਕਾਰ ਜਾਣਦਾ ਸੀ ਕਿ ਕਿਵੇਂ ਬਾਬਰੀ ਮਸਜਿਦ ਨੂੰ ਮਲੀਆਮੇਟ ਕੀਤਾ ਗਿਆ ।

ਅਦਾਲਤ ਦੇ ਫ਼ੈਸਲੇ ਤੋਂ ਬਾਅਦ ਵੀ, ਮੇਰਾ ਮੰਨਣਾ ਹੈ ਕਿ ਸੰਘ ਪਰਿਵਾਰ ਦੀ ਅਗਵਾਈ ਵਿਚ ਬਾਬਰੀ ਨੂੰ ਢਾਹੁਣ ਦੀ ਸਾਜ਼ਿਸ਼ ਰਚੀ ਗਈ ਸੀ। ਸੰਘ ਪਰਿਵਾਰ ਨੂੰ ਇਹ ਚਿੰਤਾ ਸੀ ਕਿ ਜੇਕਰ ਕਾਰ ਸੇਵਕ ਬਾਬਰੀ ਮਸਜਿਦ ਨੂੰ ਢਾਹੇ ਬਿਨਾਂ ਵਾਪਸ ਆ ਗਏ ਤਦ ਰਾਮ ਮੰਦਰ ਦੀ ਲਹਿਰ ਖ਼ਤਮ ਹੋ ਜਾਵੇਗੀ ਅਤੇ ਜੇ ਕਾਰ ਸੇਵਕਾਂ ਨੂੰ ਦੁਬਾਰਾ ਅਯੁੱਧਿਆ ਆਉਣ ਲਈ ਕਿਹਾ ਗਿਆ ਤਾਂ ਉਹ ਨਹੀਂ ਆਉਣਗੇ। ਮਸ਼ਹੂਰ ਪੱਤਰਕਾਰ ਅਤੇ ਲੇਖਕ ਨੀਲੰਜਨ ਮੁਖੋਪਾਧਿਆਏ ਆਪਣੀ ਕਿਤਾਬ 'ਆਰ ਐਸ ਐਸ: ਦਿ ਆਈਕਾਨਸ ਆਫ਼ ਇੰਡੀਅਨ ਰਾਈਟ' ਵਿਚ ਲਿਖਦੇ ਹਨ ਕਿ ਇਸ ਚਿੰਤਾ ਨੇ ਸੰਘ ਪਰਿਵਾਰ ਨੂੰ ਬਾਬਰੀ ਮਸਜਿਦ ਨੂੰ ਮਲੀਆਮੇਟ ਕਰਨ ਦੀ ਸਾਜ਼ਿਸ਼ ਰਚਣ ਲਈ ਮਜਬੂਰ ਕੀਤਾ। ਇਸ ਸਾਜ਼ਿਸ਼ ਦੀ ਪੂਰੀ ਰੂਪਰੇਖਾ ਉਸ ਸਮੇਂ ਸੰਘ ਦੇ ਚੋਟੀ ਦੇ ਨੇਤਾਵਾਂ ਵਿਚੋਂ ਇਕ ਆਗੂ ਮੋਰੋਪੰਤ ਪਿੰਗਲੇ ਦੁਆਰਾ ਬਣਾਈ ਗਈ ਸੀ। ਆਰ ਐਸ ਐਸ ਮੁਖੀ ਬਾਲਾ ਸਾਹਬ ਦਿਉਰਸ ਨੂੰ ਇਸ ਬਾਰੇ ਪੂਰੀ ਜਾਣਕਾਰੀ ਸੀ ਕਿ ਇਹ ਸਭ ਕਿਵੇਂ ਵਾਪਰਨਾ ਹੈ ।

ਨੀਲੰਜਨ ਮੁਖੋਪਾਧਿਆਏ ਲਿਖਦੇ ਹਨ, 'ਪਿੰਗਲੇ ਨੇ' ਆਰ ਐਸ ਐਸ ਅਤੇ ਬਜਰੰਗ ਦਲ ਦੇ ਕਾਰਕੁਨਾਂ ਵਿਚੋਂ ਪੰਜਾਹ ਲੋਕਾਂ ਨੂੰ ਚੁਣਿਆ। ਇਹ ਉਹੀ ਪੰਜਾਹ ਲੋਕ ਸਨ ਜੋ ੬ ਦਸੰਬਰ ੧੯੯੨ ਨੂੰ ਸਭ ਤੋਂ ਪਹਿਲਾਂ ਬਾਬਰੀ ਮਸਜਿਦ ਦੇ ਵਿਵਾਦਗ੍ਰਸਤ ਖੇਤਰ ਵਿੱਚ ਦਾਖਲ ਹੋਏ ਸਨ ਅਤੇ ਭੀੜ ਨੂੰ ਮਸਜਿਦ ਭੰਨਣ ਦੀ ਪ੍ਰੇਰਨਾ ਦਿੱਤੀ। ਉਸਦੇ ਅਨੁਸਾਰ, ਪਿੰਗਲੇ ਉਸ ਦਿਨ ਬਾਬਰੀ ਮਸਜਿਦ ਨੇੜੇ ਇੱਕ ਆਸ਼ਰਮ ਵਿੱਚ ਮੌਜੂਦ ਸੀ। ਹਾਲਾਂਕਿ ਉਹ ਇਕ ਪਲ ਲਈ ਬਾਹਰ ਨਹੀਂ ਆਇਆ, ਪਰ ਉਸਦੇ ਵਰਕਰ ਉਸ ਨੂੰ ਹਰ ਸਕਿੰਟ ਦੀ ਖ਼ਬਰ ਦੇ ਰਹੇ ਸਨ। ਪਿੰਗਲੇ ਸਾਰੀ ਕਾਰਵਾਈ ਦਾ ਕਮਾਂਡਰ-ਈਨ-ਚੀਫ਼ ਸੀ। ਇਨਾਂ ਵਰਕਰਾਂ ਨੂੰ ਸਪਸ਼ਟ ਆਦੇਸ਼ ਸੀ ਕਿ ਕਿਸੇ ਨੂੰ ਵੀ ਇਸ ਬਾਰੇ ਜਾਣਕਾਰੀ ਨਹੀਂ ਹੋਣੀ ਚਾਹੀਦੀ ਅਤੇ ਢਾਂਚੇ ਨੂੰ ਢਾਹੁਣ ਲਈ, ਜਿਵੇਂ ਹਨੇਰੇ ਵਿਚ ਆਏ ਸਨ ਤੇ ਢਾਂਚਾ ਢਾਉਣ ਬਾਅਦ, ਉਹ 'ਹਨੇਰੇ ਵਿੱਚ ਅਲੋਪ ਹੋ ਜਾਣਗੇ' ਇਹ ਕੁਰਬਾਨੀ ਉਨਾਂ ਲੋਕਾਂ ਦੁਆਰਾ ਰਾਮ ਮੰਦਰ ਲਹਿਰ ਅਤੇ ਰਾਮ ਮੰਦਰ ਦੀ ਉਸਾਰੀ ਲਈ ਕਰਨੀ ਪਵੇਗੀ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਲੋਕ ਕੌਣ ਸਨ ਅਤੇ ਉਹ ਕਿੱਥੋਂ ਆਏ ਸਨ, ਨੀਲੰਜਨ ਦੀ ਕਿਤਾਬ ਦਾ ਦਾਅਵਾ ਹੈ। ਨੀਲੰਜਨ ਨੂੰ ਪੂਰਾ ਯਕੀਨ ਹੈ ਕਿ ਸਾਰੀ ਯੋਜਨਾ ਬਹੁਤ ਹੀ ਗੁਪਤ ਪੱਧਰ 'ਤੇ ਬਣਾਈ ਗਈ ਸੀ। ਨੀਲੰਜਨ ਦੀ ਕਿਤਾਬ ਦੇ ਅਨੁਸਾਰ, ਇਸ ਯੋਜਨਾ ਵਿੱਚ ਹਰ ਕਿਸੇ ਦੀ ਭੂਮਿਕਾ ਸਪਸ਼ਟ ਸੀ ਅਤੇ ਸਾਰਿਆਂ ਨੇ ਆਪਣੀ ਭੂਮਿਕਾ ਨਿਭਾਈ । ਨੀਲੰਜਨ ਦੇ ਇਸ ਤੱਥ ਦੀ ਪੁਸ਼ਟੀ ਬਾਬਰੀ ਮਸਜਿਦ ਦੀ ਜਾਂਚ ਲਈ ਬਣੀ ਲਿਬਰਹਾਨ ਕਮਿਸ਼ਨ ਦੀ ਰਿਪੋਟ ਕਰਦੀ ਹੈ। ਲਿਬਰਹਾਨ ਕਮਿਸ਼ਨ ਲਿਖਦਾ ਹੈ ਕਿ ਬਾਬਰੀ ਮਸਜਿਦ ਕਾਂਡ ਇੱਕ ਸੋਚੀ ਸਮਝੀ ਸਾਜ਼ਿਸ਼ ਸੀ। ਲਿਬਰਹਾਨ ਕਮਿਸ਼ਨ ਲਿਖਦਾ ਹੈ, 'ਬਾਬਰੀ ਮਸਜਿਦ ਨੂੰ ਮਲੀਆਮੇਟ ਕਰਨਾ ਇਕ ਯੋਜਨਾਬੱਧ ਸਾਜ਼ਿਸ਼ ਸੀ। 'ਕਮਿਸ਼ਨ ਦਾ ਮੰਨਣਾ ਹੈ ਕਿ ਉਮਾ ਭਾਰਤੀ ਨੇ ਖ਼ੁਦ ਕਮਿਸ਼ਨ ਦੀ ਮੌਜੂਦਗੀ ਵਿਚ ਇਸ ਗੱਲ ਨੂੰ ਕਬੂਲਿਆ ਸੀ। ਕਮਿਸ਼ਨ ਇਹ ਵੀ ਕਹਿੰਦਾ ਹੈ, ਇਹ ਨਹੀਂ ਮੰਨਿਆ ਜਾ ਸਕਦਾ ਕਿ ਸੰਘ ਪਰਿਵਾਰ ਦੀ ਸਾਜਿਸ਼ ਬਾਰੇ ਭਾਜਪਾਈ, ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਨੂੰ ਪਤਾ ਨਹੀਂ ਸੀ। ਪਰ ਇਹ ਸਾਰੇ ਵੱਡੇ ਆਗੂ ਅਦਾਲਤ ਅਤੇ ਮੀਡੀਆ ਦੇ ਸਾਹਮਣੇ ਇਸ ਸਾਜ਼ਿਸ਼ ਤੋਂ ਮੁੱਕਰਦੇ ਰਹੇ ਹਨ।

**ਕੋਬਰਾ ਪੋਸਟ ਸਟਿੰਗ ਆਪ੍ਰੇਸ਼ਨ**

ਇਸ ਸਾਜ਼ਿਸ਼ ਦਾ ਸਭ ਤੋਂ ਵੱਡਾ ਪਰਦਾਫਾਸ਼ ਕੋਬਰਾ ਪੋਸਟ ਦੇ ਸਟਿੰਗ ਆਪ੍ਰੇਸ਼ਨ ਰਾਹੀਂ ਹੋਇਆ ਹੈ। ਕਈ ਮਹੀਨਿਆਂ ਬਾਅਦ, ਕੋਬਰਾ ਪੋਸਟ ਦੀ ਇੱਕ ਟੀਮ ਨੇ ਭਾਜਪਾ, ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਰਾਮ ਜਨਮ ਭੂਮੀ ਅੰਦੋਲਨ ਦੇ ਵੱਡੇ ਨੇਤਾਵਾਂ ਨਾਲ ਗੱਲਬਾਤ ਨੂੰ ਆਪਣੇ ਸਟਿੰਗ ਅਪਰੇਸ਼ਨ ਰਾਹੀਂ ਕੈਮਰਿਆਂ ਵਿੱਚ ਕੈਦ ਕੀਤਾ। ਕੁੱਲ ੨੩ ਲੋਕਾਂ ਦੇ ਕੈਮਰੇ 'ਵਿਚ ਬਿਆਨ ਦਰਜ ਕਰਾਏ ਕਿ ਬਾਬਰੀ ਮਸਜਿਦ ਨੂੰ ਢਾਹੁਣ ਦੀ ਕਾਰਵਾਈ ਕਿਵੇਂ ਕੀਤੀ ਗਈ। ਇਸ ਨੂੰ ਕਿਵੇਂ ਅੰਜਾਮ ਦਿੱਤਾ ਗਿਆ।ਵਿਨੇ ਕਟਿਆਰ, ਉਮਾ ਭਾਰਤੀ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਚੰਪਤ ਰਾਏ ਦੇ ਬਿਆਨ ਵੀ ਕੈਮਰੇ ਵਿਚ ਕੈਦ ਹਨ। ਕੋਬਰਾ ਪੋਸਟ ਦੇ ਅਨੁਸਾਰ, ਇਹ ਪੂਰੀ ਯੋਜਨਾ ਦਸੰਬਰ ੧੯੯੨ ਤੋਂ ਲਗਭਗ ਅੱਠ-ਨੌਂ ਮਹੀਨੇ ਪਹਿਲਾਂ ਬਣਾਈ ਗਈ ਸੀ। ਇਸ ਯੋਜਨਾ ਦੇ ਤਹਿਤ ੩੮ ਬਹੁਤ ਹੀ ਭਰੋਸੇਮੰਦ ਅਤੇ ਮਿਹਨਤੀ ਆਰ ਐਸ ਐਸ ਦੇ ਵਲੰਟੀਅਰ ਨੌਜਵਾਨਾਂ ਨੂੰ ਦੇਸ਼ ਭਰ ਤੋਂ ਚੁਣਿਆ ਗਿਆ ਸੀ । ਕੋਬਰਾ ਪੋਸਟ ਦੇ ਅਨੁਸਾਰ, ਜੂਨ ੧੯੯੨ ਵਿੱਚ, ਗੁਜਰਾਤ ਦੇ 'ਸਰਖੇਜ' ਖੇਤਰ ਵਿੱਚ ਇੱਕ ਮਹੀਨੇ ਦੀ ਉਨਾਂ ਨੂੰ ਸਖ਼ਤ ਫ਼ੌਜੀ ਸਿਖਲਾਈ ਦਿੱਤੀ ਗਈ ਸੀ । ਇਹ ਸਿਖਲਾਈ ਦੋ ਕਿਸਮਾਂ ਦੀ ਸੀ । ਫ਼ੌਜ ਦੇ ਸਾਬਕਾ ਸੀਨੀਅਰ ਅਧਿਕਾਰੀਆਂ ਦੁਆਰਾ ਮਿਲਟਰੀ ਸਿਖਲਾਈ ਦਿੱਤੀ ਗਈ ਸੀ । ਇਸ ਸਿਖਲਾਈ ਦੌਰਾਨ ਇਮਾਰਤ ਨੂੰ ਤੋੜਨ ਲਈ ਵਰਤੇ ਗਏ ਹਥਿਆਰ, ਉਪਕਰਨਾਂ ਦੀ ਵਰਤੋਂ ਬਾਰੇ ਅਭਿਆਸ ਕਰਵਾਇਆ ਗਿਆ। ਦੂਜੀ ਸਿਖਲਾਈ ਦਾ ਮਕਸਦ ਸੀ ਕਿ ਅਖੌਤੀ ਕਾਰ ਸੇਵਕਾਂ ਦਾ ਬਰੇਨਵਾਸ਼ ਕਰਨਾ ਤੇ ਭੀੜ ਨੂੰ ਭੜਕਾਉਣਾ । ਇਹ ਸਿਖਲਾਈ ਆਚਾਰੀਆ ਧਰਮਿੰਦਰ, ਪ੍ਰਵੀਨ ਤੋਗੜੀਆ, ਅਸ਼ੋਕ ਸਿੰਘਲ ਵਰਗੇ ਵੱਡੇ ਨੇਤਾਵਾਂ ਨੇ ਦਿੱਤੀ। ਇਹ ਕਾਰਵਾਈ ਇਸੇ ਤਰਾਂ ਦੀ ਸੀ: ਜਿਵੇ, ਜਿਹਾਦੀ ਆਪਣੇ ਸ਼ਿਕਾਰ ਦੇ ਲਈ ਵਿਉਂਤਬੰਦੀ ਕਰਦੇ ਹਨ।

ਇਹ ਸਕੁਐਡ ਅਸਲ ਵਿਚ ਲੀਡਰਸ਼ਿਪ ਦਾ ਸਿਰਜਿਆ ਸੀ। ਜਿਸ ਨੂੰ ਬਾਅਦ ਵਿਚ ਇਕ ਵੱਡੀ ਫ਼ੌਜ ਵਿਚ ਬਦਲਣਾ ਪਿਆ। ਇਸ ਦਾ ਨਾਮ 'ਲਕਸ਼ਮਣ ਸੈਨਾ' ਰੱਖਿਆ ਗਿਆ ਸੀ। ਇਨਾਂ ੩੮ ਲੋਕਾਂ ਦੀ ਸਿਖਲਾਈ ਅਤੇ ਮਾਨਸਿਕ ਤਾਕਤ ਲਈ ਅਯੁੱਧਿਆ ਦੇ 'ਨੀਲਾ ਟੀਲਾ' ਖੇਤਰ ਵਿਚ ਮਾਰਕ ਡਰਿਲ ਕਰਵਾਈ ਗਈ । ਜਦੋਂ ਪੂਰਾ ਯਕੀਨ ਹੋ ਗਿਆ, ਇਨਾਂ ਵਿੱਚੋਂ ੭ ਲੋਕਾਂ ਨੂੰ ਅਯੁੱਧਿਆ ਵਿੱਚ ਰਾਮ ਕਥਾ ਕੁੰਜ ਦੇ ਤਹਖ਼ਿਾਨੇ ਵਿੱਚ ਇੱਕ ਗੁਪਤ ਮੀਟਿੰਗ ਲਈ ਬੁਲਾਇਆ ਗਿਆ । ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਸੰਘ ਦੇ ਬਹੁਤ ਸਾਰੇ ਲੋਕਾਂ ਨੇ ਇਸ ਮੀਟਿੰਗ ਵਿੱਚ ਹਿੱਸਾ ਲਿਆ । ਇਸ ਮੀਟਿੰਗ ਵਿੱਚ ਪਹਿਲੀ ਵਾਰ, ਸਿਖਲਾਈ ਦਾ ਉਦੇਸ਼ ਅਤੇ ਟੀਚਾ ਦੱਸਿਆ ਗਿਆ ਤੇ ਉਨਾਂ ਨੂੰ ਲਕਸ਼ਮਣ ਸੈਨਾ ਬਣਾਉਣ ਲਈ ਕਿਹਾ ਗਿਆ। ਇਸ ਸੈਨਾ ਵਿੱਚ ਕੁੱਲ ੧੨੦੦ ਵਰਕਰ ਭਰਤੀ ਕੀਤੇ ਗਏ ਸਨ। ਵਿਸ਼ਵ ਹਿੰਦੂ ਪ੍ਰੀਸ਼ਦ ਦੀ ਤਰਫੋਂ ਚੰਪਤ ਰਾਏ ਬਾਂਸਲ ਨੂੰ ਇਸ ਟੁਕੜੀ ਨਾਲ ਤਾਲਮੇਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਜਿਸ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ।

ਭਗਵੀ ਫ਼ੌਜ ਵਿਚ ਦਸ ਦਸ ਆਦਮੀਆਂ ਦੀਆਂ ਟੀਮਾਂ ਬਣਾਈਆਂ ਉਨਾਂ ਦਾ ਇਕ ਨੇਤਾ ਨਿਯੁਕਤ ਕੀਤਾ ਗਿਆ ਅਤੇ ਇਹ ਹਦਾਇਤ ਕੀਤੀ ਗਈ ਸੀ ਕਿ ਉਹ ਸਿਰਫ਼ ਆਪਣੇ ਆਗੂ ਦੀ ਹੀ ਗੱਲ ਸੁਣਨਗੇ। ੬ ਦਸੰਬਰ ਦੌਰਾਨ ਸਭ ਤੋਂ ਅੱਗੇ ਇਹਨਾਂ ੩੮ ਲੋਕਾਂ ਨੇ ਰਹਿਣਾ ਸੀ । ਇਹ ਵੀ ਕਿਹਾ ਗਿਆ ਕਿ ਜਿਵੇਂ ਹੀ 'ਜੈ ਸ਼ੇਸ਼ਵਤਾਰ' ਤਿੰਨ ਵਾਰ ਨਾਰਾ ਲਗੇ ਤਾਂ ਟੀਮ ਯੋਜਨਾਬੱਧ ਤਰੀਕੇ ਨਾਲ ਬਾਬਰੀ ਮਸਜਿਦ ਵਿਚ ਦਾਖਲ ਹੋ ਭੰਨ ਤੋੜ ਕਰਨੀ ਸ਼ੁਰੂ ਕਰ ਦੇਵੇ। ੬ ਦਸੰਬਰ ਨੂੰ, ਦੁਪਹਿਰ ੧੨ ਵਜੇ, ਜੈ ਸ਼ੇਸ਼ਵਤਾਰਾ ਦਾ ਜੈਕਾਰਾ ਲਗਦੇ ਹੀ ਭੰਨ ਤੋੜ ਸ਼ੁਰੂ ਹੋ ਗਈ। ਪੰਜ ਵਜੇ ਸਾਰਾ ਢਾਂਚਾ ਮਲੀਆਮੇਟ ਕਰ ਦਿੱਤਾ। ਦੁਪਹਿਰ ੨.੩੦ ਵਜੇ ਬਾਬਰੀ ਮਸਜਿਦ ਦਾ ਪਹਿਲਾ ਗੁੰਬਦ ਟੁੱਟ ਗਿਆ ਅਤੇ ਮੁੱਖ ਗੁੰਬਦ ੪.੪੦ ਵਜੇ ਢਹਿ ਗਿਆ। ਇਸ ਅਪਰੇਸ਼ਨ ਵਿਚ ਬਹੁਤ ਸਾਰੀ ਭਗਵੀ ਫ਼ੌਜ ਵੀ ਜ਼ਖ਼ਮੀ ਹੋਈ । ਹਮਲਾ ਬਾਰਾਂ ਵਜੇ ਸ਼ੁਰੂ ਹੋਣ ਤੋਂ ਠੀਕ ਪਹਿਲਾਂ, ਬਾਬਰੀ ਢਾਂਚੇ ਨੂੰ ਡੇਗੇ ਜਾਣ ਦੀ ਰਿਕਾਰਡਿੰਗ ਕਰਨ ਵਾਲੇ ਪੱਤਰਕਾਰਾਂ, ਕੈਮਰਾਮੈਨ ਅਤੇ ਵੀਡੀਓਗ੍ਰਾਫ਼ਰਾਂ ਉੱਤੇ ਭਗਵੀਂ ਸੈਨਾ ਵਲੋਂ ਹਮਲਾ ਕੀਤਾ ਗਿਆ ਤਾਂ ਜੋ ਬਾਬਰੀ ਮਸਜਿਦ ਢਾਹੇ ਜਾਣ ਦੀ ਤਸਵੀਰ ਅਤੇ ਰਿਕਾਰਡਿੰਗ ਨਾ ਕੀਤੀ ਜਾਵੇ । ਇਸ ਹਮਲੇ ਤੋਂ ਪਹਿਲਾਂ ਅਯੁੱਧਿਆ ਵਿਚ ਸਾਰੀਆਂ ਟੈਲੀਫ਼ੋਨ ਲਾਈਨਾਂ ਕੱਟੀਆਂ ਗਈਆਂ ਸਨ ਤਾਂ ਕਿ ਬਾਹਰੀ ਦੁਨੀਆ ਨੂੰ ਇਸ ਕਾਰਵਾਈ ਬਾਰੇ ਕੋਈ ਜਾਣਕਾਰੀ ਨਾ ਮਿਲ ਸਕੇ। ਇਸ ਪੂਰੇ ਆਪ੍ਰੇਸ਼ਨ ਦਾ ਨਾਮ 'ਆਪ੍ਰੇਸ਼ਨ ਰਾਮ ਜਨਮ ਭੂਮੀ' ਰੱਖਿਆ ਗਿਆ। ਕੋਬਰਾ ਪੋਸਟ ਦੀਆਂ ਸਾਰੀਆਂ ਟੇਪਾਂ ਅਜੇ ਵੀ ਮੌਜੂਦ ਹਨ ਅਤੇ ਵੇਖੀਆਂ ਜਾ ਸਕਦੀਆਂ ਹਨ।

ਇਸ ਸਾਜ਼ਿਸ਼ ਦਾ ਸੁਰਾਗ ਇੰਟੈਲੀਜੈਂਸ ਏਜੰਸੀ, ਇੰਟੈਲੀਜੈਂਸ ਬਿਉਰੋ ਦੇ ਸਾਬਕਾ ਸੰਯੁਕਤ ਡਾਇਰੈਕਟਰ ਐਮ ਕੇ ਧਰ ਦੀ ਕਿਤਾਬ ਓਪਨ ਸਿਕ੍ਰੇਟਸ ਵਿਚ ਵੀ ਮਿਲਦਾ ਹੈ। ਧਰ ਆਪਣੀ ਕਿਤਾਬ ਵਿੱਚ ਲਿਖਦਾ ਹੈ ਕਿ ਉਹ ਸੰਘ ਪਰਿਵਾਰ ਦਾ ਮਹਾਨ ਸਮਰਥਕ ਸੀ। ਉਸ ਨੂੰ ਸੰਘ ਪਰਿਵਾਰ ਦੀ ਇਕ ਮੀਟਿੰਗ ਦੀ ਗੁਪਤ ਰਿਕਾਰਡਿੰਗ ਲਈ ਫਰਵਰੀ ੧੯੯੨ ਵਿਚ ਬਿਉਰੋ ਤੋਂ ਆਦੇਸ਼ ਮਿਲੇ ਸਨ। ਉਸ ਨੇ ਸਾਰੀ ਮੁਲਾਕਾਤ ਦੀ ਗੁਪਤ ਢੰਗ ਨਾਲ ਆਡੀਓ-ਵੀਡੀਓ ਰਿਕਾਰਡਿੰਗ ਕੀਤੀ। ਉਸਨੇ ਇਸ ਮੁਲਾਕਾਤ ਦੀਆਂ ਟੇਪਾਂ ਆਪਣੇ ਬੌਸ ਨੂੰ ਸੌਂਪ ਦਿੱਤੀਆਂ। ਉਸਦੀ ਜਾਣਕਾਰੀ ਅਨੁਸਾਰ ਇਹ ਟੇਪਾਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਅਤੇ ਗ੍ਰਹਿ ਮੰਤਰੀ ਐਸ ਬੀ ਚਵਾਨ ਨੂੰ ਵੀ ਸੁਣਾਈਆਂ ਗਈਆਂ ਸਨ। ਧਰ ਦਾ ਕਹਿਣਾ ਹੈ ਕਿ ਉਹ ਟੇਪ ਸੁਣਨ ਤੋਂ ਬਾਅਦ ਉਸਦਾ ਸੰਘ ਪਰਿਵਾਰ ਤੋਂ ਮੋਹ ਭੰਗ ਹੋ ਗਿਆ ਸੀ। ਉਸ ਬੈਠਕ ਤੋਂ ਇਹ ਸਾਫ਼ ਹੋ ਗਿਆ ਸੀ ਕਿ ੬ ਦਸੰਬਰ ਦੀ ਘਟਨਾ ਪਹਿਲਾਂ ਤੋਂ ਯੋਜਨਾਬੱਧ ਸੀ। ਧਰ ਦੇ ਅਨੁਸਾਰ, ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਹੀ ਸੰਘ ਪਰਿਵਾਰ ਨੇ ਸਖ਼ਤ ਰੁਖ ਅਪਣਾ ਲਿਆ ਅਤੇ ਦੇਸ਼ ਦੀ ਰਾਜਨੀਤੀ ਵਿੱਚ ਆਉਣ ਲਈ ਕੋਈ ਵੀ ਕਦਮ ਚੁੱਕਣ ਲਈ ਤਿਆਰ ਸੀ।

ਸਵਾਲ ਇਹ ਉੱਠਦਾ ਹੈ ਕਿ ਜਦੋਂ ਇੰਨੇ ਜ਼ਿਆਦਾ ਸਬੂਤ ਹਨ ਤਾਂ ਸੰਘ ਪਰਿਵਾਰ ਅਤੇ ਭਾਜਪਾ ਦੇ ਵੱਡੇ ਨੇਤਾ ਕਿਵੇਂ ਮੁਕਤ ਹੋ ਸਕਦੇ ਹਨ। ਅਦਾਲਤ ਦੀ ਕਾਰਵਾਈ ਨੇ ਉਸ ਨੂੰ ਮਾਫ਼ ਕਰ ਦਿੱਤਾ, ਪਰ ਕੀ ਇਤਿਹਾਸ ਉਸਨੂੰ ਮੁਆਫ਼ ਕਰੇਗਾ ? ਮੇਰਾ ਆਪਣਾ ਵਿਸ਼ਵਾਸ ਹੈ ਕਿ ਸਮੇਂ ਦੇ ਬੀਤਣ ਨਾਲ ਇਤਿਹਾਸ ਸੰਘ ਪਰਿਵਾਰ, ਭਾਜਪਾ ਦੇ ਨੇਤਾਵਾਂ ਦਾ ਮੁੜ ਮੁਲਾਂਕਣ ਕਰੇਗਾ ਅਤੇ ਫਿਰ ਇਹ ਉਨਾਂ ਪ੍ਰਤੀ ਅਤਿ ਨਿਰਦਈ ਹੋਵੇਗਾ। ਉਨਾਂ ਦੀਆਂ ਆਉਣ ਵਾਲੀਆਂ ਪੀੜੀਆਂ ਨੂੰ ਅਫ਼ਸੋਸ ਹੋਵੇਗਾ ਕਿ ਅਜਿਹਾ ਕਿਉਂ ਕੀਤਾ ਗਿਆ ?



# ਕਾਰਪੋਰੇਟਾਂ ਦਾ ਹੈ ਭਾਰਤ ਤੇ ਭਾਰਤ ਦੇ ਸਰਮਾਏ ਉੱਪਰ ਕਬਜ਼ਾ

**- ਖੁਸ਼ਵਿੰਦਰ ਸਿੰਘ**

ਖੇਤੀ ਨਾਲ ਸਬੰਧਿਤ ਆਰਡੀਨੈਂਸ (ਹੁਣ ਕਾਨੂੰਨ) ਜਿਸ ਤਰੀਕੇ ਨਾਲ ਲਿਆਂਦੇ ਤੇ ਪਾਸ ਕੀਤੇ ਗਏ ਹਨ, ਉਸ ਨੇ ਕੇਂਦਰ ਸਰਕਾਰ ਦੇ ਨਾ ਸਿਰਫ਼ ਤਾਨਾਸ਼ਾਹੀ ਰਵੱਈਏ ਨੂੰ ਜ਼ਾਹਰ ਕੀਤਾ ਹੈ ਸਗੋਂ ਇਸ ਵਿਚਾਰ ਨੂੰ ਵੀ ਬਲ ਬਖਸ਼ਿਆ ਹੈ ਕਿ ਦੇਸ਼ ਦੀ ਸਰਕਾਰ ਕਾਰਪੋਰੇਟ ਪੱਖੀ ਹੈ। ਜਦੋਂ ਸਰਕਾਰਾਂ ਲੋਕ ਆਵਾਜ਼ ਨੂੰ ਵੱਡੇ ਪੱਧਰ 'ਤੇ ਨਜ਼ਰਅੰਦਾਜ਼ ਕਰਨ ਲੱਗ ਜਾਣ ਉਦੋਂ, ਸਰਕਾਰ ਦੇ ਚਾਲ-ਚਲਣ ਦੀ ਪਰਖ ਕਰਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਆਖ਼ਰ ਦੇਸ਼ ਦੀ ਸਰਕਾਰ ਕੰਮ ਕਰ ਕਿਵੇਂ ਰਹੀ ਹੈ ਤੇ ਕਿਸ ਦੇ ਹੱਕ ਵਿਚ ਕੰਮ ਕਰ ਰਹੀ ਹੈ। ਅੱਜ ਜੇਕਰ ਕੇਂਦਰ ਦੀ ਮੋਦੀ ਸਰਕਾਰ ਤਾਨਾਸ਼ਾਹੀ ਰਵੱਈਏ ਨਾਲ ਕੰਮ ਕਰ ਰਹੀ ਹੈ ਤਾਂ ਇਕ ਪਾਰਟੀ ਦੇ ਤੌਰ 'ਤੇ ਭਾਜਪਾ ਭਾਵੇਂ ਇਸ ਨੂੰ ਆਪਣੀ ਕਾਮਯਾਬੀ ਸਮਝ ਲਵੇ ਪਰ ਵਿਰੋਧੀ ਧਿਰ ਅਤੇ ਪਾਰਟੀਆਂ ਜਿਸ ਵਿਚ ਕਾਂਗਰਸ ਮੁੱਖ ਪਾਰਟੀ ਹੈ, ਲਈ ਵੀ ਇਹ ਵੱਡੀ ਅਸਫਲਤਾ ਹੈ। ਜੇਕਰ ਮੁੱਖ ਵਿਰੋਧੀ ਧਿਰ ਅਤੇ ਹੋਰ ਵਿਰੋਧੀ ਪਾਰਟੀਆਂ ਲੋਕਤੰਤਰ ਵਿਚ ਆਪਣੀ ਅਸਲ ਭੂਮਿਕਾ ਨਿਭਾਉਣ ਤਾਂ ਸੱਤਾਧਾਰੀ ਪਾਰਟੀ ਕਦੇ ਵੀ ਤਾਨਾਸ਼ਾਹੀ ਵੱਲ ਨਹੀਂ ਮੁੜ ਸਕਦੀ। ਅੱਜ ਜਿਸ ਤਰੀਕੇ ਨਾਲ ਵਿਰੋਧੀ ਪਾਰਟੀਆਂ ਨੂੰ ਮੋਦੀ ਸਰਕਾਰ ਨੇ ਰਾਹੇ ਪਾ ਰੱਖਿਆ ਹੈ, ਤੋਂ ਇੰਝ ਜਾਪਦਾ ਹੈ ਜਿਵੇਂ ਵਿਰੋਧੀ ਧਿਰ ਜਾਂ ਤਾਂ ਰਾਜਨੀਤੀ ਕਰਨਾ ਭੁੱਲ ਗਈ ਜਾਂ ਉਸ ਦੇ ਹਾਲੇ ਸਮਝ ਹੀ ਨਹੀਂ ਆਇਆ ਕਿ ਮੋਦੀ ਸਰਕਾਰ ਦੀ ਅਸਲ ਤਾਕਤ ਕਿੱਥੇ ਹੈ। ਲੋਕ ਇਕ ਵਾਰ ਪਾਰਟੀ ਨੂੰ ਸੱਤਾ ਸੰਭਾਲ ਕੇ ਪੰਜ ਸਾਲ ਲਈ ਬੇਵੱਸ ਹੋ ਸਕਦੇ ਹਨ ਪਰ ਵਿਰੋਧੀ ਧਿਰ ਦਾ ਬੇਵੱਸ ਹੋ ਜਾਣਾ ਇਕ ਬੇਈਮਾਨੀ ਹੈ।

ਜੇਕਰ ਭਾਰਤ ਦੇ ਮਾਨ ਚਿੱਤਰ 'ਤੇ ਨਜ਼ਰ ਮਾਰੀਏ ਤਾਂ ਅਜਿਹਾ ਨਹੀਂ ਕਿ ਭਾਜਪਾ ਦੀ ਸੱਤਾ ਪੂਰੇ ਭਾਰਤ ਵਿਚ ਹੈ। ਲਗਪਗ ੧੨ ਮਹੱਤਵਪੂਰਨ ਰਾਜਾਂ ਵਿਚ ਸੱਤਾ ਵਿਰੋਧੀ ਪਾਰਟੀਆਂ ਹੱਥ ਹੈ। ਪੰਜਾਬ, ਰਾਜਸਥਾਨ ਤੇ ਛੱਤੀਸਗੜ੍ਹ ਵਿਚ ਕਾਂਗਰਸ, ਝਾਰਖੰਡ ਵਿਚ ਝਾਰਖੰਡ ਮੁਕਤੀ ਮੋਰਚਾ, ਮਹਾਰਾਸ਼ਟਰ ਵਿਚ ਸ਼ਿਵ ਸੈਨਾ, ਤੇਲੰਗਾਨਾ ਵਿਚ ਟੀ.ਆਰ.ਐਸ., ਆਂਧਰਾ ਪ੍ਰਦੇਸ਼ ਵਿਚ ਜਗਨ ਰੈਡੀ, ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ, ਕੇਰਲ ਵਿਚ ਖੱਬੇ-ਪੱਖੀ ਪਾਰਟੀ, ਓਡੀਸਾ ਵਿਚ ਨਵੀਨ ਪਟਨਾਇਕ ਮੁੱਖ ਵਿਰੋਧੀ ਧਿਰਾਂ ਹਨ। ਅੱਜ ਜਦੋਂ ਦਰਜਨ ਦੇ ਲਗਪਗ ਰਾਜਾਂ ਵਿਚ ਭਾਜਪਾ ਵਿਰੋਧੀ ਸਰਕਾਰਾਂ ਹਨ ਤੇ ਫਿਰ ਵੀ ਰਾਜ ਕੇਂਦਰ ਸਾਹਮਣੇ ਭਿਖਾਰੀ ਬਣੇ ਜੀ.ਐਸ.ਟੀ. ਦੀ ਭੀਖ ਜਿਹੀ ਮੰਗਦੇ ਨਜ਼ਰ ਆ ਰਹੇ ਹਨ ਜਦਕਿ ਜੀ.ਐਸ.ਟੀ. ਦਾ ਮਤਲਬ ਇਹ ਹੋਇਆ ਸੀ ਕਿ ਦੇਸ਼ ਵਿਚ ਜੋ ੧੭ ਤਰਾਂ ਦੇ ਟੈਕਸ ਤੇ ੨੭ ਸੈੱਸ ਸਨ, ਨੂੰ ਮਿਲਾ ਕੇ ਇਕ ਜੀ.ਐਸ.ਟੀ. ਬਣਾਇਆ ਜਾਵੇਗਾ ਤਾਂ ਜੋ ਰਾਜ ਦਰ ਰਾਜ ਟੈਕਸ ਵੱਖਰੇ ਨਾ ਹੋਣ ਤੇ ਲੋਕਾਂ 'ਤੇ ਵੀ ਵਾਧੂ ਬੋਝ ਨਾ ਰਹੇ ਤੇ ਉਗਰਾਹੀ ਮਗਰੋਂ ਕੇਂਦਰ ਇਹ ਜੀ.ਐਸ.ਟੀ. ਮੁਤਾਬਿਕ ਰਾਜਾਂ ਨੂੰ ਵਾਪਸ ਵੰਡ ਦੇਵੇਗਾ। ਪਰ ਹੁਣ ਕੇਂਦਰ ਦੀਆਂ ਆਪਣੀਆਂ ਹੀ ਨੀਤੀਆਂ ਕਰਕੇ ਦੇਸ਼ ਦੀ ਆਰਥਿਕ ਸਥਿਤੀ ਏਨੀ ਖ਼ਰਾਬ ਹੋ ਗਈ ਹੈ ਕਿ ਕੇਂਦਰ ਰਾਜਾਂ ਨੂੰ ਜੀ.ਐਸ.ਟੀ. ਦੀ ਰਕਮ ਵਾਪਸ ਦੇਣ ਦੀ ਸਥਿਤੀ ਵਿਚ ਹੀ ਨਹੀਂ ਹੈ। ਅਜਿਹੇ ਵਿਚ ਜੇ ਕਿਤੇ ਸ਼ਰਾਬ ਤੇ ਪੈਟਰੋਲ ਡੀਜ਼ਲ ਵੀ ਜੀ.ਐਸ.ਟੀ. ਵਿਚ ਸ਼ਾਮਿਲ ਕਰ ਲਏ ਹੁੰਦੇ ਤਾਂ ਰਾਜ ਤਾਂ ਬਿਲਕੁਲ ਆਰਥਿਕ ਤੌਰ 'ਤੇ ਖ਼ਤਮ ਹੋ ਜਾਂਦੇ ਤੇ ਦੇਸ਼ ਵਿਚ ਇਕ ਨਵਾਂ ਰਾਜਨੀਤਕ ਸੰਵਾਦ ਛਿੜ ਜਾਂਦਾ ਕਿ ਰਾਜ ਆਰਥਿਕ ਪੱਖੋਂ ਕੰਗਾਲ ਹੋ ਚੁੱਕੇ ਹਨ ਤੇ ਰਾਜ ਨੂੰ ਚਲਾਉਣ ਲਈ ਕੇਂਦਰ 'ਤੇ ਹੀ ਪੂਰੀ ਤਰਾਂ ਨਿਰਭਰ ਹਨ, ਇਸ ਲਈ ਕਿਉਂ ਨਾ ਹੁਣ ਦੇਸ਼ ਵਿਚ ਰਾਸ਼ਟਰਪਤੀ ਪ੍ਰਣਾਲੀ ਲਿਆਂਦੀ ਜਾਵੇ ਤਾਂ ਜੋ ਕੇਂਦਰ ਸਰਕਾਰ ਹੀ ਸਾਰੇ ਦੇਸ਼ ਦਾ ਪ੍ਰਬੰਧ ਸੰਭਾਲੇ। ਫਿਰ ਮੋਦੀ ਜੀ ਹਨ ਹੀ ਇਹ ਕਮਾਨ ਸੰਭਾਲਣ ਲਈ। ਸੋ ਵਿਰੋਧੀ ਪਾਰਟੀਆਂ ਕੇਂਦਰ ਦੀ ਇਸ ਰਾਜਨੀਤੀ ਨੂੰ ਸਮਝ ਨਹੀਂ ਰਹੀਆਂ ਕਿ ਕਿਵੇਂ ਮੋਦੀ ਸਰਕਾਰ ਚੀਜ਼ਾਂ ਨੂੰ ਹੌਲੀ-ਹੌਲੀ ਇਕ ਖ਼ਾਸ ਦਿਸ਼ਾ ਵੱਲ ਲਿਜਾ ਰਹੀ ਹੈ। ਕੇਂਦਰ ਸਰਕਾਰ ਨੇ ਇਕ ਰਾਜਨੀਤਕ ਚੱਕਰਵਿਊ ਜਿਹਾ ਬਣਾ ਲਿਆ ਹੈ, ਜਿਸ ਵਿਚ ਵਿਰੋਧੀ ਦਲ ਬੇਸਮਝੀ ਨਾਲ ਗੋਲ-ਗੋਲ ਘੁੰਮ ਰਹੇ ਹਨ, ਉਸ ਨੂੰ ਤੋੜਨਾ ਤਾਂ ਦੂਰ ਰਿਹਾ। ਇਸ ਪ੍ਰਬੰਧ ਨੂੰ ਵਿਰੋਧੀ ਦਲਾਂ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਤਾਂ ਜੋ ਉਨਾਂ ਨੂੰ ਪਤਾ ਲੱਗ ਸਕੇ ਕਿ ਦੇਸ਼ ਦੀ ਸਰਕਾਰ ਕਿਵੇਂ ਤੇ ਕੌਣ ਚਲਾ ਰਿਹਾ ਹੈ ?

**ਭੱਖਦਾ ਮੱਸਲਾ**

ਦਰਅਸਲ ਖੇਤੀ ਆਰਡੀਨੈਂਸਾਂ (ਹੁਣ ਕਾਨੂੰਨ) ਤੋਂ ਬਿਨਾਂ ਵੀ ਜੇਕਰ ਦੇਸ਼ ਦੇ ਅੰਦਰ ਚੱਲ ਰਹੇ ਸਾਰੇ ਘਟਨਾਕ੍ਰਮ 'ਤੇ ਨਜ਼ਰ ਮਾਰ ਕੇ ਜੇ ਚੀਜ਼ਾਂ ਨੂੰ ਆਪਸ ਵਿਚ ਜੋੜੀਏ ਤਾਂ ਇਕ ਤਸਵੀਰ ਸਪਸ਼ਟ ਹੁੰਦੀ ਹੈ ਕਿ ਸਾਡੇ ਦੇਸ਼ ਦੀ ਸੱਤਾ 'ਤੇ ਕਾਬਜ਼ ਪਾਰਟੀ ਤੇ ਕਾਰਪੋਰੇਟ ਲਾਬੀ ਵਿਚ ਇਕ ਮਜ਼ਬੂਤ ਗੱਠਜੋੜ ਜਿਹਾ ਹੋ ਗਿਆ ਹੈ ਜੋ ਸ਼ਾਇਦ ਅੱਜ ਤੋਂ ਪਹਿਲਾਂ ਕਦੇ ਇਸ ਪੱਧਰ ਦਾ ਨਹੀਂ ਸੀ ਹੋਇਆ। ਸਭ ਤੋਂ ਪਹਿਲਾਂ ਸੱਤਾਧਾਰੀ ਪਾਰਟੀ ਨੇ ਦੇਸ਼ ਦੀ ਸਰਮਾਏਦਾਰ ਅਤੇ ਉਦਯੋਗਿਕ ਘਰਾਨਿਆਂ ਦੇ ਸਮਾਜ ਵਿਚੋਂ ਵੀ ਕੁਝ ਮਿੱਤਰ ਛਾਂਟ ਲਏ। ਇਨਾਂ ਮਿੱਤਰ ਸਰਮਾਏਦਾਰਾਂ ਨੂੰ ਹੀ ਸਭ ਤੋਂ ਵੱਧ ਬੈਂਕਾਂ ਤੋਂ ਕਰਜ਼ ਮਿਲਦਾ ਹੈ ਤੇ ਸਭ ਤੋਂ ਵੱਧ ਐਨ.ਪੀ.ਏ., ਭਾਵ ਬੈਂਕ ਦੀ ਕਰਜ਼ ਦੀ ਰਕਮ ਨਾ ਮੋੜਨ ਵਾਲੇ ਵੀ ਇਹੀ ਹਨ। ਇਨਾਂ ਮਿੱਤਰ ਸਰਮਾਏਦਾਰਾਂ ਨੂੰ ਪੈਸਾ ਕਮਾਉਣ ਲਈ ਸਰਕਾਰ ਨੇ ਹੌਲੀ-ਹੌਲੀ ਰਾਹ ਸਾਫ਼ ਕਰਨਾ ਸ਼ੁਰੂ ਕੀਤਾ ਤੇ ਬਹੁਮੁੱਲੀ ਸਰਕਾਰੀ ਜਾਇਦਾਦ ਵੀ ਕੌਡੀਆਂ ਭਾਅ ਇਨਾਂ ਨੂੰ ਸੌਂਪਣੀ ਸ਼ੁਰੂ ਕੀਤੀ। ਦੂਜੇ ਪਾਸੇ ਜੋ ਕਾਰਪੋਰੇਟ ਘਰਾਣੇ ਸਰਕਾਰ ਨਾਲ ਨਹੀਂ ਸਨ, ਨੂੰ ਵੀ ਜ਼ਮੀਨ ਦਿਖਾਉਣੀ ਸ਼ੁਰੂ ਕੀਤੀ ਗਈ। ਇਹੀ ਕਾਰਪੋਰੇਟ ਮਿੱਤਰ ਚੋਣਾਂ ਅਤੇ ਹੋਰ ਸਮੇਂ ਭਾਜਪਾ ਨੂੰ ਮੋਟੇ ਫ਼ੰਡ ਦਿੰਦੇ ਹਨ। ਚੋਣ ਕਮਿਸ਼ਨ ਦੀ ਰਿਪੋਰਟ ਅਤੇ ਏ.ਡੀ.ਆਰ. ਨਾਂਅ ਦੀ ਪ੍ਰਾਈਵੇਟ ਸੰਸਥਾ ਦੇ ਅੰਕੜੇ ਦੱਸਦੇ ਹਨ ਕਿ ਹੁਣ ਦੇ ਦੌਰ ਵਿਚ ਕਾਰਪੋਰੇਟਸ ਨੇ ਸਭ ਤੋਂ ਵੱਧ ਫੰਡਿਗ ਭਾਜਪਾ ਨੂੰ ਕੀਤੀ ਹੈ ਜੋ ਕੁੱਲ ਫਡਿੰਗ ਦਾ ੭੨ ਫ਼ੀਸਦੀ ਹੈ, ਮਤਲਬ ਬਾਕੀ ਸਾਰੇ ਵਿਰੋਧੀ ਦਲਾਂ ਨੂੰ ਸਿਰਫ਼ ੨੮ ਫ਼ੀਸਦੀ। ਇਹ ਫਡਿੰਗ ਏਨੀ ਵੱਡੀ ਹੈ ਕਿ ਮੰਨੋ ਪੈਸੇ ਦਾ ਇਕ ਸਮੁੰਦਰ ਹੈ। ਹੁਣ ਇਸ ਚੱਕਰ ਨੂੰ ਸਮਝੋ ਸਾਡੇ ਲੋਕਤੰਤਰ ਵਿਚ ਚੋਣ ਲੜਨ ਤੋਂ ਲੈ ਕੇ ਚੋਣ ਪ੍ਰਚਾਰ ਤੇ ਜਿੱਤਣ ਤੱਕ ਪੂੰਜੀ ਦੀ ਬਹੁਤ ਲੋੜ ਹੈ। ਸੱਤਾਧਾਰੀ ਪਾਰਟੀ ਨੇ ਇਕ ਅਜਿਹੇ ਚੱਕਰ ਦਾ ਨਿਰਮਾਣ ਕਰ ਲਿਆ ਹੈ, ਜਿਸ ਵਿਚ ਪਹਿਲਾਂ ਦੇਸ਼ ਦੇ ਵਿਕਾਸ ਦੇ ਨਾਂਅ 'ਤੇ ਜੀ.ਐਸ.ਟੀ. ਵਰਗੀ ਨੀਤੀ ਲਿਆਂਦੀ ਗਈ, ਅੱਗੇ ਚੱਲ ਕੇ ਉਹ ਜੀ.ਐਸ.ਟੀ. ਰਾਜਾਂ ਨੂੰ ਵਾਪਸ ਨਹੀਂ ਦਿੱਤੀ ਜਾ ਰਹੀ। ਰਾਜਾਂ ਅੱਗੇ ਸੰਕਟ ਖੜਾ ਹੋਵੇਗਾ ਕਿ ਉਹ ਆਪਣਾ ਖਰਚਾ ਪਾਣੀ ਕਿਵੇਂ ਚਲਾਉਣ ? ਰਾਜ ਤੁਰੰਤ ਆਪਣੇ ਕੋਈ ਨਿਵੇਸ਼ ਚਾਹੁਣਗੇ ਤੇ ਇਹ ਨਿਵੇਸ਼ ਕਰਨ ਵੀ ਕਾਰਪੋਰੇਟ ਦੇ ਉਹੀ ਘਰਾਣੇ ਅੱਗੇ ਆਉਣਗੇ ਜੋ ਦਿੱਲੀ ਵਿਚ ਬੈਠੀ ਸੱਤਾ ਭਾਵ ਭਾਜਪਾ ਨਾਲ ਹਨ। ਰਾਜਾਂ ਦੀ ਸਮੱਸਿਆ ਇੱਥੇ ਇਹ ਹੈ ਕਿ ਉਨਾਂ ਨੂੰ ਤੁਰੰਤ ਨਿਵੇਸ਼ ਚਾਹੀਦਾ ਹੈ ਤਾਂ ਜੋ ਆਰਥਿਕਤਾ ਨੂੰ ਧੱਕਾ ਮਿਲੇ। ਫਿਰ ਚਾਹੇ ਅੰਬਾਨੀ ਹੋਵੇ ਜਾਂ ਅਡਾਨੀ, ਨਿਵੇਸ਼ ਆਉਂਦਾ ਵੇਖ ਗ਼ੈਰ-ਭਾਜਪਾ ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀ ਭਾਵੇਂ ਉਹ ਕਾਂਗਰਸ ਦੇ ਹੀ ਕਿਉਂ ਨਾ ਹੋਣ, ਕਾਰਪੋਰੇਟਾਂ ਅੱਗੇ ਨਤਮਸਤਕ ਹੋ ਜਾਂਦੇ ਹਨ ਪਰ ਉਹ ਇਸ ਚੱਕਰ ਨੂੰ ਨਹੀਂ ਸਮਝ ਰਹੇ ਕਿ ਇਹ ਕਾਰਪੋਰੇਟ ਗ਼ੈਰ-ਸ਼ਾਸਿਤ ਭਾਜਪਾ ਰਾਜਾਂ ਵਿਚੋਂ ਵੀ ਪੈਸਾ ਕਮਾ ਕੇ ਕੇਂਦਰ ਦੀ ਉਸੇ ਸੱਤਾਧਾਰੀ ਪਾਰਟੀ ਦੀ ਝੋਲੀ ਪਾਉਣਗੇ, ਜਿਸ ਦੀ ਨੀਤੀਆਂ ਦਾ ਉਹ ਵਿਰੋਧ ਕਰਦੇ ਹਨ ਤੇ ਉਸੇ ਪੈਸੇ ਦਾ ਪ੍ਰਯੋਗ ਅੱਗੇ ਸੱਤਾਧਾਰੀ ਪਾਰਟੀ ਆਪਣੀ ਸੱਤਾ ਨੂੰ ਬਰਕਰਾਰ ਰੱਖਣ ਵਿਚ ਕਰੇਗੀ ਭਾਵ 'ਤੇਰੀ ਜੁੱਤੀ ਤੇਰਾ ਸਿਰ'। ਪਰ ਵਿਰੋਧੀ ਪਾਰਟੀਆਂ ਦੇ ਮੁੱਖ ਮੰਤਰੀ ਇਸ ਗੱਲ 'ਤੇ ਪਕੜ ਕਰਨ ਦੀ ਬਜਾਏ ਅੰਬਾਨੀ-ਅਡਾਨੀ ਨੂੰ ਵੇਖ ਖੁਸ਼ ਹੋਏ ਫਿਰਦੇ ਹਨ। ਰਾਜਸਥਾਨ ਦੀ ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਅਡਾਨੀ ਦੇ ਪੰਜ ਵੱਡੇ ਸੋਲਰ ਪਲਾਂਟਾਂ ਨੂੰ ਇਹ ਕਹਿ ਕੇ ਹਰੀ ਝੰਡੀ ਦੇ ਦਿੱਤੀ ਕਿ ਸਿਰਫ਼ ਇਸ ਦੇ ਨਿਰਮਾਣ ਵੇਲੇ ਹੀ ੨੦੦੦ ਕਰੋੜ ਦਾ ਟੈਕਸ ਰਾਜ ਨੂੰ ਮਿਲ ਜਾਵੇਗਾ ਤੇ ਮਗਰੋਂ ਸਾਲਾਨਾ ੧੦੦ ਕਰੋੜ ਰੁਪਏ ਕਮਾਈ ਹੋਵੇਗੀ ਪਰ ਇਹ ਮਿਲੇਗਾ ਜੀ.ਐਸ.ਟੀ. ਦੇ ਰੂਪ ਵਿਚ। ਜੀ.ਐਸ.ਟੀ. ਵਾਪਸ ਮੋੜਨ ਦੀ ਸਥਿਤੀ ਵਿਚ ਤਾਂ ਕੇਂਦਰ ਪਹਿਲਾਂ ਹੀ ਨਹੀਂ ਅੱਗੋਂ ਕੇਂਦਰ ਤਾਂ ਭਵਿੱਖ ਵਿਚ ਵੀ ਇਹੀ ਚਾਹੇਗਾ ਕਿ ਅਜਿਹੀਆਂ ਹੋਰ ਬੰਦਸ਼ਾਂ ਲਾਗੂ ਹੋ ਜਾਣ ਕਿ ਰਾਜ ਪੂਰੀ ਤਰਾਂ ਕੇਂਦਰ 'ਤੇ ਨਿਰਭਰ ਹੋ ਜਾਣ ਤੇ ਸੰਘੀ ਢਾਂਚੇ ਨੂੰ ਢਾਹ ਲੱਗੇ ਤੇ ਰਾਸ਼ਟਰਪਤੀ ਪ੍ਰਣਾਲੀ ਦਾ ਰਾਹ ਪੱਧਰਾ ਹੋ ਸਕੇ।

ਸਪਸ਼ਟ ਹੈ ਕਿ ਦੇਸ਼ ਨੂੰ ਬਹੁਮਤ ਨਹੀਂ ਬਲਕਿ ਸੱਤਾ 'ਤੇ ਕਾਰਪੋਰੇਟਾਂ ਦਾ ਗੱਠਜੋੜ ਚਲਾ ਰਿਹਾ ਹੈ। ਇਸੇ ਲਈ ਖੇਤੀ ਆਰਡੀਨੈਂਸ (ਹੁਣ ਕਾਨੂੰਨ) ਵਰਗੇ ਲੋਕ ਵਿਰੋਧੀ ਕਾਨੂੰਨ ਧੱਕੇ ਨਾਲ ਪਾਸ ਹੋ ਰਹੇ ਹਨ। ਕਿਸਾਨ ਤਾਂ ਖ਼ੁਦ ਆਪਣੀ ਲੜਾਈ ਲੜਨ ਲਈ ਕਮਰ ਕੱਸ ਸਰਕਾਰ ਨਾਲ ਘੋਲ ਕਰਨ ਤੁਰ ਪਏ ਹਨ ਪਰ ਉਹ ਲੋਕ ਕੀ ਕਰਨਗੇ ਜੋ ਜਥੇਬੰਦਕ ਵੀ ਨਹੀਂ ਹਨ। ਵਿਰੋਧੀ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਮਿਲ ਕੇ ਲੋਕ ਹਿਤ ਲਈ ਕੋਈ ਸਾਂਝੀ ਯੋਜਨਾ ਬਣਾਉਣ ਤੇ ਸੱਤਾਧਾਰੀ ਪਾਰਟੀ ਤੇ ਕਾਰਪੋਰੇਟਾਂ ਦੇ ਇਸ ਗੱਠਜੋੜ ਦਾ ਵੀ ਕੋਈ ਤੋੜ ਲੱਭਣ ਨਹੀਂ ਤਾਂ ਪੰਜ ਸਾਲ ਤਾਂ ਦੂਰ, ਸੱਤਾ ਦਾ ਇਹ ਗ਼ਲਬਾ ੫੦ ਸਾਲ ਤੱਕ ਨਹੀਂ ਟੁੱਟੇਗਾ ਤੇ ਲੋਕਾਂ ਵਿਚ ਫੈਲ ਰਿਹਾ ਅਸੰਤੋਖ ਮੁਲਕ ਨੂੰ ਕਿਸੇ ਅਸਥਿਰਤਾ ਵੱਲ ਧੱਕ ਦੇਵੇਗਾ, ਜਿਸ ਲਈ ਵਿਰੋਧੀ ਧਿਰ ਬਰਾਬਰ ਦੀ ਜ਼ਿੰਮੇਵਾਰ ਹੋਵੇਗੀ।

# ਕੋਰੋਨਾ ਵਾਇਰਸ ਨਾਲ ਲੜਨ ਲਈ ਇਮੀਊਨ ਸਿਸਟਮ ਤਾਕਤਵਰ ਹੋਣਾ ਚਾਹੀਦਾ

**- ਵਿਜੈ ਗਰਗ**

ਅੰਤਰਰਾਸ਼ਟਰੀ ਪੱਧਰ 'ਤੇ ਕੋਰੋਨਾ ਵਾਇਰਸ ਤੋਂ ਬਚਾਅ ਲਈ ਜਾਗਰੂਕਤਾ ਦੇ ਬਾਵਜੂਦ ਰੋਗੀਆਂ ਅਤੇ ਮਰਨ ਵਾਲਿਆਂ ਦਾ ਅੰਕੜਾ ਵੱਧ ਰਿਹਾ ਹੈ। ਗਰਭਵਤੀ ਔਰਤਾਂ, ਸੀਨੀਅਰਜ਼, ਪੁਰਾਣੀ ਡਾਇਬੀਟੀਜ਼, ਦਮਾ, ਕਮਜ਼ੋਰ ਦਿਲ, ਕੈਂਸਰ ਦੇ ਰੋਗੀ, ਛੇਤੀ ਘੇਰੇ ਵਿੱਚ ਆ ਸਕਦੇ ਹਨ। ਸਰੀਰ ਅੰਦਰ ਇਮੀਊਨਿਟੀ ਪਾਵਰ ਘੱਟ ਹੋ ਜਾਣ ਦੀ ਹਾਲਤ ਵਿੱਚ ਵਿਅਕਤੀ ਤੇਜ਼ੀ ਨਾਲ ਵਾਇਰਸ ਦੇ ਘੇਰੇ ਵਿੱਚ ਆ ਜਾਂਦਾ ਹੈ। ਕੋਰੋਨਾ ਵਾਇਰਸ ਦੇ ਰੋਗੀ ਬੁਖਾਰ, ਦਰਦਾਂ ਦੀ ਹਾਲਤ ਵਿੱਚ, ਖੰਘਣ ਤੇ ਛਿੱਕਾਂ ਮਾਰਨ ਅਤੇ ਨਜ਼ਦੀਕੀ ਨਾਲ ਤੰਦਰੁਸਤ ਵਿਅਕਤੀ ਨੂੰ ਤੇਜ਼ੀ ਨਾਲ ਆਪਣੇ ਘੇਰੇ ਵਿੱਚ ਲੈ ਲੈਂਦੇ ਹਨ। ਕੋਰੋਨਾ ਵਾਇਰਸ ਰੋਗੀ ਦੀ ਨੇੜਤਾ ਕਰਕੇ ਨੱਕ-ਮੂੰਹ ਰਾਹੀਂ ਸਰੀਰ ਅੰਦਰ ਦਾਖਲ ਹੋ ਕੇ ਫੇਫੜਿਆਂ ਤੇ ਅਟੈਕ ਕਰਦਾ ਹੈ। ਮਜ਼ਬੂਤ ਇਮੀਊਨ ਸਿਸਟਮ ਮਿਲੀਅਨਜ਼ ਵਾਇਰਸ, ਬੈਕਟੀਰੀਆ ਨੂੰ ਖ਼ਤਮ ਕਰਨ ਤੇ ਘੱਟ ਸਮੇਂ ਵਿਚ ਬੇਸ਼ੁਮਾਰ ਐਂਟੀਬਾਡੀਜ਼ ਪੈਦਾ ਕਰਨ ਦੀ ਤਾਕਤ ਰੱਖਦਾ ਹੈ। ਇਸ ਲਈ ਬਚਾਅ ਦੇ ਤਰੀਕਿਆਂ ਨਾਲ-ਨਾਲ ਹਰ ਆਦਮੀ ਨੂੰ ਆਪਣੇ ਸਰੀਰ ਅੰਦਰ ਰੋਗਾਂ ਨਾਲ ਲੜਨ ਦੀ ਤਾਕਤ ਵਿੱਚ ਵਾਧਾ ਕਰਨਾ ਚਾਹੀਦਾ ਹੈ। ਮਜ਼ਬੂਤ ਇਮੀਊਨ ਸਿਸਟਮ ਲਈ ਲਾਈਫ-ਸਟਾਇਲ ਬਦਲਨਾ ਜ਼ਰੂਰੀ ਹੋ ਗਿਆ ਹੈ। ਕਾਫ਼ੀ ਹੱਦ ਤੱਕ ਕੋਵਿਡ-੧੯ ਨੇ ਹਰ ਆਦਮੀ ਨੂੰ ਘਰ ਬਿਠਾ ਕੇ ਆਨਲਾਈਨ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ ਹੈ। ਦਫਤਰਾਂ ਅੰਦਰ ਕੰਮ ਕਰਨ ਵਾਲੇ ਤੇ ਵਿਦਿਆਰਥੀਆਂ ਨੂੰ ਸਟੱਡੀ ਤੇ ਕੰਮ ਆਨਲਾਈਨ ਕਰਨਾ ਪੈ ਰਿਹਾ ਹੈ। ਮੁਸ਼ਕਲਾਂ ਵੱਧ ਰਹੀਆਂ ਹਨ। ਵਾਇਰਸ-ਬੈਕਟੀਰੀਆ ਦੇ ਰੋਗਾਂ ਤੋਂ ਬਚਾਅ ਤੇ ਇਮੀਊਨ ਸਿਸਟਮ ਦੀ ਤਾਕਤ ਲਈ ਅੱਗੇ ਲਿਖੇ ਉਪਾਅ ਕਰਕੇ ਫ਼ਾਇਦਾ ਲੈ ਸਕਦੇ ਹੋ :

ਘਰ ਤੋਂ ਬਾਹਰ ਸਟੋਰ, ਮੌਲ ਜਾਂ ਪਰਸਨਲੀ ੨੫ ਮਿੰਟ ਤੋਂ ਜ਼ਿਆਦਾ ਨਾ ਰੁਕੋ। ਸਾਹਮਣੇ ਜਾਂ ਨਾਲ ਵਾਲਾ ਰੋਗੀ ਵੀ ਹੋ ਸਕਦਾ ਹੈ। ੬ ਫੁੱਟ ਤੋਂ ਨਜ਼ਦੀਕ ਰਹਿਣ ਨਾਲ ਤੰਦਰੁਸਤ ਵੀ ਰੋਗੀ ਦੇ ਘੇਰੇ ਵਿਚ ਆ ਸਕਦਾ ਹੈ। ਵਾਇਰਸ-ਬੈਕਟੀਰੀਆ ਤੋਂ ਬਚਾਅ ਲਈ ਪਰਸਨਲ ਹਾਈਜ਼ੀਨ ਯਾਨੀ ਫੇਸ-ਮਾਸਕ, ਗਲਬਸ ਤੇ ਹੱਥਾਂ ਨੂੰ ਸਾਬਣ ਨਾਲ ਚੰਗੀ ਤਰਾਂ ਸਾਫ਼ ਕਰਕੇ ਸੈਨੀਟਾਈਜ਼ਰ ਦਾ ਇਸਤੇਮਾਲ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਵੋ।

ਜ਼ਿੰਦਗੀ ਅਨਮੋਲ ਹੈ। ਬਿਨਾ ਮਤਲਬ ਬਾਹਰ ਨਾ ਜਾਓ ਘਰ ਰੁਕੋ। ਰੋਜ਼ਾਨਾ ਚਾਹ (ਅਦਰਕ, ਮੁਲੱਠੀ ਵਾਲੀ), ਗਰਮ ਦੁੱਧ (ਹਲਦੀ ਜਾਂ ਛੋਟੀ-ਬੜੀ ਇਲਾਇਚੀ, ਸੌਂਫ, ਲੌਂਗ ਵਾਲਾ), ਘਰੇਲੂ ਸਬਜ਼ੀਆਂ ਜਾਂ ਅੰਡੇ ਵਾਲਾ ਸੂਪ ਅਤੇ ਸਲਾਦ ਵਿਚ ਖੀਰਾ, ਕੱਚਾ ਅਦਰਕ, ਧਨੀਆ, ਹਰੀ ਮਿਰਚ ਨੂੰ ਸ਼ਾਮਲ ਕਰੋ। ਐਂਟੀ-ਆਕਸੀਡੈਂਟ ਡਾਰਕ ਗ੍ਰੀਨ ਮੌਸਮੀ ਰੰਗਦਾਰ ਸਬਜ਼ੀਆਂ ਬ੍ਰੋਕਲੀ, ਪਾਲਕ, ਐਵੋਕੇਡਾ, ਬੀਟਰੂਟ, ਬੈਂਗਨ, ਛੱਲ਼ੀ-ਸਵੀਟ ਕੋਰਨ, ਗਾਜਰ, ਸ਼ਕਰਕੰਦੀ, ਮਸ਼ਰੂਮ, ਨਿੰਬੂ, ਤੇ ਮਿਕਸ ਵੇਜ਼ੀਟੇਬਲ ਸੂਪ, ਡਾਰਕ-ਚਾਕਲੇਟ, ਗ੍ਰੀਨ-ਟੀ, ਸੈਸਮੇ ਤੇ ਸਨਫਲਾਵਰ ਸੀਡਜ਼

ਅਤੇ ਫਲ ਬਲੂ ਬੇਰੀਜ਼, ਲਾਲ-ਹਰੇ-ਕਾਲੇ ਅੰਗੂਰ, ਪਰੂਨ, ਰੇਸਿਨ, ਖਜ਼ੂਰ, ਚੇਰੀਜ਼, ਲਾਲ ਬੈਲ-ਪੀਪਰ, ਦੀ ਵਰਤੋਂ ਜ਼ਿਆਦਾ ਕਰੋ।

ਵਿਟਾਮਿਨਜ਼, ਮਿਨਰਲਜ਼ ਤੇ ਐਂਟੀ-ਆਕਸੀਡੈਂਟ ਵਾਇਰਸ ਦੇ ਰੋਗਾਂ ਨਾਲ ਲੜਨ ਦੀ ਸਮਰਥਾ ਰੱਖਦੇ ਹਨ। ਅੰਦਰੋਂ ਤਾਕਤ ਵਧਾਉਣ ਲਈ ਪੌਸ਼ਟਿਕ ਖੁਰਾਕ ਤਾਜ਼ੇ ਮੌਸਮੀ ਸਤਰੰਗੇ ਫਲ-ਸਬਜ਼ੀਆਂ ਨੂੰ ਸ਼ਾਮਲ ਕਰੋ। ਸਰੀਰ ਅੰਦਰ ਵਿਟਾਮਿਨ-ਡੀ ਘੱਟ ਹੋਣ ਨਾਲ ਕੋਵਿਡ-੧੯ ਦੀ ਸੰਭਾਵਨਾ ਵੱਧ ਜਾਂਦੀ ਹੈ। ਗਰਭਵਤੀ ਔਰਤਾਂ ਤੇ ਸੀਨੀਅਰਜ਼ ਇਨਫੈਕਸ਼ਨ ਨਾਲ ਲੜਨ ਲਈ ਕੁਦਰਤੀ ਮਲਟੀ-ਵਿਟਾਮਿਨ ਸਪਲੀਮੈਂਟਸ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰਨ। ਸਵੇਰੇ ਜਾਗਦੇ ਹੀ ਲਸਨ ਕਲੋਵ ੧-੨ ਗਰਮ ਪਾਣੀ ਨਾਲ, ਜਾਂ ਤਾਜ਼ਾ ਜਿੰਜ਼ਰ ਰਸ ਸ਼ਹਿਦ ਮਿਲਾ ਕੇ ਲਵੋ।

ਗਰਮ ਪਾਣੀ ਖੁਰਾਕੀ ਤੱਤਾਂ ਨੂੰ ਐਬਸਾਰਬ ਕਰਕੇ ਸਰੀਰ ਅੰਦਰ ਮੌਜੂਦ ਸੈੱਲ ਤੇ ਐਂਟੀਬਾਡੀਜ਼ ਐਕਟਿਵ ਕਰਦਾ ਹੈ। ਵਾਇਰਸ ਦੇ ਹਮਲੇ ਤੋਂ ਬਚਣ ਲਈ ਰੋਜ਼ਾਨਾ ੮-੧੦ ਗਲਾਸ ਗਰਮ ਪਾਣੀ ਪੀਓ। ਪਾਣੀ ਵਿਚ ਮੋਟੀ ਸੌਂਫ, ਕਾਲੀ-ਮਿਰਚ, ਪਿਪਲੀ ਵੀ ਉਬਾਲ ਸਕਦੇ ਹੋ।

ਕੋਲਡ ਡਰਿੰਕਸ ਘਟਾ ਕੇ ਤਾਜ਼ੇ ਫਲਾਂ ਦਾ ਰਸ, ਨਮਕੀਨ ਸ਼ਿਕੰਜਵੀ, ਦਹੀਂ ਦੀ ਲੱਸੀ, ਤਾਜ਼ੇ ਸੂਪ ਦਾ ਇਸਤੇਮਾਲ ਜ਼ਿਆਦਾ ਕਰੋ।

ਆਯੁਰਵੈਦਿਕ ਚਵਨਪ੍ਰਾਸ਼, ਔਲੇ ਦਾ ਮੁਰੱਬਾ ਰੋਜ਼ਾਨਾ ਇਸਤੇਮਾਲ ਕਰਕੇ ਸਰੀਰ ਅੰਦਰ ਰੋਗਾਂ ਨਾਲ ਲੜਨ ਦੀ ਤਾਕਤ ਪੈਦਾ ਕਰ ਸਕਦੇ ਹੋ। ਕੱਚਾ ਔਲਾ ਭੁੰਨ ਕੇ ਖਾਓ।

ਫਲ-ਸਬਜ਼ੀਆਂ ਇਸਤੇਮਾਲ ਕਰਨ ਤੋਂ ਪਹਿਲਾਂ ਗਰਮ ਪਾਣੀ ਵਿਚ ਨਮਕ ਜਾਂ ਸਿਰਕਾ ਮਿਲਾ ਕੇ ੧੦ ਮਿੰਟ ਤੱਕ ਰੱਖ ਕੇ ਇਨਫੈਕਸ਼ਨ ਦੀ ਸੰਭਾਵਨਾ ਤੋਂ ਬਚੋ। ਫਲ-ਸਬਜ਼ੀਆਂ ਨੂੰ ਸੈਨੀਟਾਈਜ਼ਰ, ਲੀਕੁਇਡ ਸੌਪ ਨਾਲ ਸਾਫ ਨਾ ਕਰੋ, ਸਰੀਰ ਰੋਗੀ ਹੋ ਸਕਦਾ ਹੈ।

ਸਰੀਰ ਅੰਦਰ ਤਾਕਤ ਵਧਾਉਣ ਲਈ ਹੈਲਦੀ ਲਾਈਫ-ਸਟਾਇਲ ਲਈ ਰੂਟੀਨ ਵਿਚ ਪੌਸ਼ਟਿਕ ਖੁਰਾਕ, ਸੈਰ, ਕਸਰਤ ਤੇ ੮ ਘੰਟੇ ਦੀ ਨੀਂਦ ਜਰੂਰੀ ਹੈ। ਫੇਫੜਿਆਂ ਨੂੰ ਮਜ਼ਬੂਤ ਕਰਨ ਲਈ ਲੰਬੇ ਸਾਹ ਲਵੋ-ਰੋਕੋ-ਛੱਡਣ ਦੀ ਕ੍ਰਿਆ ਬਾਰ-ਬਾਰ ਕਰੋ। ਯੋਗਾ ਕਰਨ ਵਾਲੇ ਮੈਡੀਟੇਸ਼ਨ, ਪ੍ਰਾਨਾਯਾਮ, ਕਪਾਲਭਾਤੀ, ਤੇ ਮੂੰਹ ਅੰਦਰ ਹਵਾ ਭਰੋ ਤੇ ਛੱਡੋ ਦੀ ਕ੍ਰਿਆ ਰੋਜ਼ਾਨਾ ਕਰਨੀ ਚਾਹੀਦੀ ਹੈ।





Gary Singh
FOR UNION CITY CITY COUNCIL

ENDORSEMENTS

Congressmen Eric Swalwell
Alameda County Accessor Fong La
City Councilmember Pat Gacoscos
City Councilmember Jaime Patino
Former City Council Member Jim Navarro
School Board Member Linda Canlas
School Board Member Lance Nishihira
School Board Member Sharan Kaur
School Board Member Jeff Wang
School Board Member Sarabjit Cheema

garypsingh@sbcglobal.net
(510) 861-4783
1275 Atlantic St., Union City, CA 94587

Gary Singh,
The Voice of Small Business

ACCOMPLISHMENTS

- Urged the city manager in 2018 to conduct an audit management study to ensure optimal efficiency in all departments of the city.
- Consistently voted for business growth to increase revenue and prevent unreasonable tax increases.
- Collaborated with the police department and city leaders to strategically tackle crime resulting in a 20% reduction.
- Shown necessary leadership by working with others to maintain standards of excellence in our city.
- As the President of Daily Bowl, I provided the less fortunate with essential needs.

PRIORITIES

- Promoting the economic development and employment retention.
- Maintaining growth and development.
- Bringing new jobs to the community.
- Invest in public safety services.
- Build more affordable work force housing.

RE - ELECT for City Council
Gary Singh
THE VOICE OF SMALL BUSINESS

*Gary Singh is a Union City small business owner and an advocate for other small businesses in our community.*

FOR MORE INFORMATIONS ABOUT GARY SINGH, PLEASE VISIT HIS WEBSITE:
Gary-SinghForCityCouncil.com



On November 3, Remember to VOTE for
Gary Singh for Union City, City Council!

PAID FOR BY GARY SINGH FOR CITY COUNCIL 2020. FPPC #1425084

LOOKING FOR :

COOK, WAITER & HELPER FOR PUNJABI RESTAURANT IN PA

ਪੰਜਾਬੀ ਰੇਸਟਰਾਂ (ਪੀਏ) ਵਿਚ ਕੁਕ, ਵੇਟਰ ਅਤੇ ਹੇਲਪਰ ਦੀ ਲੋੜ ਹੈ।



CALL: 610 761 9400

Website Design & Development

- ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# ਅੱਜ ਬਲਾਤਕਾਰ ਕਿਸ ਦਾ ਹੋਇਆ ਹੈ ?



**- ਡਾ. ਹਰਸ਼ਿੰਦਰ ਕੌਰ, ਐਮ. ਡੀ.**

ਭਾਰਤ ਵਿਚ ਦਰਿੰਦਗੀ ਦਾ ਨੰਗਾ ਨਾਚ ਚੱਲ ਰਿਹਾ ਹੈ! ਕੋਰੋਨਾ ਨੇ ਵਹਿਸ਼ੀਆਨਾ ਰੂਪ ਇਖ਼ਤਿਆਰ ਕਰ ਲਿਆ ਹੈ। ਨਾਬਾਲਗ ਬੱਚੀਆਂ ਨੂੰ ਨੋਚਣ ਦੇ ਨਵੇਂ ਢੰਗ ਈਜਾਦ ਕਰਨ ਵਿਚ ਭਾਰਤ ਪਹਿਲੇ ਨੰਬਰ ਉੱਤੇ ਪਹੁੰਚ ਗਿਆ ਹੈ। ਕਮਾਲ ਹੈ ਨਾ, ਇਕ ਵੀ ਬਲਾਤਕਾਰੀ ਨੂੰ ਕਦੇ ਕੋਰੋਨਾ ਨਹੀਂ ਚੰਬੜਿਆ! ਹੈ ਕੋਈ ਭਾਰਤ ਦਾ ਸੂਬਾ ਜੋ ਛਾਤੀ ਠੋਕ ਕੇ ਇਹ ਕਹਿ ਸਕੇ ਕਿ ਇੱਥੇ ਦੀ ਹਰ ਨਾਬਾਲਗ ਧੀ ਸੁਰੱਖਿਅਤ ਹੈ ? ਜੇ ਕਿਸੇ ਸੂਬੇ ਵਿਚ ਕਿਸੇ ਕਿਸਮ ਦਾ 'ਬੰਦ' ਨਾਬਾਲਗ ਧੀਆਂ ਦਾ ਬਲਾਤਕਾਰ ਨਹੀਂ ਰੋਕ ਸਕਿਆ ਅਤੇ ਨਾ ਹੀ ਸਖ਼ਤ ਤੋਂ ਸਖ਼ਤ ਕਾਨੂੰਨ ਇਸ ਵਿਚ ਕਮੀ ਲਿਆ ਸਕੇ ਹਨ ਤਾਂ ਇਸ ਦਾ ਮਤਲਬ ਸਮਝ ਲੈਣਾ ਚਾਹੀਦਾ ਹੈ ਕਿ ਭਾਰਤ ਧੀਆਂ ਦੀ ਕਤਲਗਾਹ ਵਿਚ ਤਬਦੀਲ ਹੋ ਚੁੱਕਿਆ ਹੈ।

ਗੱਲ ੧੪ ਸਤੰਬਰ ੨੦੨੦ ਦੀ ਹੈ। ਉੱਤਰ ਪ੍ਰਦੇਸ ਦੇ ਹਾਥਰਸ ਵਿਚ ੧੯ ਸਾਲਾਂ ਦੀ ਧੀ ਆਪਣੇ ਭਰਾ ਅਤੇ ਮਾਂ ਨਾਲ ਖੇਤਾਂ ਵਿਚ ਚਾਰਾ ਵੱਢਣ ਗਈ। ਗ਼ਰੀਬੀ ਹੀ ਦਲਿਤ ਟੱਬਰ ਦੀ ਮਜਬੂਰੀ ਸੀ ਕਿ ਧੀ ਉੱਕਾ ਹੀ ਅਨਪੜ੍ਹ ਰੱਖੀ ਗਈ ਸੀ। ਦੀਨ ਦੁਨੀਆ ਦੇ ਰੰਗਾਂ ਤੋਂ ਬੇਖ਼ਬਰ! ਉਸ ਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਪੂਰੇ ਮੁਲਕ ਵਿਚ ਕੁੱਝ ਰੱਜੇ ਪੁੱਜੇ ਬੰਦੇ ਆਪਣੀਆਂ ਪੁਸ਼ਤਾਂ 'ਰਿਜ਼ਰਵੇਸ਼ਨ' ਦੇ ਆਧਾਰ ਉੱਤੇ ਸੁਰੱਖਿਅਤ ਕਰ ਚੁੱਕੇ ਹੋਏ ਹਨ ਜਿਸ ਦੇ ਫ਼ਾਇਦਿਆਂ ਦੀ ਕਨਸੋਅ ਵੀ ਇਨਾਂ ਤੱਕ ਨਹੀਂ ਪਹੁੰਚਦੀ। ਇਹ ਆਪਣੇ ਹੀ ਜਾਤ ਵਾਲੇ ਰੱਜੇ ਪੁੱਜਿਆਂ ਦੇ ਘਰ ਪੁਸ਼ਤ-ਦਰ-ਪੁਸ਼ਤ ਆਪਣੀ ਕਿਸਮਤ ਨੂੰ ਕੋਸਦੇ, ਭਾਣਾ ਮੰਨਦੇ ਕੋਹਲੂ ਦੇ ਬੈਲ ਵਾਂਗ ਜੁਟੇ ਜਨਮ ਤੋਂ ਮੌਤ ਤੱਕ ਦਾ ਸਫ਼ਰ ਪੂਰਾ ਕਰ ਜਾਂਦੇ ਹਨ ਅਤੇ ਕਹਾਏ ਜਾਂਦੇ ਹਨ ਨੀਵਿਆਂ ਤੋਂ ਅਤਿ ਨੀਵੇਂ!

ਸਿਆਸਤਦਾਨਾਂ ਵੱਲੋਂ ਮੰਨਿਆ ਜਾ ਚੁੱਕਿਆ ਹੈ ਕਿ ਉਸਦਾ ਜੁਰਮ ਸੰਗੀਨ ਸੀ। ਦਿਨ ਦਿਹਾੜੇ ਮਾਂ ਅਤੇ ਭਰਾ ਨਾਲ ਖੇਤਾਂ ਵਿਚ ਕੰਮ ਕਰਨ ਦਾ ਮਤਲਬ ਹੈ ਉਸ ਦਾ 'ਪਬਲਿਕ ਪ੍ਰਾਪਰਟੀ' ਬਣ ਜਾਣਾ।

ਭਰਾ ਰਤਾ ਕੁ ਚਾਰਾ ਵੱਢ ਕੇ ਵਾਪਸ ਘਰ ਵੱਲ ਮੁੜ ਪਿਆ। ਬਾਕੀ ਕੰਮ ਮਾਂ ਧੀ ਨੇ ਸਾਂਭ ਲਿਆ। ਚਾਰਾ ਵੱਢਦਿਆਂ ਮਾਂ ਤੇ ਧੀ ਉਸ ਖੇਤ ਦੇ ਵੱਖੋ-ਵੱਖ ਪਾਸੇ ਹੋ ਤੁਰੀਆਂ। ਮਨੀਸ਼ਾ ਨੂੰ ਇਸ ਮੁਲਕ ਦੇ ਚਾਰ ਬਹੁਤ ਹੀ 'ਇੱਜ਼ਤਦਾਰ' ਬਾਸ਼ਿੰਦਿਆਂ ਨੇ ਦਬੋਚਿਆ ਤੇ ਪਰਾਂ ਘੜੀਸ ਲਿਆ।

ਮਨੀਸ਼ਾ ਦੀ ਭਾਰੀ ਗ਼ਲਤੀ ਸੀ। ਪੁਲਿਸ ਵਾਲਿਆਂ ਦਾ ਟੀ.ਵੀ. ਉੱਤੇ ਬਿਆਨ ਸੀ ਕਿ ਪੂਰੀ ਗ਼ਲਤੀ ਮਨੀਸ਼ਾ ਤੇ ਉਸ ਦੇ ਮਾਪਿਆਂ ਦੀ ਸੀ ਜੋ ਖੇਤਾਂ ਵਿਚ ਕੰਮ ਕਰਨ ਖੁੱਲੀ ਛੱਡਿਆ ਹੋਇਆ ਸੀ। ਭਲਾ ਹੱਥ ਜੋੜ ਸਿਰ ਨੀਵਾਂ ਕਰ ਕੇ ਆਪੇ ਨਿਰਵਸਤਰ ਕਿਉਂ ਨਹੀਂ ਹੋਈ ? ਵਿਚਾਰੇ ਚਾਰਾਂ ਨੂੰ ਕਿੰਨਾ ਧੱਕਾ ਕਰਨਾ ਪਿਆ। ਦੋ ਨੇ ਲੀੜੇ ਪਾੜੇ!

ਤਿੰਨਾਂ ਨੇ ਸੰਘ ਪੂਰੀ ਤਰਾਂ ਘੁੱਟਿਆ ਸੀ ਪਰ ਮਨੀਸ਼ਾ ਮਾਂ ਨੂੰ ਆਵਾਜ਼ ਮਾਰਨ ਦੀ ਕੋਸ਼ਿਸ਼ ਕਰਨੋਂ ਹਟੀ ਹੀ ਨਹੀਂ। ਚੌਥੇ ਵਿਚਾਰੇ ਨੂੰ ਮਜਬੂਰੀ ਵਿਚ ਜੀਭ ਕੱਟਣੀ ਪਈ। ਜਦ ਫਿਰ ਵੀ ਪੂਰਾ ਜ਼ੋਰ ਲਾ ਕੇ ਛੁਡਾਉਣ ਦੀ ਕੋਸ਼ਿਸ਼ ਵਿਚ ਜੁਟੀ ਰਹੀ ਤਾਂ ਚਾਰਾਂ ਨੇ ਰਲ ਕੇ ਉਸ ਦੀ ਰੀੜ ਦੀ ਹੱਡੀ ਤਿੰਨ ਥਾਵਾਂ ਤੋਂ ਤੋੜ ਕੇ, ਫਿਰ ਹਵਸ ਪੂਰੀ ਕਰਨ ਲਈ ਸਮੂਹਕ ਬਲਾਤਕਾਰ ਕੀਤਾ।

ਜਦ ਮਾਂ ਘੰਟੇ ਬਾਅਦ ਮਨੀਸ਼ਾ ਨੂੰ ਲੱਭਦੀ ਲਭਾਉਂਦੀ ਖੇਤ ਦੇ ਇੱਕ ਪਾਸੇ ਉਸ ਦੀ ਇੱਕ ਚੱਪਲ ਵੇਖ ਘਬਰਾ ਗਈ ਤਾਂ ਉੱਚੀ-ਉੱਚੀ ਆਵਾਜ਼ਾਂ ਮਾਰਨ ਲੱਗੀ। ਆਵਾਜ਼ ਸੁਣਦੇ ਸਾਰ ਉਹ ਚਾਰੋ ਭੱਜ ਗਏ। ਦੂਜੀ ਚੱਪਲ ਕੁੱਝ ਦੂਰ ਪਈ ਵੇਖ ਮਾਂ ਉਸ ਪਾਸੇ ਧੀ ਨੂੰ ਲੱਭਣ ਤੁਰ ਗਈ। ਅੱਗੇ ਪਹੁੰਚੀ ਤਾਂ ਧੀ ਦਾ ਹਾਲ ਵੇਖ ਕੇ ਉਸ ਦਾ ਕਲੇਜਾ ਮੂੰਹ ਨੂੰ ਆ ਗਿਆ। ਨਿਰਵਸਤਰ ਪਈ ਧੀ ਦੇ ਮੂੰਹ ਵਿੱਚੋਂ ਲਹੂ ਦੀਆਂ ਧਤੀਰੀਆਂ ਵੱਗ ਰਹੀਆਂ ਸਨ। ਗਰਦਨ ਪਿਛਾਂਹ ਡਿੱਗੀ ਪਈ ਸੀ। ਸਰੀਰ ਝਰੀਟਿਆ ਪਿਆ ਸੀ। ਬੱਚੇਦਾਨੀ ਦੇ ਮੂੰਹ ਰਾਹੀਂ ਦੂਰ ਤੱਕ ਖਿੱਲਰਿਆ ਲਹੂ ਦਿਸ ਰਿਹਾ ਸੀ। ਅੱਖਾਂ ਬਾਹਰ ਨੂੰ ਨਿਕਲੀਆਂ ਪਈਆਂ ਸਨ। ਲੱਤਾਂ ਚੌੜੀਆਂ ਜਿਵੇਂ ਹੱਡੀਆਂ ਤੋੜ ਦਿੱਤੀਆਂ ਹੋਣ। ਬੇਹੋਸ਼ ਪਈ ਧੀ ਦਾ ਹਾਲ ਵੇਖ ਮਾਂ ਥਾਏਂ ਹੀ ਡਿਗ ਪਈ। ਮਸਾਂ ਹਿੰਮਤ ਕਰ ਧੀ ਦੇ ਸਰੀਰ ਦੁਆਲੇ ਆਪਣੀ ਚੁੰਨੀ ਲਪੇਟ ਕੇ ਧੀ ਦਾ ਟੁੱਟਿਆ ਫੁੱਟਿਆ ਸਰੀਰ ਚੁੱਕਿਆ ਤੇ ਘਰ ਆ ਗਈ।

ਉਸ ਤੋਂ ਬਾਅਦ ਸੋਲਾਂ ਦਿਨ ਤੱਕ ਮਾਂ, ਪਿਓ ਤੇ ਭਰਾ ਸਿਰਫ਼ ਤਰਲੇ ਤੇ ਹਾੜੇ ਕੱਢਦੇ ਇੱਧਰ ਉੱਧਰ ਧੱਕੇ ਖਾਂਦੇ ਰਹੇ। ਹਸਪਤਾਲੋਂ ਸਿਰਫ਼ ਏਨਾ ਪਤਾ ਲੱਗਿਆ ਕਿ ਸਮੂਹਕ ਬਲਾਤਕਾਰ ਹੋਇਆ ਸੀ, ਤਿੰਨ ਥਾਵਾਂ ਤੋਂ ਰੀੜ ਦੀ ਹੱਡੀ ਤੋੜੀ ਗਈ ਸੀ, ਗਰਦਨ ਤੋਂ ਹੇਠਾਂ ਸਰੀਰ ਨੂੰ ਲਕਵਾ ਮਾਰ ਗਿਆ ਸੀ, ਜੀਭ ਅੱਧੀ ਕੱਟੀ ਹੋਈ ਸੀ ਤੇ ਧੀ ਸਿਰਫ਼ ਏਨਾ ਹੀ ਕਹੀ ਜਾ ਰਹੀ ਸੀ ਕਿ ਉਸ ਨਾਲ ਬਹੁਤ ਗ਼ਲਤ ਹੋਇਆ। ਬੱਚੇਦਾਨੀ ਦਾ ਰਾਹ ਪੂਰਾ ਜ਼ਖ਼ਮੀ ਸੀ। ਗਲ਼ਾ ਦਬਾਉਣ ਸਦਕਾ ਉਸ ਦੀ ਅਵਾਜ਼ ਬਹੁਤ ਹੌਲੀ ਨਿਕਲ ਰਹੀ ਸੀ। ਕਮਾਲ ਇਹ ਕਿ ਹਾਲੇ ਵੀ ਬਲਾਤਕਾਰ ਸਾਬਤ ਕਰਨ ਲਈ ਉੱਥੋ ਦੇ ਡਿਸਟ੍ਰਿਕਟ ਮੈਜਿਸਟ੍ਰੇਟ ਨੂੰ ਹੋਰ ਤੱਥਾਂ ਦੀ ਲੋੜ ਸੀ।

ਜਦੋਂ ਮੀਡੀਆ ਤਕ ਇਸ ਦੀ ਖ਼ਬਰ ਪਹੁੰਚੀ, ਤਾਂ ੨੨ ਸਤੰਬਰ ਨੂੰ ਬਿਆਨ ਦਰਜ ਕੀਤੇ ਗਏ। ਉਦੋਂ ਤੱਕ ਉਸ ਧੀ ਦੀ ਹਾਲਤ ਬਹੁਤ ਨਾਜ਼ੁਕ ਬਣ ਚੁੱਕੀ ਸੀ। ਬਿਆਨ ਦਰਜ ਕਰਦਿਆਂ ਮੈਡੀਕਲ ਦੀ ਰਿਪੋਰਟ ਦੇ ਬਾਵਜੂਦ ਪੁਲਿਸ ਨੇ ਸਿਰਫ਼ ਛੇੜਖ਼ਾਨੀ ਦਾ ਕੇਸ ਦਰਜ ਕੀਤਾ।

ਆਖ਼ਰ ਇੱਕ ਦਲਿਤ ਨੂੰ ਇਨਸਾਨ ਮੰਨਿਆ ਹੀ ਕਦੋਂ ਜਾਂਦਾ ਹੈ ਅਤੇ ਉਹ ਵੀ ਜੇ ਧੀ ਹੋਵੇ ਤਾਂ ਪੱਤ ਲੁੱਟਣ ਦਾ ਉੱਚੀ ਜਾਤ ਵਾਲਿਆਂ ਨੂੰ ਜੱਦੀ ਹੱਕ ਮਿਲਿਆ ਹੋਇਆ ਹੈ।

ਇਸੇ ਲਈ ਸਹੀ ਮੰਨਿਆ ਗਿਆ ਕਿ ਉਸ ਨਾਲ ਜੋ ਹੋਇਆ ਰੱਬ ਦਾ ਭਾਣਾ ਮੰਨ ਕੇ ਸਹਿ ਜਾਵੇ। ਮੀਡੀਆ ਵਾਲੇ ਫਿਰ ਵੀ ਨਾ ਮੰਨੇ ਤਾਂ ਬਿਆਨਾਂ ਤੋਂ ੫ ਦਿਨ ਬਾਅਦ ਬਲਾਤਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਜਦੋਂ ਹਸਪਤਾਲ ਦੇ ਡਾਕਟਰਾਂ ਨੇ ਹਾਲਤ ਵਿਗੜਦੀ ਵੇਖ ਕੇ ਪੁਲਿਸ ਕਰਮੀਆਂ ਨੂੰ ਦੱਸਿਆ ਕਿ ਹੁਣ ਮੌਤ ਨਿਸ਼ਚਿਤ ਹੈ ਤਾਂ ਧੱਕੋ ਜ਼ੋਰੀ ਪੁਲਿਸ ਅਧਮਰੀ ਮਨੀਸ਼ਾ ਨੂੰ ਚੁੱਕ ਕੇ ਵੱਡੇ ਹਸਪਤਾਲ ਲੈ ਗਏ ਤੇ ਉਨਾਂ ਨੇ ਮਾਪਿਆਂ ਨਾਲ ਗੁੰਡਿਆਂ ਦੀ ਦਰਿੰਦਗੀ ਨਾਲੋਂ ਵੀ ਭੈੜਾ ਹਾਲ ਕੀਤਾ।

ਡਰਾ ਧਮਕਾ ਕੇ ਬੇਰਹਿਮੀ ਨਾਲ ਮਾਪਿਆਂ ਨੂੰ ਪਰਾਂ ਧੱਕ ਕੇ ਧੀ ਨੂੰ ਅੰਦਰ ਮਰਨ ਤੱਕ ਪਾਈ ਰੱਖਿਆ। ਮਾਪਿਆਂ ਨੂੰ ਧਮਕੀਆਂ ਸਿਰਫ਼ ਪੁਲਿਸ ਵੱਲੋਂ ਹੀ ਨਹੀਂ, ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਵੀ ਦਿੱਤੀਆਂ ਗਈਆਂ।

ਮਾਪੇ ਤੇ ਭਰਾ ਦੜ ਵੱਟ ਕੇ ਬਹਿ ਗਏ, ਕਿ ਚਲੋ ਆਪਣੇ ਕਲੇਜੇ ਦੇ ਟੁਕੜੇ ਨੂੰ ਕਿਸੇ ਤਰਾਂ ਇਨਸਾਫ਼ ਮਿਲ ਜਾਏ। ਰੱਬ ਵੀ ਗ਼ਰੀਬਾਂ ਦੀ ਕਿੱਥੇ ਸੁਣਦਾ ਹੈ! ਉਸ ਨੇ ਤਾਂ ਗ਼ਰੀਬ ਦਲਿਤਾਂ ਲਈ ਏਸੇ ਧਰਤੀ ਉੱਤੇ ਨਰਕ ਬਣਾ ਕੇ ਭੇਜਿਆ ਹੈ। ਇਹੀ ਕਾਰਨ ਹੈ ਕਿ ਰੈਜ਼ਰਵੇਸ਼ਨ ਲਈ ਗਲਾ ਫਾੜ ਕੇ ਚੀਕਣ ਵਾਲੇ ਰੱਜੇ ਪੁੱਜਿਆਂ ਵਿੱਚੋਂ ਕੋਈ ਨਹੀਂ ਬਹੁੜਿਆ ਕਿਉਂਕਿ ਉਹ ਆਪਣੇ ਏ.ਸੀ. ਕਮਰਿਆਂ ਵਿਚ ਆਪਣੀ ਪੁਸ਼ਤ ਦਾ ਭਵਿੱਖ ਸੁਰੱਖਿਅਤ ਕਰਨ ਵਿਚ ਰੁੱਝੇ ਸਨ। ਉਨਾਂ ਨੇ ਇਨਾਂ ਤੋਂ ਕੀ ਲੈਣਾ!

ਫਿਰ ਉਹੀ ਹੋਇਆ ਜੋ ਹੋਣਾ ਸੀ। ਧੀ ਪੀੜ ਨਾ ਸਹਿੰਦੀ ਆਖ਼ਰ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ। ਮਾਪੇ ਵਿਚਾਰੇ ਕਿਸਮਤ ਨੂੰ ਕੋਸਦੇ ਧੀ ਦੀ ਲਾਸ਼ ਲੈਣ ਲਈ ਹੱਥ ਅੱਡ ਕੇ ਖਲੋ ਗਏ।

ਪਰ ਹਾਲੇ ਬਸ ਕਿੱਥੇ ਹੋਈ ਸੀ। ਪੁਲਿਸ ਕਰਮੀਆਂ ਅਤੇ ਪ੍ਰਸ਼ਾਸਨ ਨੇ ਭਰਾ ਤੇ ਪਿਓ ਨੂੰ ਠੁੱਡੇ ਮਾਰੇ, ਮਾਂ ਨੂੰ ਘੜੀਸਿਆ ਤੇ ਮਨੀਸ਼ਾ ਦੀ ਲਾਸ਼ ਨੂੰ ਲਪੇਟ ਕੇ ਗੱਡੀ ਵਿਚ ਸੁੱਟ ਲਿਆ। ਮਾਂ ਨੇ ਜ਼ਮੀਨ ਉੱਤੇ ਬਹਿ ਕੇ ਵੈਣ ਪਾਏ, ਝੋਲੀ ਅੱਡੀ, ਤਰਲੇ ਲਏ ਪਰ ਮਿਲੀਆਂ ਠੋਕਰਾਂ ਤੇ ਦੁਲੱਤੀਆਂ।

ਪੂਰਾ ਘੇਰਾ ਬਣਾ ਕੇ ਪੁਲਿਸ ਕਰਮੀਆਂ ਨੇ ਸਭ ਨੂੰ ਪਰਾਂ ਧੱਕ ਕੇ ਆਪੇ ਹੀ ਕੱਟੀ ਵੱਢੀ ਲਾਸ਼ ਦੇ ਟੋਟਿਆਂ ਨੂੰ ਲਪੇਟ ਕੇ ਲੱਕੜਾਂ ਉੱਤੇ ਸੁੱਟ ਕੇ ਅੱਗ ਲਾ ਦਿੱਤੀ। ਸਾਰੇ ਦੇ ਸਾਰੇ ਬਿਆਨ ਕੋਰੇ ਝੂਠੇ ਦੇ ਕੇ ਪ੍ਰਸ਼ਾਸਨ ਤੇ ਪੁਲਿਸ ਆਪੋ ਆਪਣੇ ਘਰਾਂ ਵਿਚ ਜਾ ਕੇ ਚੈਨ ਨਾਲ ਸੌਂ ਗਏ।

ਹੱਦ ਤਾਂ ਇਹ ਸੀ ਕਿ ਮੁੱਖ ਮੰਤਰੀ ਦੇ ਦਫ਼ਤਰੋਂ ਪਹੁੰਚਿਆ ਬਿਆਨ ਅਖ਼ਬਾਰਾਂ ਵਿਚ ਛਪਿਆ-"ਸਾਡਾ ਕੰਮ ਗਾਵਾਂ ਨੂੰ ਬਚਾਉਣਾ ਹੈ, ਲੜਕੀਆਂ ਨੂੰ ਨਹੀਂ।"

ਖ਼ਬਰ ਦੇ ਅਖੀਰ ਵਿਚ ਲਿਖਿਆ ਸੀ-

"ਜਿੱਧਰ ਵੇਖੋ ਹਵਸ ਦੇ ਜੱਲਾਦ ਬੈਠੇ ਨੇ।
ਸੰਭਾਲੋ ਧੀਆਂ ਨੂੰ, ਮੁਲਕ ਚਲਾਉਣ ਵਾਲੇ ਬੇਔਲਾਦ ਬੈਠੇ ਨੇ।"

ਸਵਾਲ ਇਹ ਹੈ ਕਿ ਰਾਤ ੨.੪੫ ਵਜੇ ਜਿਨਾਂ ਟੋਟਿਆਂ ਨੂੰ ਲਪੇਟ ਕੇ ਪੁਲਿਸ ਕਰਮੀਆਂ ਵੱਲੋਂ ਅੱਗ ਲਾਈ ਗਈ, ਉਸ ਵਿਚ ਸੜਿਆ ਕੀ ਸੀ-ਬੇਟੀ, ਜ਼ਮੀਰ, ਕਾਨੂੰਨ, ਸੰਵਿਧਾਨ, ਸੰਵੇਦਨਸ਼ੀਲਤਾ ਜਾਂ ਇਨਸਾਨੀਅਤ ?

ਹੁਣ ਤੱਕ ਵੀ ਮਾਪਿਆਂ ਤੇ ਭਰਾ ਨੂੰ ਪ੍ਰਸ਼ਾਸਨਿਕ ਅਧਿਕਾਰੀ ਵੱਲੋਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਖ਼ਬਰਾਂ ਤੇ ਚੈਨਲਾਂ ਤਾਂ ਚਾਰ ਦਿਨਾਂ ਵਿਚ ਰੌਲਾ ਪਾ ਕੇ ਚੁੱਪ ਹੋ ਜਾਣਗੀਆਂ। ਲੋਕ ਵੀ ਹਫ਼ਤੇ ਭਰ 'ਚ ਸਭ ਭੁੱਲ ਜਾਣਗੇ। ਫਿਰ ਵੇਖਣਾ ਅਸੀਂ ਕਿਵੇਂ ਤੁਹਾਨੂੰ ਵੀ ਦਫ਼ਨ ਕਰ ਦਿਆਂਗੇ। ਗੱਲ ਬਿਲਕੁਲ ਸਹੀ ਹੈ। ਖ਼ੌਫ਼ਨਾਕ ਹੈਵਾਨੀਅਤ ਜਾਰੀ ਹੈ। ਹਾਥਰਸ ਵਿਚਲਾ ਸਿਵਾ ਹਾਲੇ ਠੰਡਾ ਵੀ ਨਹੀਂ ਹੋਇਆ ਕਿ ਬਲਰਾਮਪੁਰ ਜ਼ਿਲੇ ਵਿਚ ਇਕ ੨੨ ਸਾਲਾ ਦਲਿਤ ਵਿਦਿਆਰਥਣ ਨੂੰ ਨਸ਼ੇ ਦਾ ਟੀਕਾ ਲਾ ਕੇ ਦੋ ਮੁਲਜ਼ਮਾਂ ਸਾਹਿਲ ਅਤੇ ਸ਼ਾਹਿਦ ਨੇ ਏਨੇ ਭਿਆਨਕ ਤਰੀਕੇ ਨਾਲ ਸਮੂਹਕ ਬਲਾਤਕਾਰ ਕੀਤਾ ਕਿ ਉਸ ਦੀ ਉਸੇ ਦਿਨ ਲਹੂ ਵਹਿ ਜਾਣ ਕਾਰਨ ਮੌਤ ਹੋ ਗਈ। ਹੁਣ ਦੱਸੋ ਭਲਾ ਧੀ ਦਾ ਕਸੂਰ ਕਿੰਨਾ ਕੁ ਮੰਨਿਆ ਜਾਣਾ ਚਾਹੀਦਾ ਹੈ ? ਮੰਗਲਵਾਰ ਸਵੇਰੇ ੧੦ ਵਜੇ ਘਰੋਂ ਸਾਈਕਲ ਉੱਤੇ ਕਾਲਜ ਵਿਚ ਸਿਰਫ਼ ਫੀਸ ਜਮਾਂ ਕਰਵਾਉਣ ਗਈ ਸੀ।

ਉੱਤਰ ਪ੍ਰਦੇਸ ਦੇ ਪੁੱਤਰਾਂ ਨੂੰ ਸ਼ਾਬਾਸ਼ੀ ਦੇਣੀ ਬਣਦੀ ਹੈ ਕਿਉਂਕਿ ਉਨਾਂ ਨੇ ਨਵੇਂ ਦਿਸਹੱਦੇ ਤੈਅ ਕਰ ਦਿੱਤੇ ਹਨ। ਉਸੇ ਦਿਨ ਭਦੋਹੀ ਵਿਚ ਨਾਬਾਲਗ ੧੪ ਸਾਲਾ ਦਲਿਤ ਬੱਚੀ ਦੁਪਿਹਰੇ ੧੧ ਵਜੇ ਖੇਤ ਵਿਚ ਮਲ ਮੂਤਰ ਕਰਨ ਗਈ। ਉੱਥੇ ਹੀ ਉਸ ਦਾ ਸਿਰ ਫੇਹ ਕੇ, ਮਾਰਨ ਬਾਅਦ ਲਾਸ਼ ਨਾਲ ਸਮੂਹਕ ਬਲਾਤਕਾਰ ਕੀਤਾ ਗਿਆ।

ਹੁਣ ਦੱਸੋ! ਹੈ ਕਿਸੇ ਮੁਲਕ 'ਚ ਹਿੰਮਤ ਜੋ ਭਾਰਤੀ ਬਲਾਤਕਾਰੀਆਂ ਦਾ ਰਿਕਾਰਡ ਤੋੜ ਸਕੇ ? ਮੁੱਢ ਕਦੀਮ ਤੋਂ ਔਰਤਾਂ ਦ੍ਰੋਪਤੀ ਵਾਂਗ ਨਿਰਵਸਤਰ ਕੀਤੀਆਂ ਜਾਂਦੀਆਂ ਰਹੀਆਂ ਤੇ ਬੇਪੱਤ ਵੀ ਹੁੰਦੀਆਂ ਰਹੀਆਂ ਪਰ ਭਗਵਾਨ ਕ੍ਰਿਸ਼ਨ ਕਦੇ ਕਿਸੇ ਰੂਪ ਵਿਚ ਬਹੁੜਿਆ ਨਹੀਂ ਦਿਸਿਆ!

ਇਸ ਗੱਲ ਵਿਚ ਪਕਿਆਈ ਇਸ ਤੱਥ ਤੋਂ ਵੀ ਹੋ ਜਾਂਦੀ ਹੈ ਕਿ ਹੁਣ ਧਾਰਮਿਕ ਥਾਵਾਂ ਦੇ ਅੰਦਰ ਵੀ ਨਾਬਾਲਗਾਂ ਦਾ ਸਮੂਹਕ ਬਲਾਤਕਾਰ ਕਰਨ ਬਾਅਦ ਮਾਰਿਆ ਜਾਣ ਲੱਗ ਪਿਆ ਹੈ। ਨਾ ਕਦੇ ਕੋਈ ਨਿਆਂ ਦਿਵਾਉਣ ਤੇ ਨਾ ਹੀ ਕਦੇ ਕੋਈ ਜ਼ਮੀਰ ਜਗਾਉਣ ਬਹੁੜਿਆ ਹੈ!

ਭਾਰਤ ਵਿਚ ਹੁਣ ਕਾਤਲਾਂ ਤੇ ਬਲਾਤਕਾਰੀਆਂ ਨੂੰ ਕਾਨੂੰਨ ਬਣਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਹੋਈ ਹੈ। ਉੱਚ ਅਦਾਲਤ ਦੇ ਇੱਕ ਜੱਜ ਵਿਰੁੱਧ ਉਸੇ ਅਧੀਨ ਕੰਮ ਕਰਦੀ ਬੱਚੀ ਜਦੋਂ ਭੱਦੀ ਛੇੜਛਾੜ ਦਾ ਇਲਜ਼ਾਮ ਲਾਉਂਦੀ ਹੈ ਤਾਂ ਇਸ ਮੁਲਕ ਦਾ ਨਿਆਂ ਉਸੇ ਜੱਜ ਅੱਗੇ ਕੇਸ ਦੀ ਸੁਣਵਾਈ ਕਰਵਾਉਂਦਾ ਹੈ ਤੇ ਉਸੇ ਬੇਟੀ ਨੂੰ ਗੁਣਾਹਗਾਰ ਮੰਨ ਲੈਂਦਾ ਹੈ ਕਿਉਂਕਿ ਜੱਜ ਕੇਸ ਨੂੰ ਸਿਰੇ ਤੋਂ ਖ਼ਾਰਜ ਕਰ ਦਿੰਦਾ ਹੈ।

ਖ਼ਬਰਾਂ ਅਨੁਸਾਰ ਦੇਹ ਵਪਾਰ ਦੇ ਅੱਡੇ ਹੀ ਪੰਜਾਬ ਅੰਦਰ ਮੰਤਰੀਆਂ ਦੇ ਪੁੱਤਰ ਚਲਾਉਂਦੇ ਹਨ ਤੇ ਅਸੈਂਬਲੀਆਂ ਅੰਦਰ ਬੈਠੇ ਸਾਡੇ ਚੁਣੇ ਨੁਮਾਇੰਦੇ ਪੌਰਨ ਫਿਲਮਾਂ ਵੇਖ ਕੇ ਸਮਾਂ ਟਪਾਉਂਦੇ ਹਨ। ਆਖ਼ਰ ਕਿਸ ਕੋਲੋਂ ਨਿਆਂ ਦੀ ਉਮੀਦ ਰੱਖ ਰਹੇ ਹਾਂ ? ਉਹ ਸਮਾਜ ਜੋ ਹਾਲੇ ਤੱਕ ਔਰਤ ਨੂੰ ਪੈਰਾਂ ਦੀ ਜੁੱਤੀ ਮੰਨ ਰਿਹਾ ਹੈ ? ਜਿੱਥੇ ਮੌਤ ਬਾਅਦ ਵੀ ਕੂੜੇ ਦੇ ਢੇਰ ਵਾਂਗ ਗ਼ਰੀਬ ਦਲਿਤ ਬੱਚੀ ਦਾ ਟੋਟੇ-ਟੋਟੇ ਹੋਇਆ ਜਿਸਮ ਫੂਕ ਦਿੱਤਾ ਜਾਂਦਾ ਹੈ ? ਜਿੱਥੇ ਮੋਇਆਂ ਬਾਅਦ ਵੀ ਮਾਂ ਦੀ ਹਿੱਕ ਨਾਲ ਲੱਗ ਕੇ ਦਿਲ ਅੰਦਰਲੀ ਦੱਬੀ ਅੱਗ ਨੂੰ ਠੰਡੀ ਕਰਨ ਦਾ ਹੱਕ ਬਾਲੜੀ ਨੂੰ ਨਹੀਂ ਦਿੱਤਾ ਜਾਂਦਾ ?

ਭਾਰਤ ਵਿਚਲੇ ਨਰਕ ਨੂੰ ਬਣਾਉਣ ਵਾਲੇ 'ਉੱਚ ਜਾਤੀਏ' ਕੀ ਇਹ ਦੱਸਣਗੇ ਕਿ ਦਲਿਤ ਨਾਬਾਲਗ ਬੱਚੀਆਂ ਨਾਲ ਇਹ ਘਿਨਾਉਣੇ ਜੁਰਮ ਕਰਨ ਵਾਲਿਆਂ ਦੇ ਸਿਰ ਉੱਤੇ ਕਿਹੜੇ ਤਾਜ ਸਜਾਉਣਗੇ ? ਇਹ 'ਉੱਚ-ਜਾਤੀਏ' ਬਘਿਆੜ ਕਦੋਂ ਤੱਕ ਆਪਣੀ ਪਿਆਸ ਇਸ ਤਰਾਂ ਦੀ ਲਹੂ ਦੀ ਹੋਲੀ ਨਾਲ ਮਿਟਾਉਂਦੇ ਰਹਿਣਗੇ ?

ਕਾਨੂੰਨ ਹੀ ਕਮਾਲ ਦਾ ਹੈ ਕਿ ਹਾਲੇ ਵੀ ਬਾਲੜੀਆਂ ਨੂੰ ਹੀ ਕਸੂਰਵਾਰ ਠਹਿਰਾ ਰਿਹਾ ਹੈ-ਹਵਸ ਮਿਟਾਉਣ ਵਿਚ ਬਾਲੜੀਆਂ ਵੱਲੋਂ ਰੁਕਾਵਟ ਪਾਉਣ ਲਈ! ਕਿਉਂ ਚੁੱਪ ਚੁਪੀਤੇ ਪੱਤ ਨਹੀਂ ਲੁਹਾਈ ? ਕਿਵੇਂ ਆਖ਼ਰ ਕਿਵੇਂ ਸਿਰ ਫੇਹ ਕੇ, ਲੱਤਾਂ ਪਾੜ ਕੇ, ਰੀੜ ਦੀ ਹੱਡੀ ਤੋੜ ਕੇ, ਜੀਭ ਕੱਟ ਕੇ, ਚਾਕੂ ਨਾਲ ਚੀਰ ਕੇ, ਸੋਟੀਆਂ ਤੁੰਨ ਕੇ, ਸਮੂਹਕ ਬਲਾਤਕਾਰ ਕਰ ਕੇ, ਲਹੂ ਵਹਿੰਦੀ ਦੇ ਮੂੰਹ ਅੰਦਰ ਤੇਜ਼ਾਬ ਪਾ ਕੇ ਤੇ ਅੱਧਸੜੀ ਲਾਸ਼ ਕੁੱਤਿਆਂ ਲਈ ਚੂੰਡਣ ਨੂੰ ਛੱਡ ਕੇ ਜਾਣ ਨੂੰ ਭਾਰਤ ਦਾ ਸੰਵਿਧਾਨ ਚੁੱਪ ਚੁਪੀਤੇ ਸਹਿਨ ਕਰਦਾ ਹੈ ਤੇ ਹੈਵਾਨਾਂ ਨੂੰ ਫੜੇ ਜਾਣ ਤੋਂ ਬਚਾਉਣ ਦੀ ਕੋਸ਼ਿਸ਼ ਕਰਦਾ ਹੈ ? ਇਨਾਂ ਹੈਵਾਨਾਂ ਦੇ ਹੱਕ ਵਿਚ ਆਵਾਜ਼ ਚੁੱਕਣ ਵਾਲੇ ਬਘਿਆੜਾਂ ਨਾਲ ਅਜਿਹਾ ਹਸ਼ਰ ਕਿਉਂ ਨਹੀਂ ਕੀਤਾ ਜਾਂਦਾ ?

ਲੋਕਤੰਤਰ ਦਾ ਚੌਥਾ ਥੰਮ
ਕਹਾਉਣ ਵਾਲਾ ਮੀਡੀਆ
ਕਿਹੜੇ ਰੰਗ ਵਿਚ
ਰੰਗ ਗਿਆ ?
ਕਿਉਂ ਸਿੱਕਿਆਂ ਦੇ
ਛਣਕਾਟੇ ਵਿਚ ਕੰਨ ਬੰਦ
ਕਰ ਗਿਆ ?
ਕਿੰਜ ਚੀਕਾਂ ਸੁਣੀਆਂ ਉਸ ਨੂੰ
ਕੇਰਲ ਦੀ ਹਥਨੀ ਦੀਆਂ ?
ਸੁਸ਼ਾਂਤ ਦੀ ਮੌਤ ਦੀ ਚੁੱਪ
ਦਾ ਸ਼ੋਰ
ਕਿੰਜ ਗਗਨਚੁੰਬੀ ਬਣ ਗਿਆ ?
ਕਿਉਂ ਕੰਗਨਾ ਦੇ ਦਫਤਰ
ਪਿੱਛੇ ਤੇ ਦੀਪਿਕਾ ਦੇ ਸੂਟੇ ਹੇਠ
ਨਾਬਾਲਗਾਂ ਦੀਆਂ ਚੀਕਾਂ ਦਫ਼ਨ ਹੋ ਗਈਆਂ ?
ਸਿਆਸਤਦਾਨਾਂ ਦੇ ਕਿਸਾਨਾਂ ਲਈ ਵਹਾਏ
ਮਗਰਮੱਛ ਦੇ ਹੰਝੂ
ਤੇ ਦੋ ਕਰੋੜ ਦੀਆਂ ਕਾਰਾਂ
ਵਿੱਚੋਂ ਮੀਡੀਆ ਨੂੰ ਹੱਥ ਹਿਲਾਉਣਾ
ਹੀ 'ਨੈਸ਼ਨਲ ਮੁੱਦਾ' ਕਿਉਂ ਬਣ ਗਿਆ ?
ਨਿਰਭਯਾ ਦੀ ਹੂਕ
ਮਨੀਸ਼ਾ ਦੀ ਕੂਕ
ਤੇ ਅਣਗਿਣਤ ਹੋਰ ਬਾਲੜੀਆਂ
ਦੇ ਸਿਵਿਆਂ ਵਿੱਚੋਂ ਨਿਕਲ
ਰਹੀਆਂ ਚੁੱਪ ਦੀਆਂ ਚੀਕਾਂ
ਵੇਲੇ ਚੌਥਾ ਥੰਮ
ਮੂੰਹ ਉੱਤੇ ਪੱਟੀ
ਕਿਉਂ ਬੰਨ ਕੇ ਬਹਿ ਗਿਆ ?
ਕਿਉਂ ਗਾਵਾਂ ਦੇ ਰਾਖੇ
ਅਖਵਾਉਣ ਵਾਲਿਆਂ ਅੱਗੇ
ਧਰਮ ਗੋਡੇ ਟੇਕ ਬਹਿ ਗਿਆ ?
ਕਿਉਂ ਧੀਆਂ ਲਈ ਨਰਕ ਭੋਗਣ
ਦਾ ਹੁਕਮ ਜਾਰੀ ਹੋ ਗਿਆ ?
ਕੀ ਇਹ ਮਾਂ ਦੇ ਢਿੱਡੋਂ ਜੰਮੇ ਨੇ ?
ਮਾਂ ਦੇ ਦੁੱਧ ਦਾ ਕਰਜ਼ ਲਾਹ ਰਹੇ ਨੇ ?
ਹਰਾਮ ਦੇ ਅਖਵਾਏ ਗਏ
ਤਾਂ ਵੀ ਗਾਲ ਮਾਂ ਨੂੰ ਹੀ ਕੱਢੀ ਜਾਵੇਗੀ!
ਰਾਖ਼ਸ਼ ਪਿਓ ਵੱਲੋਂ ਆਏ ਜੀਨ ਦੀ
ਧੂਅ ਵੀ ਨਹੀਂ ਕੱਢੀ ਜਾਵੇਗੀ!
ਵੱਢੀ ਜੀਭ, ਤੋੜੀ ਧੌਣ
ਭੰਨ ਦਿੱਤੀ ਰੀੜ ਦੀ ਹੱਡੀ!
ਕਿਸਦੀ ?
ਮਨੀਸ਼ਾ ਦੀ ?
ਨਹੀਂ!
ਲੋਕਤੰਤਰ ਦੀ,
ਕਾਨੂੰਨ ਦੀ,
ਨਿਆਂ ਦੀ,
ਸੰਵਿਧਾਨ ਦੀ
ਤੇ ਇਨਸਾਨੀਅਤ ਦੀ!
ਜਿਨਾਂ ਦਾ ਅੱਜ ਸਮੂਹਕ ਬਲਾਤਕਾਰ ਹੋਇਆ ਹੈ।

ਰਾਹਤ ਇੰਦੌਰੀ ਵੀ ਕਹਿੰਦਾ ਹੈ :-

ਲਸ਼ਕਰ ਭੀ ਤੁਮਹਾਰਾ ਹੈ, ਸਰਦਾਰ ਤੁਮਹਾਰਾ ਹੈ।
ਤੁਮ ਝੂਠ ਕੋ ਸੱਚ ਲਿਖ ਦੋ, ਅਖ਼ਬਾਰ ਤੁਮਹਾਰਾ ਹੈ।
ਇਸ ਦੌਰ ਕੇ ਫਰਿਆਦੀ, ਜਾਏਂ ਤੋਂ ਜਾਏਂ ਕਹਾਂ।
ਸਰਕਾਰ ਭੀ ਤੁਮਹਾਰੀ ਹੈ, ਦਰਬਾਰ ਤੁਮਹਾਰਾ ਹੈ।

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
**ਬੱਚਿਆਂ ਦੀ ਮਾਹਰ,**
**੨੮, ਪ੍ਰੀਤ ਨਗਰ, ਲੋਅਰ ਮਾਲ**
**ਪਟਿਆਲਾ। ਫੋਨ ਨੰ: ੦੧੭੫-੨੨੧੬੭੮੩**

# ਗੁਰੂ ਘਰ ਦੇ ਬਾਬੇ ਨੇ ਚਿਟ ਫੰਡ ਕੰਪਨੀਆਂ ਨੂੰ ਪਾਈ ਮਾਤ

**✪ ਅਖੰਡ ਪਾਠ ਸਾਹਿਬ ਦੇ ਨਾਮ 'ਤੇ ਕੀਤਾ ਕਰੋੜਾਂ ਦਾ ਵਪਾਰ ✪ ਅਖੰਡ ਪਾਠ ਅਤੇ ਲੰਗਰ ਸੇਵਾ ਦੇ ਨਾਮ ਤੇ 3000, 30,000 ਅਤੇ 300,000 ਲੈ ਕੇ 21 ਗੁਣਾ ਵਾਪਸ ਕਰਨ ਦਾ ਵਾਅਦਾ ✪ ਗੁਰਦੁਆਰਾ ਪ੍ਰਬੰਧਕ ਅਤੇ ਪਹਿਲੇ ਨਿਵੇਸ਼ਕ ਹੋ ਰਹੇ ਨੇ ਮਾਲੋਮਾਲ ✪ ਅੰਮ੍ਰਿਤ ਛਕਣ ਵਾਲੇ ਪਰਿਵਾਰ ਨੂੰ ਪੰਜ ਮਹੀਨੇ ਬਾਅਦ ਇੱਕ ਕਿੱਲੋ ਸੋਨਾ ਤੇ 25 ਲੱਖ ਦਾ ਮਕਾਨ ਦੇਣ ਦਾ ਵਾਅਦਾ ✪ ਪ੍ਰਸ਼ਾਸ਼ਨ ਦੀ ਕਾਰਗੁਜ਼ਾਰੀ ਨੂੰ ਸ਼ੱਕ ਦੇ ਘੇਰੇ ਵਿੱਚ, ਅਜੇ ਤੱਕ ਕੋਈ ਕਾਰਵਾਈ ਨਾ ਹੋਈ ✪ ਬਾਬਾ ਪਰਿਵਾਰ ਸਮੇਤ ਗਾਇਬ ਹੋਣ ਦੀ ਸਕੀਮ ਲਗਾ ਰਿਹਾ ਏ**



**- ਬਘੇਲ ਸਿੰਘ ਧਾਲੀਵਾਲ**
99142-58142

**ਬਰਨਾਲਾ/ਮਲੇਰਕੋਟਲਾ:** ਪਿਛਲੇ ਕੁੱਝ ਦਿਨਾਂ ਤੋਂ ਇੱਕ ਗੁਰਦੁਆਰਾ ਸਾਹਿਬ ਵਿੱਚ ਚਲਦੇ ਚਿਟਫੰਡ ਕੰਪਨੀਆਂ ਦੀ ਤਰਜ 'ਤੇ ਪੈਸੇ ਦੁੱਗਣੇ-ਚੌਗਣੇ ਕਰਨ ਦੇ ਕਾਰੋਬਾਰ ਕਰਕੇ ਜਿਲਾ ਸੰਗਰੂਰ ਦੀ ਮਲੇਰਕੋਟਲਾ ਤਹਿਸੀਲ ਦਾ ਪਿੰਡ ਕੁਠਾਲਾ ਕਾਫੀ ਚਰਚਾ ਵਿੱਚ ਹੈ। ਇੱਥੇ ਵੀ ਇੱਕ ਗਰੰਥੀ ਬਾਬਾ ਲੋਕਾਂ ਨੂੰ ਅਖੰਡ ਪਾਠ ਸਾਹਿਬ ਦੀ ਭੇਟਾ ਲਈ ਥੋੜਾ ਪੈਸਾ ਨਿਵੇਸ਼ ਕਰਕੇ ਵੱਡੀ ਕਮਾਈ ਦੇਣ ਦਾ ਵਾਅਦਾ ਕਰ ਰਿਹਾ ਹੈ। ਪੰਜਾਬ ਦੀ ਲੜਖੜਾਈ ਆਰਥਿਕਤਾ ਦਾ ਸ਼ਾਤਰ ਦਿਮਾਗ ਲੋਕ ਅਕਸਰ ਹੀ ਫਾਇਦਾ ਚੁੱਕਦੇ ਰਹਿੰਦੇ ਹਨ। ਚਿਟਫੰਡ ਕੰਪਨੀਆਂ ਲੋਕਾਂ ਨੂੰ ਵੱਡੇ ਵੱਡੇ ਸਬਜ਼ਬਾਗ ਦਿਖਾ ਕੇ ਹਜਾਰਾਂ ਕਰੋੜ ਰੂਪਏ ਲੈ ਕੇ ਫਰਾਰ ਹੋ ਜਾਂਦੀਆਂ ਹਨ ਤੇ ਕੁੱਝ ਸਮਾਂ ਪਾ ਕੇ ਕਿਸੇ ਹੋਰ ਨਾਮ ਹੇਠ ਜਾਂ ਕਿਸੇ ਹੋਰ ਮਖੌਟੇ ਹੇਠ ਇਹ ਸ਼ਾਤਰ ਲੁਟੇਰੇ ਫਿਰ ਲੋਕਾਂ ਦਾ ਸ਼ੋਸ਼ਣ ਕਰਨ ਲਈ ਆਉਂਦੇ ਹਨ ਤੇ ਕਾਮਯਾਬੀ ਨਾਲ ਮੋਟੀਆਂ ਠੱਗੀਆਂ ਮਾਰ ਕੇ ਰਫੂ ਚੱਕਰ ਹੋ ਜਾਂਦੇ ਹਨ। ਬੀਤੇ ਕੁੱਝ ਕੁ ਸਾਲ ਪਹਿਲਾਂ ਵੀ ਕਈ ਪਰਲਜ ਵਰਗੀਆਂ ਨਾਮਵਰ ਕੰਪਨੀਆਂ ਦੇ ਮਾਲਕ ਜਨਤਾ ਦਾ ਅਰਬਾਂ ਰੁਪਏ ਡਕਾਰ ਚੁੱਕੇ ਹਨ। ਚਾਰ ਕੁ ਸਾਲ ਪਹਿਲਾਂ ਦੋ ਕੰਪਨੀਆਂ ਲਾਇਵ ਟਰੇਡਿੰਗ ਕੰਪਨੀ ਅਤੇ ਕਰਾਉਨ ਟਰੇਡਿੰਗ ਨਾਮ ਦੀਆਂ ਚਿਟਫੰਡ ਕੰਪਨੀਆਂ ਜ਼ਿਲਾ ਬਰਨਾਲਾ ਵਿੱਚ ਵੀ ਸਰਗਰਮ ਹੋਈਆਂ ਸਨ, ਜਿਨਾਂ ਵਿਚੋਂ ਇਕੱਲੀ ਕਰਾਉਂਨ ਟਰੇਡਿੰਗ ਕੰਪਨੀ ਬਰਨਾਲਾ ਅਤੇ ਇਸ ਦੇ ਆਸ ਪਾਸ ਦੇ ਇਲਾਕੇ ਦੇ ਲੋਕਾਂ ਨੂੰ ਪੈਸੈ ਦੁੱਗਣੇ ਚੌਗਣੇ ਦੇਣ ਦੇ ਲਾਰੇ ਨਾਲ 5000 ਕਰੋੜ ਰੁਪਏ ਤੋ ਵੱਧ ਦੀ ਵਸੂਲੀ ਕਰਕੇ ਗਾਇਬ ਹੋ ਗਈ। ਭਾਵੇਂ ਉਕਤ ਕੰਪਨੀਆਂ ਦੇ ਮਾਲਕਾਂ ਤੇ ਪੁਲਿਸ ਕੇਸ ਦਰਜ ਹੋਏ ਅਤੇ ਉਹ ਜੇਲਾਂ ਵਿੱਚ ਵੀ ਗਏ, ਪਰ ਲੋਕਾਂ ਦਾ ਇੱਕ ਵੀ ਪੈਸਾ ਵਾਪਸ ਨਹੀਂ ਹੋਇਆ। ਵੱਧ ਪੈਸੇ ਇਕੱਠੇ ਕਰਨ ਦੇ ਲਾਲਚ ਵਿੱਚ ਜਾਇਦਾਦਾਂ ਵੇਚ ਵੇਚ ਕੇ ਕਰਾਉਨ 'ਚ ਪੈਸੇ ਫਸਾ ਲੈਣ ਵਾਲੇ ਕਈ ਵਿਅਕਤੀਆਂ ਵੱਲੋਂ ਖੁਦਕੁਸ਼ੀਆਂ ਕਰਨ ਦੀਆਂ ਚਰਚਾਵਾਂ ਵੀ ਚੱਲੀਆਂ ਸਨ, ਪਰ ਇਸ ਦੇ ਬਾਵਜੂਦ ਵੀ ਕਿਸੇ ਕੰਪਨੀ ਵੱਲੋਂ ਕਿਸੇ ਵੀ ਨਿਵੇਸ਼ਕ ਦਾ ਨਵਾਂ ਪੈਸਾ ਤੱਕ ਵਾਪਸ ਨਹੀਂ ਕੀਤਾ ਗਿਆ। ਇਹਨਾਂ ਕੰਪਨੀਆਂ ਦੀ ਤਰਜ਼ 'ਤੇ ਹੀ ਹੁਣ ਜਿਲਾ ਸੰਗਰੂਰ ਦੇ ਪਿੰਡ ਕੁਠਾਲਾ ਵਿਖੇ ਇੱਕ ਗੁਰਦੁਆਰਾ ਸਾਹਿਬ ਦੇ ਗਰੰਥੀ ਵੱਲੋਂ ਵੀ ਅਜਿਹੀ ਸਕੀਮ ਸ਼ੁਰੂ ਕੀਤੀ ਗਈ ਹੈ, ਜਿਸ ਦੇ ਕੁੱਝ ਦਿਨਾਂ ਵਿੱਚ ਹੀ ਕਰਾਉਨ ਵਰਗੀਆਂ ਕੰਪਨੀਆਂ ਨੂੰ ਵੀ



ਮਾਤ ਪਾ ਦੇਣ ਦੀਆਂ ਖਬਰਾਂ ਮਿਲ ਰਹੀਆਂ ਹਨ। ਭਰੋਸੇਯੋਗ ਸੂਤਰਾਂ ਤੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਉਕਤ ਬਾਬੇ ਵੱਲੋਂ ਚਲਾਈ ਗਈ ਸਕੀਮ ਵਿੱਚ ਤਿੰਨ ਹਜਾਰ ਜਮਾ ਕਰਵਾਉਣ ਵਾਲੇ ਵਿਅਕਤੀ ਨੂੰ ਰੋਜਾਨਾ 21 ਦਿਨ (ਪਹਿਲਾਂ ਇਹ ਰਕਮ 27 ਦਿਨ ਦਿੱਤੀ ਜਾਂਦੀ ਸੀ), ਇੱਕ ਇੱਕ ਹਜਾਰ ਰੁਪਏ, 30,000 ਜਮਾ ਕਰਵਾਉਣ ਵਾਲੇ ਨੂੰ ਰੋਜਾਨਾ 10,000 ਰੁਪਏ ਵਾਪਸ ਦਿੱਤੇ ਜਾ ਰਹੇ ਹਨ ਅਤੇ ਇਸ ਸਕੀਮ ਤੋ ਮਿਲੇ ਬੇਹੱਦ ਸਫਲ ਹੁੰਗਾਰੇ ਤੋ ਬਾਅਦ 300,000 ਲੱਖ ਦੀ ਸਕੀਮ ਸੁਰੂ ਕੀਤੀ ਗਈ ਹੈ, ਜਿਸ ਵਿੱਚ ਨਿਵੇਸਕ ਨੂੰ 15 ਦਿਨ ਇੱਕ ਇੱਕ ਲੱਖ ਰੁਪਏ ਦੇਣ ਬਾਰੇ ਕਿਹਾ ਗਿਆ ਹੈ, ਜਿਹੜੇ ਅਜੇ ਦੇਣੇ ਸ਼ੁਰੂ ਨਹੀ ਕੀਤੇ ਗਏ, ਪਰ ਨਿਵੇਸਕਾਂ ਦੀ ਗਿਣਤੀ ਸੈਕੜਿਆਂ ਨੂੰ ਪਾਰ ਕਰ ਗਈ ਹੈ। ਸੋਚਣ ਵਾਲੀ ਗੱਲ ਹੈ ਕਿ ਮਹੀਨੇ ਦੇ ਅੰਦਰ ਅੰਦਰ ਦਿੱਤੀ ਗਈ ਰਕਮ ਵਿੱਚ 27 ਗੁਣਾ ਵਾਧਾ ਕਿਵੇਂ ਹੋ ਰਿਹਾ ਹੈ, ਇਹ ਪੈਸਾ ਕਿਹੜੀ ਸਕੀਮ ਤਹਿਤ ਵੱਧ ਰਿਹਾ ਹੈ ? ਇੱਥੇ ਹੀ ਬੱਸ ਨਹੀ ਉਕਤ ਗਰੰਥੀ ਬਾਬੇ ਵੱਲੋਂ ਇਸ ਪੈਸੇ ਵਿਚੋ ਸਮਾਜ ਭਲਾਈ ਦੇ ਕਾਰਜ ਵੀ ਕੀਤੇ ਜਾ ਰਹੇ ਹਨ, ਜਿਵੇਂ ਸਾਂਝੇ ਅਸਥਾਨਾਂ, ਗੁਰੂਘਰਾਂ, ਮਸੀਤਾਂ ਆਦਿ ਨੂੰ ਏ ਸੀ, ਜਨਰੇਟਰ, ਲੋੜਬੰਦ ਵਿਅਕਤੀਆਂ ਨੂੰ ਮੁਫਤ ਨਵੇਂ ਮੋਟਰ ਸਾਇਕਲ, ਕਾਰਾਂ ਤੋ ਇਲਾਵਾ ਬਾਬੇ ਵੱਲੋਂ ਅੰਮ੍ਰਿਤਧਾਰੀ ਪਰਿਵਾਰਾਂ ਨੂੰ ਪੰਜ ਮਹੀਨਿਆਂ ਬਾਅਦ ਇੱਕ ਪੱਚੀ ਲੱਖ ਰੁਪਏ ਦਾ ਮਕਾਨ ਅਤੇ ਇੱਕ ਕਿੱਲੋ ਸੋਨਾ ਦੇਣ ਦਾ ਵੀ ਵਾਅਦਾ ਕੀਤਾ ਜਾ ਰਿਹਾ ਹੈ। ਸੋ ਸੋਚਣ ਵਾਲੀ ਗੱਲ ਹੈ ਕਿ ਇਹ ਲੋਕਾਂ ਤੋ ਇਕੱਠੇ ਕੀਤੇ ਜਾ ਰਹੇ ਪੈਸੇ ਤੋ ਉਕਤ ਬਾਬਾ ਕਿਹੜੀ ਗਿੱਦੜਸਿੰਗੀ ਨਾਲ ਐਨਾ ਵੱਡਾ ਮੁਨਾਫਾ ਕਮਾਉਣ ਦਾ ਦਾਅਵਾ ਕਰਦਾ ਹੈ ? ਕੀ ਇਸ ਮੁਨਾਫੇ ਵਾਲੇ ਪੈਸੇ ਵਿੱਚੋਂ ਸਰਕਾਰ ਨੂੰ ਕੋਈ ਟੈਕਸ ਅਦਾ




ਕੀਤਾ ਜਾਂਦਾ ਹੈ ਜਾਂ ਨਹੀ, ਇਹ ਵੀ ਸੁਆਲ ਖੜਾ ਹੈ ? 30 ਸਤੰਬਰ ਤੱਕ ਨਿਵੇਸ਼ ਕਰਨ ਵਾਲਿਆਂ ਦੀ ਗਿਣਤੀ ਦੇ ਮਿਲੇ ਵੇਰਵਿਆਂ ਮੁਤਾਬਿਕ 3000 ਵਾਲੇ ਤਕਰੀਬਨ ਸਾਢੇ ਨੌਂ ਹਜ਼ਾਰ ਤੋ ਵੱਧ, 30,000 ਹਜ਼ਾਰ ਵਾਲਿਆਂ ਦੀ ਗਿਣਤੀ 1350 ਤੋ ਵੱਧ ਅਤੇ ਨਵੀ ਸਕੀਮ ਅਨੁਸਾਰ ਤਿੰਨ ਲੱਖ ਨਿਵੇਸ਼ ਕਰਨ ਵਾਲਿਆਂ ਦੀ ਗਿਣਤੀ 650 ਤੋਂ ਵੱਧ ਦੱਸੀ ਗਈ ਹੈ, ਜਿਸ ਅਨੁਸਾਰ ਹੁਣ ਤੱਕ ਤਕਰੀਬਨ 20 ਕਰੋੜ ਤੋਂ ਵੱਧ ਦੀ ਬੇਨਾਮੀ ਰਾਸ਼ੀ ਉਕਤ ਬਾਬੇ ਵੱਲੋਂ ਉੱਪਰ ਦਰਸਾਈਆਂ ਸਕੀਮਾਂ ਤਹਿਤ ਇਕੱਠੀ ਕੀਤੀ ਜਾ ਚੁੱਕੀ ਹੈ। ਇਹ ਮੁਨਾਫੇ ਵਾਲਾ ਕਾਰੋਬਾਰ ਕਦੋਂ ਤੱਕ ਚੱਲੇਗਾ, ਇਹ ਤਾਂ ਸਮਾਂ ਦੱਸੇਗਾ ਪਰ ਇਕ ਦਿਨ ਕਰੋੜਪਤੀ ਬਣਨ ਵਾਲੇ ਲੋਕ ਠੱਗੀ ਦਾ ਸ਼ਿਕਾਰ ਹੋਣ ਤੋਂ ਨਹੀਂ ਬਚ ਸਕਣਗੇ। ਸਾਡੇ ਸੂਤਰਾਂ ਅਨੁਸਾਰ ਪੁਲਿਸ ਦੇ ਖੁਫੀਆ ਵਿਭਾਗ ਦੇ ਮੁਲਾਜ਼ਮ ਵੀ ਪਲ ਪਲ ਦੀ ਨਜ਼ਰ ਰੱਖ ਰਹੇ ਹਨ ਅਤੇ ਜਿਲੇ ਦਾ ਪੁਲਿਸ ਤੇ ਸਿਵਲ ਪ੍ਰਸਾਸ਼ਨ ਬਾਬੇ ਕੋਲ ਚੱਕਰ ਤਾਂ ਲਗਾਉਦਾ ਰਹਿੰਦਾ ਹੈ ਪਰ ਅਜੇ ਤੱਕ ਕੋਈ ਕਾਰਵਾਈ ਨਾ ਕਰਨਾ ਪ੍ਰਸ਼ਾਸ਼ਨ ਦੀ ਕਾਰਗੁਜ਼ਾਰੀ ਨੂੰ ਸ਼ੱਕ ਦੇ ਘੇਰੇ ਵਿੱਚ ਲੈ ਆਉਂਦਾ ਹੈ। ਸ਼ਾਇਦ ਅਜੇ ਹੋਰ ਵੱਡੀ ਠੱਗੀ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ, ਜਿਸ ਤੋ ਬਾਅਦ ਹੀ ਸਰਕਾਰ ਅਤੇ ਪ੍ਰਸ਼ਾਸ਼ਨ ਹਰਕਤ ਵਿੱਚ ਆਵੇਗਾ। ਮੀਡੀਏ ਵੱਲੋਂ ਉਕਤ ਮਾਮਲੇ ਨੂੰ ਪਰਮੁੱਖਤਾ ਨਾਲ ਸੁਰਖੀਆਂ ਵਿੱਚ ਲੈ ਕੇ ਆਉਣ ਤੋਂ ਬਾਅਦ ਲੋਕ ਕੁਝ ਸੁਚੇਤ ਹੁੰਦੇ ਦਿਖਾਈ ਦੇ ਰਹੇ ਹਨ, ਕਿਉਂਕਿ ਖਬਰਾਂ ਪ੍ਰਕਾਸ਼ਤ ਹੋਣ ਤੋਂ ਬਾਅਦ ਪੈਸਾ ਜਮਾਂ ਕਰਵਾਉਣ ਵਾਲਿਆਂ ਦੀ ਗਿਣਤੀ ਵਿੱਚ ਕਮੀ ਦਰਜ ਕੀਤੀ ਜਾ ਰਹੀ ਹੈ। ਪਿਛਲੇ ਇੱਕ ਦੋ ਦਿਨ ਤੋਂ ਸਕੀਮੀ ਗ੍ਰੰਥੀ ਬਾਬੇ ਦੀ ਗੈਰ ਹਾਜ਼ਰੀ ਵੀ ਕਈ ਸਵਾਲ ਖੜੇ ਕਰ ਰਹੀ ਹੈ, ਭਰੋਸੇਯੋਗ ਸੂਤਰਾਂ ਤੋਂ ਇਹ ਵੀ ਜਾਣਕਾਰੀ ਮਿਲੀ ਹੈ ਕਿ ਬਾਬਾ ਪਰਿਵਾਰ ਸਮੇਤ ਗਾਇਬ ਹੋਣ ਦੀ ਸਕੀਮ ਲਗਾ ਰਿਹਾ ਹੈ, ਕਿਉਂਕਿ ਦਵਾਈ ਦੇ ਬਹਾਨੇ ਬਾਬੇ ਵੱਲੋਂ ਪਰਿਵਾਰ ਸਮੇਤ ਲਗਾਤਾਰ ਚੰਡੀਗੜ ਦੇ ਚੱਕਰ ਲਾਉਣੇ ਦਾਲ ਵਿੱਚ ਕੁਝ ਕਾਲਾ ਹੋਣ ਵੱਲ ਇਸ਼ਾਰਾ ਕਰਦੇ ਹਨ। ਪਹਿਲਾਂ ਹੀ ਤਿਆਰ ਕੀਤੇ ਸਵੈ ਘੋਸ਼ਣਾ ਪੱਤਰ ਤੇ ਗੁਰਦੁਆਰਾ ਕਮੇਟੀ ਵੱਲੋਂ ਪੈਸੇ ਨਿਵੇਸ ਕਰਨ ਵਾਲਿਆਂ ਤੋ ਦਸਤਖਤ ਕਰਵਾਏ ਜਾਂਦੇ ਹਨ, ਜਿਸ ਉਪਰ ਪਹਿਲਾਂ ਹੀ ਇਹ ਲਿਖਿਆ ਹੋਇਆ ਹੈ ਕਿ ਇਹ ਰਾਸ਼ੀ ਮੈਂ ਗੁਰਦੁਆਰਾ ਸਾਹਿਬ ਵਿਖੇ ਜਮਾ ਕਰਵਾ ਰਿਹਾ ਹਾਂ, ਇਹ ਰਾਸ਼ੀ ਸ੍ਰੀ ਅਖੰਡ ਪਾਠ ਦੀ ਭੇਟਾ ਅਤੇ ਲੰਗਰ ਦੀ ਸੇਵਾ ਲਈ ਦਾਨ ਕਰ ਰਿਹਾ ਹਾਂ। ਇਹ ਮੈਂ ਅਪਣੀ ਇੱਛਾ ਅਨੁਸਾਰ ਦੇ ਰਿਹਾ, ਮੇਰੇ ਨਾਲ ਕੋਈ ਜੋਰ ਜਬਰਦਸਤੀ ਨਹੀਂ ਹੈ। ਸੋ ਇੱਥੇ ਇਹ ਗੱਲ ਵੀ ਧਿਆਨ ਦੀ ਮੰਗ ਕਰਦੀ ਹੈ ਕਿ ਦਾਨ ਦੇਣ ਵਾਲੇ ਤੋਂ ਕਦੇ ਵੀ ਦਾਨ ਵਾਪਸ ਨਾ ਲੈਣ ਸਬੰਧੀ ਘੋਸ਼ਣਾ ਪੱਤਰ ਨਹੀਂ ਲਿਆ ਜਾਂਦਾ, ਕਿਉਂਕਿ ਕਿਧਰੇ ਵੀ ਦਿੱਤਾ ਦਾਨ ਵਾਪਸ ਮੰਗਣ ਦੀ ਪ੍ਰੰਪਰਾ ਨਹੀਂ ਹੈ। ਹੁਣ ਨਵੀ ਸ਼ੁਰੂ ਕੀਤੀ ਸਕੀਮ ਤਹਿਤ 10,000 ਵਿਅਕਤੀਆਂ ਨੂੰ ਨੌਕਰੀ ਦੇਣ ਦਾ ਲਾਰਾ ਲਾ ਕੇ 30,000 ਰੁਪਏ ਸਕਿਉਰਿਟੀ ਲਈ ਜਾਵੇਗੀ ਅਤੇ ਉਸ ਤੋਂ ਵੀਹ ਦਿਨ ਤੱਕ ਮੁਫਤ ਵਿੱਚ ਕੰਮ ਲਿਆ ਜਾਵੇਗਾ, ਫਿਰ ਤਨਖਾਹ ਸ਼ੁਰੂ ਹੋਵੇਗੀ, ਭਾਵ ਬਾਬਾ ਨੌਕਰੀ ਦੇਣ ਦੇ ਬਹਾਨੇ ਵੀ ਕਰੋੜਾਂ ਰੁਪਏ ਹੋਰ ਇਕੱਠੇ ਕਰ ਲਵੇਗਾ। ਸੋ ਅਜਿਹਾ ਕਰਕੇ ਬਾਬੇ ਵੱਲੋਂ ਜਿੱਥੇ ਸਿੱਖੀ ਮਰਯਾਦਾ ਦਾ ਘਾਣ ਕਰਕੇ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਮਹਾਨ ਪ੍ਰੰਪਰਾ ਨੂੰ ਢਾਹ ਲਾਈ ਜਾ ਰਹੀ ਹੈ, ਸਿੱਖੀ ਦੀਆਂ ਜੜਾਂ ਵਿਚ ਤੇਲ ਦੇਣ ਦੀ ਕੋਝੀ ਚਾਲ ਚੱਲੀ ਜਾ ਰਹੀ ਹੈ, ਉਥੇ ਅਪਣੇ ਨਿੱਜੀ ਲਾਲਚ ਵਾਸਤੇ ਜਾਤ ਪਾਤ ਨੂੰ ਉਤਸ਼ਾਹਤ ਕਰਕੇ ਭਾਈਚਾਰਕ ਸਾਂਝਾਂ ਨੂੰ ਤਾਰ ਤਾਰ ਵੀ ਕੀਤਾ ਜਾ ਰਿਹਾ ਹੈ । ਜੇਕਰ ਬਾਬੇ ਦੇ ਪਿਛੋਕੜ 'ਤੇ ਝਾਤ ਮਾਰੀ ਜਾਵੇ ਤਾਂ ਜਿਲਾ ਬਰਨਾਲਾ ਦੇ ਪਿੰਡ ਝਲੂਰ ਵਿਚ ਪੈਦਾ ਹੋਇਆ ਉਕਤ ਗ੍ਰੰਥੀ ਮੁੱਢੋਂ ਹੀ ਜੁਗਾੜੀ ਕਿਸਮ ਦਾ ਇਨਸਾਨ ਹੈ। ਕਰਾਊਨ ਵਰਗੀਆਂ ਵੱਡੀਆਂ ਠੱਗ ਕੰਪਨੀਆਂ ਵਿੱਚ ਕੰਮ ਕਰਦੇ ਸਮੇਂ ਪਿੰਡ ਦੇ ਹੀ ਕੁੱਝ ਵਿਅਕਤੀਆਂ ਨੂੰ ਰਗੜੇ ਲਾਉਣ ਤੋਂ ਬਾਅਦ ਇਸ ਵਿਅਕਤੀ ਨੇ ਸੇਖਾ ਰੇਲਵੇ ਸਟੇਸ਼ਨ 'ਤੇ ਸੰਤ ਬਾਬਾ ਨਰਾਇਣ ਸਿੰਘ ਮੋਨੀ ਦੀ ਯਾਦ ਵਿੱਚ ਬਣੇ ਗੁਰਦੁਆਰਾ ਨਰੈਣਸਰ ਸਾਹਿਬ ਵਿਖੇ ਕੁੱਝ ਸਮਾਂ ਸੇਵਾ ਵੀ ਕੀਤੀ। ਇਹ ਦੀ ਆਰਥਿਕ ਪ੍ਰੇਸ਼ਾਨੀ 'ਤੇ ਤਰਸ ਖਾ ਕੇ ਗੁਰਦੁਆਰਾ ਨਰਾਇਣਸਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਭਰਪੂਰ ਸਿੰਘ ਵੱਲੋਂ ਇਸ ਨੂੰ 35000 ਰੁਪਏ ਵਿੱਚ ਇੱਕ ਮਕਾਨ ਵੀ ਖਰੀਦ ਕੇ ਦਿੱਤਾ ਗਿਆ, ਪ੍ਰੰਤੂ ਮਕਾਨ ਦੀ ਰਜੀਸਟਰੀ ਹੁੰਦਿਆਂ ਹੀ ਇਹ ਜੁਗਾੜੀ ਇਨਸਾਨ ਚੁੱਪ ਚਪੀਤੇ ਮਕਾਨ ਵੇਚ ਕੇ ਪਿੰਡੋਂ ਗਾਇਬ ਹੋ ਗਿਆ ਅਤੇ ਗੁਆਂਢੀ ਪਿੰਡ ਰੰਗੀਆਂ ਵਿਖੇ ਰਹਾਇਸ਼ ਰੱਖ ਕੇ ਪੰਜ ਹਜਾਰ ਰੁਪਏ ਮਹੀਨਾ ਤੇ ਗੁਰਦੁਆਰਾ ਸਾਹਿਬ ਸੇਵਾ ਨਿਭਾਉਣ ਲੱਗਾ। ਪ੍ਰੰਤੂ ਉਥੇ ਆਚਰਣਹੀਣ ਹਰਕਤਾਂ ਕਾਰਨ ਲੋਕਾਂ ਨੇ ਪਿੰਡੋਂ ਕੱਢ ਦਿੱਤਾ ਅਤੇ ਇੱਥੋਂ ਇਹ ਬਾਬਾ ਨਜ਼ਦੀਕੀ ਪਿੰਡ ਧੰਦੀਵਾਲ ਵਿਖੇ ਗੁਰਦੁਆਰੇ ਵਿੱਚ ਗ੍ਰੰਥੀ ਵਜੋਂ ਨੌਕਰੀ ਕਰ ਲਈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਉੱਥੇ ਵੀ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਇਸ ਗਰੰਥੀ ਬਾਬੇ ਨੂੰ ਚੋਰੀ ਕਰਦੇ ਰੰਗੇ ਹੱਥੀ ਫੜ ਲਿਆ ਅਤੇ ਇਸ ਤੋਂ ਲਿਖਤੀ ਮੁਆਫੀਨਾਮਾ ਲੈ ਕੇ ਗੁਰਦੁਆਰੇ ਵਿਚੋਂ ਕੱਢ ਦਿੱਤਾ। ਸੋ ਹੁਣ ਇਹ ਬਾਬਾ ਪਿੰਡ ਕੁਠਾਲਾ ਵਿਖੇ ਆਪਣੀ ਸਕੀਮ ਲਾਉਣ ਵਿੱਚ ਸਫਲ ਹੋ ਗਿਆ ਹੈ। ਧਰਮ ਦੀ ਆੜ ਹੇਠ ਚੱਲ ਰਿਹਾ ਇਹ ਵਿਓਪਾਰ ਕਿੰਨੇ ਕੁ ਦਿਨ ਚੱਲੇਗਾ ਤੇ ਕਿੰਨੇ ਕੁ ਲੋਕ ਇਸ ਦੀ ਲਪੇਟ ਵਿਚ ਆਉਣਗੇ, ਇਸ ਉੱਪਰ ਸੂਝਵਾਨ ਲੋਕਾਂ ਦੀਆਂ ਨਜ਼ਰਾਂ ਬਣੀਆਂ ਹੋਈਆਂ ਹਨ। ਜਦੋਂ ਇਸ ਗੈਰ ਕਨੂੰਨੀ, ਗੈਰ ਧਰਮੀ ਧੰਦੇ ਸਬੰਧੀ ਐਸ ਡੀ ਐਮ ਮਲੇਰਕੋਟਲਾ ਵਿਕਰਮਜੀਤ ਸਿੰਘ ਪੈਂਥੇ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਜੇਕਰ ਕੋਈ ਲਿਖਤੀ ਸ਼ਿਕਾਇਤ ਕਰਦਾ ਹੈ ਤਾਂ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ, ਜਦੋਂ ਉਹਨਾਂ ਦਾ ਧਿਆਨ ਸ਼ੋਸ਼ਲ ਮੀਡੀਏ ਤੇ ਪਾਈਆਂ ਪੋਸਟਾਂ ਵੱਲ ਦਿਵਾਇਆ, ਤਾਂ ਉਹਨਾਂ ਕਿਹਾ ਕਿ ਜੇਕਰ ਸ਼ੋਸ਼ਲ ਮੀਡੀਏ ਤੇ ਇਸ ਸਬੰਧੀ ਲਿਖਿਆ ਗਿਆ ਹੈ ਤਾਂ ਵੀ ਕਾਰਵਾਈ ਹੋ ਸਕਦੀ ਹੈ, ਇਸ ਦੀ ਪੜਤਾਲ ਕੀਤੀ ਜਾਵੇਗੀ। ਡੀ.ਸੀ. ਸੰਗਰੂਰ ਨੇ ਇਸ ਮਾਮਲੇ ਸਬੰਧੀ ਗੱਲ ਕਰਦਿਆਂ ਕਿਹਾ ਕਿ ਸਰਕਾਰ ਇਸ ਤਰਾਂ ਦੇ ਫਰਾਡ ਤੋਂ ਬਚਣ ਲਈ ਇਸ਼ਤਿਹਾਰ ਦਿੰਦੀ ਹੈ, ਪਰ ਲੋਕ ਫਿਰ ਵੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਉਨਾਂ ਕਿਹਾ ਕਿ ਜੇਕਰ ਕੋਈ ਇਸ ਸਬੰਧੀ ਲਿਖਤੀ ਸ਼ਿਕਾਇਤ ਕਰਦਾ ਹੈ ਤਾਂ ਜਰੂਰ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧੀ ਪਟਿਆਲਾ ਜੋਨ ਦੇ ਕਮਿਸ਼ਨਰ ਦੀਪਇੰਦਰ ਸਿੰਘ ਨਾਲ ਸੰਪਰਕ ਕਰਨ ਤੇ ਉਨਾਂ ਕਿਹਾ ਕਿ ਸ਼ਿਕਾਇਤ ਹੋਣ ਤੋਂ ਬਾਅਦ ਹੀ ਕੋਈ ਕਾਰਵਾਈ ਹੋ ਸਕਦੀ ਹੈ। ਐੱਸ.ਐੱਸ.ਪੀ ਸੰਗਰੂਰ ਨੇ ਵੀ ਉਕਤ ਹੀ ਜਵਾਬ ਦਿੰਦਿਆਂ ਕਿਹਾ ਕਿ ਸ਼ਿਕਾਇਤ ਆਉਣ 'ਤੇ ਹੀ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ। ਜਦੋਂ ਉਕਤ ਮਾਮਲੇ ਸਬੰਧੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਗੱਲਬਾਤ ਕਰਨੀ ਚਾਹੀ ਤਾਂ ਵਾਰ ਵਾਰ ਫੋਨ ਕਰਨ ਤੇ ਵੀ ਉਹਨਾਂ ਗੱਲ ਕਰਨ ਦੀ ਲੋੜ ਨਹੀਂ ਸਮਝੀ, ਅਖੀਰ ਉਨਾਂ ਦੇ ਨਿੱਜੀ ਸਹਾਇਕ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਜਥੇਦਾਰ ਸਾਹਿਬ ਦਿੱਲੀ ਗਏ ਹੋਏ ਹਨ, ਜਦੋਂ ਵਾਪਸ ਆਉਣਗੇ ਤਾਂ ਤੁਹਾਡੀ ਗੱਲ ਕਰਵਾ ਦਿੱਤੀ ਜਾਵੇਗੀ, ਪ੍ਰੰਤੂ ਵਾਪਸ ਆਉਣ ਤੇ ਵੀ ਉਨਾਂ ਨੇ ਇਸ ਗੰਭੀਰ ਮਸਲੇ ਵੱਲ ਕੋਈ ਧਿਆਨ ਨਹੀਂ ਦਿੱਤਾ, ਜਦੋਂ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਉਹ ਇਸ ਮਾਮਲੇ ਦੀ ਪੜਤਾਲ ਕਰਵਾਉਣ ਲਈ ਧਰਮ ਪ੍ਰਚਾਰ ਦੇ ਮੈਂਬਰਾਂ ਦੀ ਡਿਊਟੀ ਲਗਾਉਣਗੇ ਤਾਂ ਕਿ ਸਹੀ ਜਾਣਕਾਰੀ ਮਿਲ ਸਕੇ।




ਬਾਕੀ ਸਫ਼ਾ 27 'ਤੇ

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਖ਼ਾਲਸਾ ਰਾਜ ਦੇ ਪੰਜ ਉਸਰੱਈਏ

- ਇਬਲੀਸ਼

ਖ਼ਾਲਸਾ ਰਾਜ ਪੰਜਾਬ ਦੇ ਇਤਿਹਾਸ ਦਾ ਉਹ ਸੁਨਹਿਰੀ ਸਮਾਂ ਸੀ, ਜਿਸ ਨੇ ਜਿੱਥੇ ਮੁਗ਼ਲ ਹਕੂਮਤ ਦੇ ਜ਼ੁਲਮ ਦਾ ਖ਼ਾਤਮਾ ਕੀਤਾ, ਉੱਥੇ ਹਿੰਦੁਸਤਾਨ ਦੇ ਵਿੱਚ ਅਰਾਜਕਤਾ ਫੈਲਾਉਣ ਲਈ ਆਉਣ ਵਾਲੇ ਬਾਹਰੀ ਹਮਲਾਵਰਾਂ ਦੇ ਮੂੰਹ ਮੋੜੇ। ਉੱਚੇ-ਸੁੱਚੇ ਕਿਰਦਾਰ ਵਾਲੀ ਖ਼ਾਲਸਾ ਫ਼ੌਜ ਨੇ ਆਮ ਲੋਕਾਂ ਦੇ ਮਨਾਂ ਵਿੱਚੋਂ ਹਕੂਮਤ ਦਾ ਭੈਅ ਖ਼ਤਮ ਕਰਨ ਦੇ ਨਾਲ ਉਨਾਂ ਨੂੰ ਨਿਆਂ ਪਸੰਦ ਸ਼ਾਸਨ ਦਿੱਤਾ।

## ਮਹਾਰਾਜਾ ਰਣਜੀਤ ਸਿੰਘ

ਸ਼ੁਕਰਚੱਕੀਆ ਮਿਸਲ ਦੇ ਜਥੇਦਾਰ ਸਰਦਾਰ ਮਹਾ ਸਿੰਘ ਦੇ ਘਰ ਜੀਂਦਪਤੀ ਰਾਜਾ ਗਜਪਤੀ ਸਿੰਘ ਦੀ ਪੁੱਤਰੀ ਬੀਬੀ ਰਾਜ ਕੌਰ ਦੇ ਉਦਰ ਤੋਂ ੨ ਨਵੰਬਰ ੧੭੮੦ ਨੂੰ ਰਣਜੀਤ ਸਿੰਘ ਦਾ ਜਨਮ ਹੋਇਆ। ਪਿਤਾ ਦੀ ਮੌਤ ਤੋਂ ਬਾਅਦ ੧੦ ਸਾਲ ਦੀ ਉਮਰ ਵਿੱਚ ਰਣਜੀਤ ਸਿੰਘ ਗੱਦੀ 'ਤੇ ਬੈਠਾ। ਬਚਪਨ ਦੇ ਵਰਿਆਂ ਦੌਰਾਨ ਮਹਾਰਾਣੀ ਰਾਜ ਕੌਰ ਸਿਆਸਤ ਦਾ ਕੰਮ ਸੰਭਾਲਦੇ ਰਹੇ। ਰਾਜ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣ ਤੋਂ ਬਾਅਦ ਰਣਜੀਤ ਸਿੰਘ ਨੇ ਸੰਨ ੧੭੯੯ ਵਿੱਚ ਲਾਹੌਰ ਕਬਜ਼ੇ ਵਿੱਚ ਲੈ ਲਿਆ। ਲਾਹੌਰ ਦਰਬਾਰ 'ਤੇ ਕਬਜ਼ੇ ਦੇ ਨਾਲ ਹੀ ਉਹ 'ਮਹਾਰਾਜਾ' ਦੇ ਖ਼ਿਤਾਬ ਨਾਲ ਜਾਣਿਆ ਜਾਣ ਲੱਗਾ। ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਤੋਂ ਪਿਸ਼ਾਵਰ ਅਤੇ ਤਿੱਬਤ ਦੀ ਹੱਦ ਤੋਂ ਲੈ ਕੇ ਸਿੰਧ ਤੱਕ ਆਪਣੇ ਰਾਜ ਨੂੰ ਫੈਲਾਅ ਕੇ ਇਸ ਨੂੰ ਚਾਰ ਸੂਬਿਆਂ ਲਾਹੌਰ, ਪੇਸ਼ਾਵਰ, ਕਸ਼ਮੀਰ ਅਤੇ ਮੁਲਤਾਨ ਵਿੱਚ ਵੰਡ ਦੇ ਉੱਚ ਪੱਧਰ ਦਾ ਰਾਜ ਪ੍ਰਬੰਧ ਕਾਇਮ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੀ ਜਿੱਥੇ ਸੋਨੇ ਦੀ ਸੇਵਾ ਕਰਵਾਈ, ਉੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਕਿਲਾ ਗੋਬਿੰਦਗੜ ਦਾ ਨਿਰਮਾਣ ਕਰਵਾਇਆ ਤੇ ਗੁਰੂ ਰਾਮਦਾਸ ਜੀ ਦੇ ਨਾਂ 'ਤੇ ਇੱਕ ਬਾਂਗ ਦੀ ਉਸਾਰੀ ਕਰਵਾਈ। ਉਨਾਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਸਿੱਕਾ ਵੀ ਚਲਾਇਆ। ਸੁਤੰਤਰ ਖ਼ਾਲਸਾ ਰਾਜ ਦੀ ਸਥਾਪਨਾ ਕਰਨ ਵਾਲਾ ਇਹ ਪ੍ਰਤਾਪੀ ਮਹਾਰਾਜਾ ੨੭ ਜੂਨ ੧੮੩੯ ਨੂੰ ਅਧਰੰਗ ਦੇ ਰੋਗ ਕਾਰਨ ਇਸ ਫ਼ਾਨੀ ਜਹਾਨ ਨੂੰ ਅਲਵਿਦਾ ਕਹਿ ਗਿਆ।

## ਮਹਾਰਾਜਾ ਦਲੀਪ ਸਿੰਘ

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਦਾ ਜਨਮ ਫਰਵਰੀ ੧੮੩੭ ਨੂੰ ਲਾਹੌਰ ਵਿਖੇ ਮਹਾਰਾਣੀ ਜਿੰਦ ਕੌਰ ਦੇ ਉਦਰ ਤੋਂ ਹੋਇਆ। ਮਹਾਰਾਜਾ ਸ਼ੇਰ ਸਿੰਘ ਦੀ ਮੌਤ ਤੋਂ ਬਾਅਦ ੧੮ ਸਤੰਬਰ ੧੮੪੩ ਨੂੰ ਦਲੀਪ ਸਿੰਘ ਲਾਹੌਰ ਦੇ ਤਖ਼ਤ 'ਤੇ ਬੈਠਾ। ਸ਼ੇਰੇ ਪੰਜਾਬ ਦੀ ਮੌਤ ਅਤੇ ਅਹਿਲਕਾਰਾਂ ਦੀ ਆਪਸੀ ਖਿੱਚੋਤਾਣ ਦਰਮਿਆਨ ਪੰਜਾਬ 'ਤੇ ਕਬਜ਼ੇ ਲਈ ਅੰਗਰੇਜ਼ਾਂ ਨੇ ਸਿੱਖ ਰਾਜ ਖ਼ਿਲਾਫ਼ ਆਪਣੀ ਮੁਹਿੰਮ ਛੇੜ ਦਿੱਤੀ। ਅੰਗਰੇਜ਼ਾਂ ਦੀ ਸਿੱਖਾਂ ਨਾਲ ਪਹਿਲੀ ਵੱਡੀ ਜੰਗ ਤੋਂ ਬਾਅਦ ੯ ਮਾਰਚ ੧੮੪੬ ਨੂੰ ਦਿੱਲੀ ਅਤੇ ਲਾਹੌਰ ਦਰਬਾਰ ਦਰਮਿਆਨ ਸੰਧੀ ਤਾਂ ਹੋ ਗਈ ਪਰ ਇਹ ਲੰਬਾ ਸਮਾਂ ਕਾਇਮ ਨਾ ਰਹੀ ਤੇ ਇਸੇ ਵਰੇ ਮਹਾਰਾਜਾ ਦਲੀਪ ਸਿੰਘ ਦੀ ਨਾਬਾਲਗੀ ਅਤੇ ਰਾਜ ਪ੍ਰਬੰਧ ਚਲਾਉਣ ਲਈ ਇੱਕ ਹੋਰ ਅਹਿਦਨਾਮਾ ਲਿਖਿਆ ਗਿਆ ਅਤੇ ਰਿਆਸਤ ਦਾ ਪ੍ਰਬੰਧ ਚਲਾਉਣ ਲਈ ਸਿੱਖ ਅੰਗਰੇਜ਼ ਰੈਜ਼ੀਡੈਂਟ ਵੀ ਨਿਯੁਕਤ ਕਰ ਦਿੱਤਾ ਗਿਆ। ਅਪ੍ਰੈਲ ੧੮੪੮ ਵਿੱਚ ਸਿੱਖਾਂ ਅਤੇ ਅੰਗਰੇਜ਼ਾਂ ਵਿਚਾਲੇ ਮੁੜ ਜੰਗ ਛਿੜ ਪਈ। ਇਸ ਜੰਗ ਵਿੱਚ ਸਿੱਖਾਂ ਦੀ ਹਾਰ ਹੋਈ ਅਤੇ ੧੦ ਸਾਲ ਦੇ ਮਹਾਰਾਜੇ ਨੂੰ ਮ ਾਰਚ ੧੮੪੯ ਨੂੰ ਪਿਤਾ ਦੇ ਰਾਜ ਤੋਂ ਬੇਦਖ਼ਲ ਕਰਕੇ ਉੱਤਰ ਪ੍ਰਦੇਸ਼ ਦੇ ਫਰੂਖ਼ਾਬਾਦ ਭੇਜ ਦਿੱਤਾ ਗਿਆ। ਅੰਗਰੇਜ਼ਾਂ ਨੇ ਦਲੀਪ ਸਿੰਘ ਦੀ ਸਿੱਖਿਆ ਦੇ ਅਜਿਹੇ ਪ੍ਰਬੰਧ ਕੀਤੇ ਕਿ ਉਹ ਉਨਾਂ ਤੋਂ ਪ੍ਰਭਾਵਿਤ ਹੋ ਕੇ ੮ ਮਾਰਚ ੧੮੫੩ ਨੂੰ ਇਸਾਈ ਬਣ ਗਿਆ। ੧੯ ਅਪ੍ਰੈਲ ੧੮੫੪ ਨੂੰ ਮਹਾਰਾਜੇ ਨੂੰ ਇੰਗਲੈਂਡ ਭੇਜ ਦਿੱਤਾ ਗਿਆ। ਸਮੇਂ ਦੇ ਨਾਲ ਮਹਾਰਾਜਾ ਵੀ ਅੰਗਰੇਜ਼ਾਂ ਦੀਆਂ ਨੀਤੀਆਂ ਨੂੰ ਸਮਝਣ ਲੱਗਾ ਤੇ ਉਸ ਨੇ ਮੁੜ ਸਿੱਖ ਧਰਮ ਅਪਣਾ ਲਿਆ। ਮਹਾਰਾਜੇ ਨੇ ਸਿੱਖਾਂ ਨੂੰ ਅੰਗਰੇਜ਼ ਸਾਮਰਾਜ ਵਿਰੁੱਧ ਲਾਮਬੰਦ ਕਰਨ ਲਈ ਭਾਰਤ ਵਾਪਸੀ ਦੇ ਕਈ ਉਪਰਾਲੇ ਕੀਤੇ। ਅਜਿਹੇ ਹੀ ਇੱਕ ਯਤਨ ਦੌਰਾਨ ਹਿੰਦੁਸਤਾਨ ਪਰਤਦੇ ਹੋਏ ਨੂੰ ਉਸ ਨੂੰ ਅਦਨ ਵਿਖੇ ਰੋਕ ਲਿਆ ਗਿਆ। ਉਸ ਉੱਪਰ ਕਈ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ੫ ਸਿੱਖਾਂ ਨੂੰ ਅੰਗਰੇਜ਼ਾਂ ਖ਼ਿਲਾਫ਼ ਲਾਮਬੰਦ ਕਰਨ ਦੀ ਰੀਝ ਦਿਲ ਵਿੱਚ ਲਈ ਆਖ਼ਰ ਮਹਾਰਾਜਾ ਦਲੀਪ ਸਿੰਘ ਪੈਰਿਸ ਵਿੱਚ ਸਦਾ ਲਈ ਇਸ ਜਹਾਨ ਤੋਂ ਕੂਚ ਕਰ ਗਿਆ ਹੈ। ਉਸ ਦੀ ਦੇਹ ਨੂੰ ਪੈਰਿਸ ਤੋਂ ਇੰਗਲੈਂਡ ਲਿਜਾਇਆ ਗਿਆ ਅਤੇ ਉਸ ਦੀ ਰਿਹਾਇਸ਼ 'ਐਲਵਡਨ' ਦੇ ਅਹਾਤੇ ਵਿੱਚ ਦਫ਼ਨਾ ਦਿੱਤਾ ਗਿਆ।

## ਬਾਬਾ ਬੰਦਾ ਸਿੰਘ ਬਹਾਦਰ

ਬਾਬਾ ਬੰਦਾ ਸਿੰਘ ਬਹਾਦਰ ਸਿੱਖ ਰਾਜ ਦੇ ਮੁੱਢਲੇ ਉਸਰੱਈਆਂ ਵਿੱਚ ਸਭ ਤੋਂ ਮੋਹਰੀ ਹੈ ਅਤੇ ਉਨਾਂ ਦੀ ਪੰਜਾਬ ਆਮਦ ਨੇ ਮੁਗ਼ਲ ਹਾਕਮਾਂ ਦੇ ਜਬਰ ਨੂੰ ਠੱਲ ਪਾਈ ਅਤੇ ਖ਼ਾਲਸਾ ਰਾਜ ਦੀ ਨੀਂਹ ਰੱਖੀ। ਬਾਬਾ ਬੰਦਾ ਸਿੰਘ ਬਹਾਦਰ ਦਾ ਬਚਪਨ ਦਾ ਨਾਂ ਲਛਮਣ ਦਾਸ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਅੰਮ੍ਰਿਤ ਛੱਕ ਕੇ ਉਹ ਮਾਧੋ ਦਾਸ ਬੈਰਾਗੀ ਤੋਂ ਗੁਰਬਖਸ਼ ਸਿੰਘ ਬਣ ਗਏ, ਪਰ ਸਿੱਖ ਕੌਮ ਉਨਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਹੀ ਯਾਦ ਕਰਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ੨੭ ਅਕਤੂਬਰ ੧੬੭੦ ਈਸਵੀ ਨੂੰ ਪੱਛਮੀ ਕਸ਼ਮੀਰ ਦੇ ਪੁੰਛ ਜ਼ਿਲੇ ਦਾ ਰਾਜੌਰੀ ਪਿੰਡ ਵਿੱਚ ਰਾਮਦੇਵ ਡੋਗਰਾ ਨਾਂ ਦੇ ਇੱਕ ਸਾਧਾਰਨ ਕਿਸਾਨ ਦੇ ਘਰ ਹੋਇਆ। ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਮੁਗ਼ਲਾਂ ਦੇ ਸਿੱਖਾਂ ਤੇ ਸਾਹਿਬਜ਼ਾਦਿਆਂ ਉੱਪਰ ਕੀਤੇ ਗਏ ਜ਼ੁਲਮਾਂ ਦੀ ਗਾਥਾ ਸੁਣ ਕੇ ਉਸ ਦਾ ਖ਼ੂਨ ਉਬਾਲੇ ਮਾਰਨ ਲੱਗਾ ਤੇ ਉਸ ਨੇ ਗੁਰੂ ਜੀ ਪਾਸੋਂ ਪੰਜਾਬ ਜਾਣ ਦੀ ਆਗਿਆ ਮੰਗੀ। ਗੁਰੂ ਸਾਹਿਬ ਨੇ ਬੰਦੇ ਨੂੰ ਇਸ ਦੀ ਇਜਾਜ਼ਤ ਦੇ ਦਿੱਤੀ। ਬੰਦਾ ਸਿੰਘ ਬਹਾਦਰ ਨੇ ਪਹਿਲਾ ਹਮਲਾ ਸੋਨੀਪਤ ਉੱਪਰ ਕੀਤਾ। ਫਿਰ ਕੈਥਲ, ਸਮਾਣਾ, ਘੁੜਾਮ, ਕਪੂਰੀ, ਸਢੌਰਾ, ਰੋਪੜ ਆਦਿ ਇਲਾਕਿਆਂ ਉੱਪਰ ਕਬਜ਼ਾ ਕਰਦੇ ਹੋਏ ਖ਼ਾਲਸਾ ਫ਼ੌਜ ਸਰਹਿੰਦ ਵੱਲ ਨੂੰ ਵਧੀ ਅਤੇ ਚੱਪੜਚਿੜੀ ਦੇ ਸਥਾਨ 'ਤੇ ਦੋਵਾਂ ਧਿਰਾਂ ਵਿਚਾਲੇ ੨੨ ਮਈ ੧੭੧੦ ਨੂੰ ਜ਼ੋਰਦਾਰ ਜੰਗ ਹੋਈ। ਇਸ ਜੰਗ ਵਿੱਚ ਵਜ਼ੀਰ ਖ਼ਾਂ ਦੀ ਹਾਰ ਹੋਈ ਅਤੇ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹਿੰਦ ਵਜ਼ੀਰ ਖ਼ਾਂ ਨੂੰ ਮੌਤ ਦੇ ਘਾਟ ਉਤਾਰ ਕੇ ਸਾਹਿਬਜ਼ਾਦਿਆਂ ਦੀ ਮੌਤ ਦਾ ਬਦਲਾ ਲਿਆ। ਸਰਹਿੰਦ ਫ਼ਤਿਹ ਕਰਨ ਤੋਂ ਬਾਅਦ ਉਨਾਂ ਨੇ ਕਰਨਾਲ ਤੋਂ ਲੁਧਿਆਣੇ ਤੱਕ ੨੨ ਪਰਗਨੇ ਆਪਣੇ ਅਧੀਨ ਕਰ ਲਏ ਤੇ ਸਢੌਰਾ ਅਤੇ ਨਾਹਨ ਦੇ ਦਰਮਿਆਨ ਮੁਖਲਿਸਪੁਰ ਨਾਂ ਦੇ ਪਹਾੜੀ ਸਥਾਨ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਇਸ ਨੂੰ 'ਲੋਹਗੜ' ਦਾ ਨਾਂ ਦਿੱਤਾ। ਉਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਵੀ ਚਲਾਇਆ। ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਜਲੰਧਰ, ਅੰਮ੍ਰਿਤਸਰ, ਬਟਾਲਾ, ਕਲਾਨੌਰ ਅਤੇ ਪਠਾਨਕੋਟ ਨੂੰ ਵੀ ਆਪਣੇ ਅਧਿਕਾਰ ਵਿੱਚ ਲੈ ਲਿਆ। ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਫਰੁਖਸੀਅਰ ਸ਼ਹਿਨਸ਼ਾਹ-ਏ-ਹਿੰਦ ਬਣਿਆ। ਉਸ ਨੇ ਕਸ਼ਮੀਰ ਦੇ ਸੂਬੇਦਾਰ ਅਬਦੁਸ ਸਮੱਦ ਖ਼ਾਂ ਨੂੰ ਸਿੱਖਾਂ ਵਿਰੁੱਧ ਕਾਰਵਾਈ ਦੇ ਹੁਕਮ ਦਿੱਤੇ। ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਅੱਠ ਮਹੀਨੇ ਤੱਕ ਲੜਾਈ ਹੁੰਦੀ ਰਹੀ ਤੇ ਅੰਤ ੭ ਦਸੰਬਰ ੧੭੧੫ ਨੂੰ ਬਾਬਾ ਬੰਦਾ ਸਿੰਘ ਬਹਾਦਰ ਤੇ ੨੦੦ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦਿੱਲੀ ਵਿੱਚ ਤਸੀਹੇ ਦੇ ਕੇ ਉਨਾਂ ਨੂੰ ੧੯ ਜੂਨ ੧੭੧੬ ਨੂੰ ਸ਼ਹੀਦ ਕਰ ਦਿੱਤਾ ਗਿਆ।

## ਨਵਾਬ ਜੱਸਾ ਸਿੰਘ ਆਹਲੂਵਾਲੀਆ

ਸਿੱਖ ਰਿਆਸਤਾਂ ਦੀ ਚੜ ਨੂੰ ਕਾਇਮ ਰੱਖਣ ਅਤੇ ਰਿਆਸਤਾਂ ਦੇ ਆਪਸੀ ਟਕਰਾਅ ਨੂੰ ਖ਼ਤਮ ਕਰਕੇ ਦਲ ਖ਼ਾਲਸਾ ਦੇ ਰੂਪ ਵਿੱਚ ਇੱਕ ਮੰਚ 'ਤੇ ਇਕੱਠੇ ਕਰਨ ਦਾ ਸਿਹਰਾ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਿਰ ਬੱਝਦਾ ਹੈ। ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਆਹਲੂਵਾਲੀਆ ਮਿਸਲ ਦੇ ਸਰਦਾਰ ਬਦਰ ਸਿੰਘ ਦੇ ਘਰ ਸੰਨ ੧੭੧੮ ਨੂੰ ਹੋਇਆ। ਪਿਤਾ ਦੀ ਛੋਟੀ ਉਮਰੇ ਮੌਤ ਤੋਂ ਬਾਅਦ ਉਹ ਆਪਣੀ ਮਾਤਾ ਸਮੇਤ ਦਿੱਲੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਸੁਪਤਨੀ ਮਾਤਾ ਸੁੰਦਰ ਕੌਰ ਜੀ ਕੋਲ ਆ ਗਏ। ਇੱਥੇ ਜੱਸਾ ਸਿੰਘ ਨੇ ਧਾਰਮਿਕ ਵਿੱਦਿਆ ਅਤੇ ਕੀਰਤਨ ਵਿੱਦਿਆ ਹਾਸਲ ਕੀਤੀ। ਪੰਜਾਬ ਵਾਪਸੀ 'ਤੇ ਉਹ ਆਪਣੀ ਮਾਤਾ ਸਮੇਤ ਕਰਤਾਰਪੁਰ ਵਿਖੇ ਨਵਾਬ ਕਪੂਰ ਸਿੰਘ ਦੇ ਕੋਲ ਰਹਿਣ ਲੱਗੇ। ਸੰਨ ੧੭੪੮ ਵਿੱਚ ਨਵਾਬ ਜੱਸਾ ਸਿੰਘ ਆਹਲੂਵਾਲੀਆ ਨੇ ਅੰਮ੍ਰਿਤਸਰ ਦੇ ਹਾਕਮ ਸਲਾਬਤ ਖ਼ਾਨ ਨੂੰ ਮਾਰ ਕੇ ਗੁਰੂ ਨਗਰੀ ਨੂੰ ਖ਼ਾਲਸੇ ਦੇ ਪ੍ਰਬੰਧ ਹੇਠ ਲੈ ਆਂਦਾ। ਉਪਰੰਤ ੧੭੫੩ ਵਿੱਚ ਜਲੰਧਰ ਦੇ ਹਾਕਮ ਅਦੀਨਾਬੇਗ ਪਾਸੋਂ ਇਸ ਸ਼ਹਿਰ ਨੂੰ ਮੁਕਤ ਕਰਵਾਇਆ ਤੇ ਰਾਏ ਇਬਰਾਹੀਮ ਭੱਟੀ ਪਾਸੋਂ ਕਪੂਰਥਲੇ ਨੂੰ ਮੁਕਤ ਕਰਵਾ ਕੇ ਉਸ ਨੂੰ ਆਪਣੀ ਰਾਜਧਾਨੀ ਬਣਾਇਆ। ੧੨੦੦ ਹਿੰਦੁਸਤਾਨੀ ਬੰਦੀ ਔਰਤਾਂ ਨੂੰ ਅਹਿਮਦ ਸ਼ਾਹ ਦੁੱਰਾਨੀ ਪਾਸੋਂ ਮੁਕਤ ਕਰਵਾਉਣ ਕਰਕੇ ਸਿੱਖਾਂ ਨੇ ਉਨਾਂ ਨੂੰ 'ਬੰਦੀ ਛੋੜ' ਦੇ ਖ਼ਿਤਾਬ ਨਾਲ ਨਿਵਾਜਿਆ। ਉਨਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਚਲਾਇਆ। 'ਵੱਡੇ ਘੱਲੂਘਾਰੇ' ਦੌਰਾਨ ਵੀ ਉਨਾਂ ਨੇ ਵੱਡੀ ਵੀਰਤਾ ਦਾ ਪ੍ਰਦਰਸ਼ਨ ਕੀਤਾ। ਨਵਾਬ ਜੱਸਾ ਸਿੰਘ ਆਹਲੂਵਾਲੀਆ ਦਾ ਦਿਹਾਂਤ ਸੰਨ ੧੭੮੩ ਨੂੰ ਅੰਮ੍ਰਿਤਸਰ ਵਿੱਚ ਹੋਇਆ।

## ਨਵਾਬ ਜੱਸਾ ਸਿੰਘ ਰਾਮਗੜੀਆ

ਨਵਾਬ ਜੱਸਾ ਸਿੰਘ ਰਾਮਗੜੀਆ ਦਾ ਨਾਂ ਖ਼ਾਲਸਾ ਰਾਜ ਦੇ ਉਸਰੱਈਆਂ ਵਿੱਚ ਇਸ ਲਈ ਮਾਣਮੱਤਾ ਹੈ, ਕਿਉਂਕਿ ਸਿੱਖ ਸਰਦਾਰਾਂ ਬਾਬਾ ਬਘੇਲ ਸਿੰਘ, ਸਰਦਾਰ ਜੋਧ ਸਿੰਘ ਆਦਿ ਨਾਲ ਦਿੱਲੀ ਦੇ ਲਾਲ ਕਿਲੇ ਉੱਪਰ ਖ਼ਾਲਸਾਈ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਵਿਚ ਉਨਾਂ ਨੇ ਵੱਡੀ ਭੂਮਿਕਾ ਨਿਭਾਈ।

ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੁਰੱਖਿਆ ਲਈ ਨਵਾਬ ਜੱਸਾ ਸਿੰਘ ਨੇ ਸਰਦਾਰ ਨੰਦ ਸਿੰਘ ਸੰਘਾਣੀ ਨਾਲ ਮਿਲ ਕੇ ਰਾਮਰੌਣੀ ਬਣਾਈ। ਇਸ ਰੌਣੀ ਨੂੰ ਅਦੀਨਾ ਬੇਗ ਦੀਆਂ ਫ਼ੌਜਾਂ ਨੇ ਢਹਿ-ਢੇਰੀ ਕਰ ਦਿੱਤਾ, ਪਰ ਜੱਸਾ ਸਿੰਘ ਰਾਮਗੜੀਆ ਨੇ ਮੁੜ ਇਸ ਰੌਣੀ ਦੀ ਉਸਾਰੀ ਕਰਵਾ ਕੇ ਇਸ ਦਾ ਨਾਂ ਗੁਰੂ ਰਾਮਦਾਸ ਜੀ ਦੇ ਨਾਂ 'ਤੇ 'ਕਿਲਾ ਰਾਮਗੜ' ਰੱਖਿਆ। ਇਸੇ ਤੋਂ ਉਹ ਅਤੇ ਉਨਾਂ ਦੇ ਵੰਸ਼ਜ 'ਰਾਮਗੜੀਏ' ਆਖ ਕੇ ਸੱਦੇ ਜਾਣ ਲੱਗੇ।

ਨਵਾਬ ਜੱਸਾ ਸਿੰਘ ਰਾਮਗੜੀਆ ਨੇ ਦੀਨਾਨਗਰ, ਬਟਾਲਾ, ਕਲਾਨੌਰ, ਸ੍ਰੀ ਹਰਿਗੋਬਿੰਦ ਪੁਰ, ਕਾਦੀਆਂ ਘੁਮਾਣ ਆਦਿ ਇਲਾਕਿਆਂ 'ਤੇ ਆਪਣੀ ਹਕੂਮਤ ਕਾਇਮ ਕੀਤੀ। ਹਰਿਮੰਦਰ ਸਾਹਿਬ ਦੀ ਹਮਲਾਵਰਾਂ ਤੋਂ ਪੱਕੀ ਸੁਰੱਖਿਆ ਲਈ ਉਨਾਂ ਨੇ ਇੱਥੇ 'ਰਾਮਗੜੀਆ ਬੁੰਗੇ' ਦੀ ਉਸਾਰੀ ਕਰਵਾਈ ਤੇ ਸਿੱਖ ਸੈਨਿਕਾਂ ਦੀ ਪੱਕੀ ਤਾਇਨਾਤੀ ਕੀਤੀ। ਉਨਾਂ ਦਾ ਦਿਹਾਂਤ ਸੰਨ ੧੮੦੨ ਨੂੰ ਹੋਇਆ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# AMRITSAR TIMES ENDORSES THE FOLLOWING CANDIDATES FOR UPCOMING ELECTIONS 2020

## ( FIRST RELEASED LIST )



DAVID HAUBERT
( ALAMEDA COUNTY SUPERVISOR DISTRICT 1 )



OTTO LEE
( SANTA CLARA COUNTY SUPERVISOR, DISTRICT 3 )



JUSTIN SHA
( FREMONT CITY MAYOR )



CAROL DUTRA-VERNACI
( MAYOR, CITY OF UNION CITY )



MARK FICKES
( ALAMEDA COUNTY JUDGE )



TARANJIT "SINGH" GUJRAL
( NEWARK CITY COUNCIL )



GARY SINGH
( UNION CITY, CITY COUNCIL )



RAJ SALWAN
( FREMONT CITY COUNCIL DISTRICT 5 )



YOGI CHUGH
( FREMONT CITY COUNCIL DISTRICT 6 )



BILL NIJJAR
( KERMAN CITY COUNCIL )



HARRY DHILLON
( MOUNTAIN HOUSE, MHCSD BOARD )



GARY SINGH
( MANTECA, CITY COUNCIL )

# ਸਰਕਾਰ ਕਿਸਾਨੀ ਨੂੰ ਮਾੜੇ ਹਾਲਤਾਂ ਵਿੱਚ ਸੁੱਟ ਕੇ, ਕੀ ਪੂੰਜੀਵਾਦ ਨੂੰ ਭਾਰਤ ਦੇ ਵੱਡੇ ਖੇਤਰ ਉੱਪਰ ਅਜ਼ਾਰੇਦਾਰੀ ਦੇਣ ਦੀ ਮਨਸ਼ਾ ?

- ਸ. ਦਲਵਿੰਦਰ ਸਿੰਘ ਘੁੰਮਣ
+੩੩੬੩੦੦੭੩੧੧੧

ਦੁਨੀਆ ਦਾ ਅੱਸੀ ਫ਼ੀਸਦੀ ਤੋ ਵੱਧ ਦਾ ਹਿੱਸਾ ਕਿਸਾਨੀ ਨੇ ਖੇਤਰਫਲ ਦੇ ਰੂਪ ਵਿੱਚ ਆਪਣੇ ਥੱਲੇ ਰੱਖਿਆ ਹੋਇਆ ਹੈ। ੩, ੪ ਬਿਲੀਅਨ ਲੋਕ ਜਾਂ ੪੫% ਜਨਸੰਖਿਆ ਦੀ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ। ਅਫਰੀਕਾ ਵਿੱਚ ਅੰਦਾਜ਼ਨ ੫੭% ਲੋਕਾਂ ਦੀ ਪਿੰਡਾਂ ਦੀ ਆਬਾਦੀ ਹੈ ਅਤੇ ਆਬਾਦੀ ਦਾ ੫੩% ਹਿੱਸਾ ਖੇਤੀਬਾੜੀ ਉੱਪਰ ਨਿਰਭਰ ਹੈ। ਅਮਰੀਕਾ ਵਿੱਚ ਕਿਸਾਨ ਸਾਰੇ ਉਤਪਾਦਨ ਦਾ ੮੪% ਹਿੱਸਾ ਪੈਦਾ ਕਰਦਾ ਹੈ ਅਤੇ ੭੮% ਜ਼ਮੀਨ ਉੱਪਰ ਖੇਤੀ ਕਰਦਾ ਹੈ। ਫੀਜ਼ੀ ਦੇਸ਼ ਵਿੱਚ ੪੮ ਫੀਸਦੀ ਤੇ ਉਤਪਾਦਨ ਪੈਦਾ ਹੁੰਦਾ ਹੈ।

ਇਸੇ ਤਰਾਂ ਭਾਰਤ ਵਿੱਚ ਖੇਤੀਬਾੜੀ ਖੇਤਰ ਲਗਭਗ ੩ ਟਰੀਲੀਅਨ ਡਾਲਰ ਦੀ ਆਰਥਿਕਤਾ ਵਿੱਚ ੧੫% ਦਾ ਹਿੱਸਾ ਪਾਉਦਾ ਹੈ। ਦੇਸ਼ ਦੇ ੧,੩ ਬਿਲੀਅਨ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ। ਭਾਰਤ ਪੂਰੀ ਤਰਾਂ ਖੇਤੀਬਾੜੀ ਦੇ ਧੰਦੇ ਦੇ ਆਲੇ ਦੁਆਲੇ ਹੀ ਰੁਜ਼ਗਾਰ ਦੇ ਸਾਧਨ ਬਣਾਈ ਬੈਠਾ ਹੈ। ਉਦਯੋਗਿਕ ਪ੍ਰਣਾਲੀ ਨੂੰ ਪ੍ਰਫੁਲਤ ਕਰਨ ਲਈ ਬਹੁਤ ਘੱਟ ਯਤਨ ਹੋਏ ਹਨ। ਸ਼ਾਇਦ ਨੀਤੀ, ਰਾਜਨੀਤੀ ਅਤੇ ਰਿਸ਼ਵਤ ਖੋਰੀ ਮੁੱਖ ਕਾਰਨ ਹੋ ਸਕਦੇ ਹਨ ! ਖੇਤੀਬਾੜੀ ਸਭ ਤੋ ਵੱਧ ਮਿਹਨਤ ਅਤੇ ਸਭ ਤੋਂ ਘੱਟ ਮੁਨਾਫ਼ੇ ਦਾ ਇਹ ਧੰਦਾ ਦੁਨੀਆ ਵਿੱਚ ਪਛੜਿਆ ਹੋਇਆ ਹੈ। ਦੁਨੀਆ ਵਿੱਚ ਕੋਈ ਵੀ ਸਰਕਾਰ ਜਾਂ ਕਾਨੂੰਨ ਹਿੱਕ ਥਾਪੜ ਕੇ ਨਹੀਂ ਕਹਿ ਸਕਦੇ ਕਿ ਉਹ ਕਿਸਾਨੀ ਨਾਲ ਇਨਸਾਫ਼. ਕਰ ਸਕੇ ਹਨ।

ਇਕ ਆਦਮੀ ਤੋ ਲੈ ਕੇ ਸਾਰਾ ਪਰਿਵਾਰ ਖੇਤੀਬਾੜੀ ਵਿੱਚ ਸੱਤੇ ਦਿਨ ਬਿਨਾਂ ਘੜੀ ਦੀ ਸੂਈ ਦੇਖਿਆਂ ਪਹੁ-ਫੁਟਾਲ਼ੇ ਤੋਂ ਸ਼ੁਰੂ ਹੋ ਕੇ ਸੂਰਜ ਦੇ ਡੁੱਬਣ ਵੇਲੇ ਤੱਕ ਹੱਡ ਭੰਨਵੀਂ ਮਿਹਨਤ ਵੀ ਉਸ ਨੂੰ ਆਮਦਨ ਪੱਖੋਂ ਪੈਰਾਂ ਸਿਰ ਨਹੀਂ ਕਰ ਸਕੀ। ਕਿਸਾਨੀ ਹਮੇਸ਼ਾ ਰੱਬ ਅਤੇ ਸਰਕਾਰਾਂ ਦੇ ਰਹਿਮੋ-ਕਰਮ ਤੇ ਰਹੀ ਹੈ। ਹਰ ਦੇਸ਼ ਵਿੱਚ ਆਏ ਦਿਨ ਸੜਕਾਂ ਉੱਪਰ ਇਨਸਾਫ਼ ਲਈ ਧਰਨੇ, ਟਰੈਕਟਰ ਮਾਰਚ, ਫ਼ਸਲਾਂ ਨੂੰ ਸੁੱਟਣਾ ਆਮ ਵਰਤਾਰਾ ਹੈ। ਖੇਤੀ ਧੰਦੇ ਵਿੱਚ ਅਨਾਜ, ਫਲ, ਦੁੱਧ ਦਹੀਂ, ਮੀਟ ਮੂਲ ਪੈਦਾਵਾਰੀ ਵਸਤਾਂ ਹਨ।

ਪਿਛਲੇ ਦਹਾਕੇ ਵਿੱਚ ਇੰਟਰਨੈੱਟ ਦੀ ਵਰਤੋਂ ਨਾਲ ਇਤਿਹਾਸਕ ਰੱਦੋ ਬਦਲ ਹੋਏ ਹਨ।

ਵੱਡੇ ਵੱਡੇ ਵਿਉਪਾਰ ਇਸ ਮਾਧਿਅਮ ਰਾਹੀਂ ਲੋਕਾਂ ਦੇ ਘਰਾਂ ਤੱਕ ਪਹੁੰਚ ਗਿਆ ਹੈ। ਪਰ ਖੇਤੀ ਧੰਦੇ ਵਿੱਚ ਬਹੁਤਾ ਬਦਲਾਅ ਨਹੀਂ ਆ ਸਕਿਆ। ਪਰ ਹੁਣ ਕਾਰਪੋਰੇਟ ਲੋਕਾਂ ਨੇ ਇਸ ਧੰਦੇ ਨੂੰ ਪੂਰੀ ਪਕੜ ਵਿਚ ਲੈ ਕੇ ਭਾਰਤ ਦੇ ਵੱਡੇ ਖੇਤਰ ਉੱਪਰ ਆਪਣੀ ਆਜ਼ਾਰੇਦਾਰੀ ਨੂੰ ਕਾਇਮ ਕਰ ਲਿਆ ਹੈ। ਇਹ ਰਾਜਨੀਤੀ ਦੀ ਭਾਈਵਾਲੀ ਨਾਲ ਸੰਭਵ ਕੀਤਾ ਜਾ ਰਿਹਾ ਹੈ। ਕਿਉਂਕਿ ਰਾਜਨੀਤੀ ਦਾ ਵੱਡਾ ਹਿੱਸਾ ਇਹਨਾਂ ਦੇ ਦਬਾਅ ਹੇਠ ਹੈ। ਪਾਰਟੀਆਂ ਨੂੰ ਵੱਡੇ ਵੱਡੇ ਚੰਦੇ ਦੇ ਕੇ ਮਨਮਰਜ਼ੀ ਨਾਲ ਲੋਕਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਰਕਾਰਾਂ ਦਾ ਕੰਮ ਹੁਣ ਗ਼ਰੀਬੀ ਹਟਾਉਣਾ ਨਹੀਂ... ਗ਼ਰੀਬਾਂ ਨੂੰ ਹਟਾਉਣਾ ਹੈ।

ਭਾਰਤ ਦੀ ਪਾਰਲੀਮੈਂਟ ਵਿੱਚ ਲਗਾਤਾਰ ਨਵੇਂ ਨਵੇਂ ਬਿੱਲਾ ਨੂੰ ਪਾਸ ਕੀਤਾ ਜਾ ਰਿਹਾ ਹੈ। ਪਹਿਲਾਂ ਸੰਵਿਧਾਨਿਕ ਸੋਧਾਂ ਨੂੰ ਹਮੇਸ਼ਾ ਵਿਰੋਧੀ ਧਿਰਾਂ ਦੀ ਸਹਿਮਤੀ ਤੋ ਬਾਅਦ ਹੀ ਕਾਨੂੰਨ ਦੀ ਆਗਿਆ ਮਿਲਦੀ ਸੀ। ਹੁਣ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਜਾਂ ਬਿੱਲ ਪਾਸ ਕਰਨ ਲਈ ਲੋੜੀਂਦੇ ਮੈਂਬਰਾਂ ਦੀ ਹਾਜ਼ਰੀ ਨੂੰ ਵੀ ਅੱਖੋਂ ਪਰੋਖੇ ਕੀਤਾ ਜਾਂਦਾ ਹੈ। ਜਿੱਥੇ ਕਿਸਾਨਾਂ ਦੇ ਵਿਰੁੱਧ ਕਾਨੂੰਨ ਬਣਾਏ ਗਏ ਹਨ। ਉੱਥੇ ਪੂੰਜੀਪਤੀਆਂ ਦੇ ਹੱਕ ਵਿੱਚ ਕਾਨੂੰਨਾਂ ਨੂੰ ਬਣਾ ਕੇ ਕਿਰਤੀਆਂ ਨੂੰ ਵਿਰੋਧ ਦਰਜ ਨਾ ਕਰਵਾਉਣ ਵਰਗੀਆਂ ਮੱਦਾਂ ਪਾ ਕੇ ਇਨਸਾਫ਼ ਤੋ ਵਾਂਝਿਆਂ ਕੀਤਾ ਜਾ ਰਿਹਾ ਹੈ । ਕਿਸੇ ਵੀ ਹੜਤਾਲ ਕਰਨ ਲਈ ਸੱਠ ਦਿਨ ਪਹਿਲਾਂ ਆਗਿਆ ਦਾ ਲੈਣਾ ਜ਼ਰੂਰੀ ਕੀਤਾ ਗਿਆ ਹੈ। ਜਦੋਂ ਮਰਜ਼ੀ ਤਿੰਨ ਮਹੀਨੇ ਦੀ ਤਨਖ਼ਾਹ ਦੇ ਕੇ ਨੌਕਰੀ ਤੋ ਕੱਢਿਆ ਜਾ ਸਕਦਾ ਹੈ। ਮਤਲਬ ਹੜਤਾਲ ਦੀ ਮਨਜ਼ੂਰੀ ਮੰਗਣ ਦੇ ਨਾਲ ਹੀ ਉਸ ਕਿਰਤੀ ਨੂੰ ਨੌਕਰੀ ਤੋ ਫ਼ਾਰਗ ਕਰਨ ਦਾ ਰਾਹ ਪੱਧਰਾ ਹੋ ਸਕੇਗਾ। ਜਿਸ ਨਾਲ ਹਰ ਹਾਲਤ ਵਿੱਚ ਕਾਰੋਬਾਰੀਆਂ ਦੇ ਰਹਿਮੋ ਕ੍ਰਮ ਤੇ ਜੀਵਨ ਬਸ਼ਰ ਕਰਨਾ ਪਵੇਗਾ।

ਜੋ ਬਿੱਲ ਕਿਸਾਨੀ ਦੇ ਵਿਰੋਧ ਵਿਚ ਪਾਸ ਕੀਤਾ ਹੈ ਉਸ ਵਿੱਚ ਘੱਟੋ ਘੱਟ ਸਮਰਥਨ ਮੁੱਲ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਹੈ ਜੋ ਕਿ ਸਿੱਧਾ ਸਿੱਧਾ ਕਾਰੋਬਾਰੀਆਂ ਦੇ ਹੱਕ ਵਿੱਚ ਭੁਗਤਦਾ ਹੈ। ਕਿਸਾਨ ਨੂੰ ਸ਼ਾਇਦ ਉਸ ਦੀ ਲਾਗਤ ਵੀ ਪੂਰੀ ਨਾ ਮਿਲੇ। ਉਸ ਨੂੰ ਵੇਚਣ ਦੀ ਖੁੱਲ ਦਾ ਮਤਲਬ ਕਾਰੋਬਾਰੀ ਨੂੰ ਖੁੱਲ ਦੇਣਾ ਕਿ ਉਹ ਘੱਟ ਤੋ ਘੱਟ ਰੇਟ ਤੇ ਖ਼ਰੀਦ ਕੇ ਦੁਨੀਆ ਦੀ ਮੰਡੀ ਵਿੱਚ ਆਪਣੀ ਤਹਿ-ਸ਼ੁਦਾ ਕੀਮਤ ਪ੍ਰਾਪਤ ਕਰ ਸਕਦਾ ਹੈ। ਈ-ਮੰਡੀਆਂ ਨਾਲ ਜੋੜਨਾ ਜਾਂ ਈ-ਮੰਡੀਕਰਨ ਕੀਤਾ ਗਿਆ ਹੈ ਜਿਸ ਨਾਲ ਕਿਸਾਨ ਵਿਉਪਾਰੀ ਨਾਲ ਸਿੱਧਾ ਸੰਪਰਕ ਸਾਧਨ ਅਪਣਾ ਸਕੇਗਾ। ਖ਼ਰੀਦਦਾਰ ਨਾਲ ਖ਼ਰੀਦ ਮੁੱਲ ਤਹਿ ਕਰ ਸਕੇਗਾ। ਪਰ ਸਵਾਲ ਉੱਠਦਾ ਹੈ ਕਿ ਕਿਸਾਨਾਂ ਤੱਕ ਈ-ਮੰਡੀ ਦੇ ਤੌਰ ਤਰੀਕਿਆਂ ਦੀ ਪਹੁੰਚ ਅਪਣਾਈ ਗਈ ਹੈ ? ਬਿਹਾਰ ਵਿੱਚ ਘੱਟੋ ਘੱਟ ਖ਼ਰੀਦ ਮੁੱਲ ਖ਼ਤਮ ਕਰਨ ਤੋ ਬਾਅਦ ਹਾਲਾਤ ਹੋਰ ਮੰਦੀ ਵਿੱਚ ਹਨ। ਕਿਸਾਨੀ ਦੀ ਅਨਪੜਤਾ ਇਸ ਵਿੱਚ ਵੱਡੀ ਰੁਕਾਵਟ ਅਤੇ ਮੁਸੀਬਤਾਂ ਵਿੱਚ ਵਾਧਾ ਕਰੇਗੀ। ਖ਼ੁਦਕੁਸ਼ੀਆਂ ਵਿੱਚ ਵਾਧਾ ਹੋਣ ਦੇ ਆਸਾਰ ਵੱਧ ਗਏ ਹਨ। ਛੋਟੇ ਕਿਰਤੀਆਂ ਅਤੇ ਕਿਸਾਨਾਂ ਦੇ ਮਰਨ ਦੇ ਲੱਛਣ ਸਾਫ਼ ਦਿਖਾਈ ਦਿੰਦੇ ਹਨ। ਪਹਿਲਾਂ ਤੋ ਹੀ ਪਛੜਿਆ ਕਿਸਾਨ ਆਪਣੀ ਫ਼ਸਲ ਦਾ ਮੰਡੀਕਰਨ ਕਰਨ ਵਿੱਚ ਪਛੜਿਆ ਹੈ। ਉਸ ਕੋਲ ਜਮਾਂ ਰੱਖ ਕੇ ਮਹਿੰਗੇ ਭਾਅ ਵੇਚਣ ਦੇ ਹੀਲੇ ਵਸੀਲੇ ਨਹੀਂ ਹਨ।

ਭਾਵੇਂ ਇਹ ਭਾਰਤ ਵਿੱਚ ਬਣੇ ਨਵੇਂ ਕਾਨੂੰਨ ਯੂਰਪ ਮੰਡੀ ਨਾਲ ਕਾਫ਼ੀ ਮੇਲ ਖਾਂਦੇ ਹਨ। ਕਿਸਾਨ ਸਾਰੇ ਯੂਰਪ ਵਿਚ ਕਿਤੇ ਵੀ ਜਾ ਕੇ ਆਪਣੀ ਮਰਜ਼ੀ ਦੇ ਮੁੱਲ ਦੇ ਭਾਅ ਨਾਲ ਵੇਚ ਸਕਦਾ ਹੈ। ਵਿਉਪਾਰੀ ਵੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਬੀਜ, ਵੇਚ ਸਕਦਾ ਹੈ। ਬਾਹਰਲੇ ਮੁਲਕਾਂ ਤੋਂ ਵੀ ਖਾਣੇ ਦੇ ਪੱਧਰ ਤੇ ਪੂਰੀ ਤਰਾਂ ਉੱਤਰਦੀਆਂ ਵਸਤਾਂ ਨੂੰ ਵਿੱਕਰੀ ਯੋਗ ਕਰਾਰ ਦਿੱਤਾ ਜਾਂਦਾ ਹੈ। ਪਰ ਭਾਰਤ ਵਿੱਚ ਇਸ ਕਾਨੂੰਨ ਦਾ ਵਿਰੋਧ ਨੂੰ ਜਾਇਜ਼ ਠਹਿਰਾਇਆ ਜਾ ਸਕਦਾ ਹੈ ਕਿਉਂਕਿ ਕਿਰਤੀ, ਮਜ਼ਦੂਰ, ਕਿਸਾਨ ਦੀ ਆਮਦਨ ਨੂੰ ਬਦਲਵੇਂ ਰੂਪ ਵਿੱਚ ਆਮਦਨ ਦੇ ਸਾਧਨ ਮੁਹੱਈਆ ਕਰਵਾਉਣੇ ਜ਼ਰੂਰੀ ਨਹੀਂ ਸਮਝੇ ਗਏ। ਜਿਵੇਂ ਯੂਰਪ ਵਿੱਚ ਲੋਕਾਂ ਨੂੰ ਖੇਤੀਬਾੜੀ ਤੋ ਦੂਰ ਕਰਨ ਲਈ ਉਦਯੋਗਿਕ ਨੀਤੀ ਤਹਿਤ ਰੁਜ਼ਗਾਰ ਪੈਦਾ ਕੀਤੇ ਗਏ। ਆਹਿਸਤਾ ਆਹਿਸਤਾ ਜਨਤਾ ਦਾ ਸ਼ਹਿਰ ਕਰਨ ਕਰਕੇ ਰੋਜ਼ਗਾਰ ਮੁਹੱਈਆ ਕਰਵਾਇਆ ਗਿਆ।

ਰੋਜ਼ਗਾਰ ਅਤੇ ਖੇਤੀਬਾੜੀ ਵਿੱਚ ਗਰੰਟੀ ਅਤੇ ਬੀਮਾ ਜ਼ਰੂਰੀ ਕੀਤਾ ਗਿਆ। ਵਧੇਰੇ ਵਸੋਂ ਸ਼ਹਿਰਾਂ ਵਿੱਚ ਅਤੇ ਰੁਜ਼ਗਾਰ ਦੇ ਸਾਧਨ ਇੰਡਸਟਰੀ, ਉਦਯੋਗ ਉੱਪਰ ਜ਼ਿਆਦਾ ਹਨ। ਸਧਾਰਨ ਸਮੇਂ ਵਿੱਚ ਬੇਰੁਜ਼ਗਾਰੀ ਔਸਤਨ ੧੦% ਤੱਕ ਰਹਿੰਦੀ ਹੈ। ਕਰ ਕਾਨੂੰਨਾਂ ਰਾਹੀਂ ਸਰਕਾਰੀ ਟੈਕਸਾਂ ਵਿੱਚੋਂ ਗ਼ਰੀਬੀ ਅਤੇ ਬੇਰੁਜ਼ਗਾਰੀ ਦੀ ਭਰਪਾਈ ਕੀਤੀ ਜਾਂਦੀ ਹੈ। ਭਾਰਤ ਵਿੱਚ ਇਕੱਲੇ ਕਾਨੂੰਨ ਨੂੰ ਬਣਾ ਕੇ ਪੇਸ਼ ਕਰ ਦੇਣਾ ਮੂਰਖਤਾ ਪੱਖੀ ਕਾਰਵਾਈ ਹੈ। ਜਿਵੇਂ ਨੋਟ ਬੰਦੀ ਵੇਲੇ ਜਿੱਥੇ ਮੁਲਕ ਦੀ ਆਰਥਿਕਤਾ ਨੂੰ ਢਾਹ ਲੱਗੀ। ਉੱਥੇ ਲੋਕਾਂ ਦੀ ਰੋਜ਼ ਮਰਹਾ ਜ਼ਿੰਦਗੀ ਦੀ ਚਾਲ ਪੱਟਰੀ ਤੋ ਉਤਰ ਗਈ। ਸੌ ਤੋਂ ਵੱਧ ਮੌਤਾਂ ਹੋ ਗਈਆਂ। ਮੋਦੀ ਸਰਕਾਰ ਦੇ ਪਹਿਲੇ ਪੰਜ ਸਾਲਾ ਕਾਰਜ ਕਾਲ ਵਿੱਚ ਵਿੱਚ ਪੰਜ ਤੋ ਸੱਤ ਹਜ਼ਾਰ ਮੰਡੀਆਂ ਨੂੰ ਈ-ਮੰਡੀ ਨਾਲ ਜੋੜਿਆ ਗਿਆ। ਜੋ ਕਿਸਾਨਾਂ ਲਈ ਬਹੁਤ ਲਾਹੇਵੰਦ ਢੰਗ ਨਹੀਂ ਮੰਨਿਆ ਜਾ ਸਕਦਾ। ਪਰ ਦੂਜੀ ਵਾਰ ਦੀ ਮੋਦੀ ਸਰਕਾਰ ਵਿੱਚ ਈ-ਮੰਡੀਆਂ ਤੇ ਕੱਛੂ ਦੀ ਚਾਲੇ ਵੀ ਕੰਮ ਨਹੀਂ ਹੋਇਆ। ਕੋਈ ਅੰਕੜੇ ਜਾਂ ਲਾਭਾਂ ਦੀ ਸੂਚੀ ਲੋਕਾਂ ਤੱਕ ਨਹੀਂ ਪਹੁੰਚ ਸਕੀ।

੨੦੧੯ ਵਿੱਚ ਯੂਰਪ ਵਿੱਚ ਜਰਮਨ, ਫਰਾਂਸ, ਆਇਰਲੈਂਡ ਵਿੱਚ ਕਿਸਾਨਾਂ ਨੇ ਵੱਡੀਆਂ ਹੜਤਾਲਾਂ ਕਰਕੇ ਦੁੱਧ, ਮੀਟ ਆਦਿ ਲਈ ਕੀਮਤਾਂ ਵਿੱਚ ਵਾਧੇ ਲਈ ਸ਼ਹਿਰਾਂ ਦੇ ਸ਼ਹਿਰ ਜਾਮ ਕਰ ਦਿੱਤੇ ਸਨ। ਬਰਲਿਨ ਵਿੱਚ ਪੰਜ ਹਜ਼ਾਰ ਟਰੈਕਟਰਾਂ ਨੇ ਸਰਕਾਰ ਨੂੰ ਜਲਦੀ ਗੋਡੇ ਭਾਰ ਲੈ ਆਦਾਂ। ਕਿਸਾਨ ਕਹਿੰਦੇ ਸਨ ਕਿ ਕਾਰੋਬਾਰੀ ਕੰਪਨੀਆਂ ਨੂੰ ਚੀਜ਼ਾਂ ਲਈ ਵਧੇਰੇ ਭੁਗਤਾਨ ਕਰਨਾ ਚਾਹੀਦਾ ਹੈ ਅਤੇ ਅੰਤਰਰਾਸ਼ਟਰੀ ਵਪਾਰ ਸੰਧੀਆਂ ਉਨਾਂ ਲਈ ਕੰਮ ਨਹੀਂ ਕਰਦੀਆਂ।

ਸੋ ਲੋਕ ਰਾਏ ਤੋ ਬਿਨਾਂ ਧੜਾ ਧੜ ਨਵੇਂ ਕਾਨੂੰਨਾਂ ਨੂੰ ਪਾਸ ਕਰੀ ਜਾਣਾ। ਹਮ ਖ਼ਿਆਲੀ ਪਾਰਟੀਆਂ ਜਾਂ ਸਰਕਾਰ ਦਾ ਹਿੱਸਾ ਬਣੀਆਂ ਪਾਰਟੀਆਂ ਉੱਪਰ ਆਪਣਾ ਪ੍ਰਭਾਵ ਬਣਾ ਕੇ ਅਸਥਿਰਤਾ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ।

ਇਸ ਦਾ ਦੂਸਰਾ ਪੱਖ ਵੀ ਜੋ ਇਹਨਾਂ ਕਾਨੂੰਨਾਂ ਦੇ ਪਿੱਛੇ ਛਿਪਿਆ ਨਜ਼ਰ ਆਉਂਦਾ ਹੈ। ਪੰਜਾਬ ਸੂਬੇ ਦੀ ਭੂਗੋਲਿਕ ਸਥਿਤੀ ਬਹੁਤ ਅਗਾਂਹਵਧੂ ਹੈ। ਮੈਦਾਨੀ ਇਲਾਕੇ ਕਰਕੇ ਉਪਜਾਊ ਹੋਣ ਦੇ ਨਾਲ ਨਾਲ ਕੁਦਰਤੀ ਪਾਣੀ ਦੇ ਸੋਮਿਆਂ, ਦਰਿਆਵਾਂ, ਨਹਿਰਾਂ ਦਾ ਮਾਲਕ ਹੈ। ਸਿੱਖਾਂ ਦੀ ਜਨਮ ਭੋਇ ਹੈ। ਧਰਮ, ਪੰਥ, ਗ੍ਰੰਥ, ਭਾਸ਼ਾ ਇਸ ਨੂੰ ਭਾਰਤ ਦੇ ਨਾਲ ਨਾਲ ਦੁਨੀਆ ਵਿੱਚ ਵੱਖਰੀ ਪਛਾਣ ਦੇਂਦੇ ਹਨ। ਆਜ਼ਾਦੀ ਦੀ ਲੜਾਈ ਜਿੱਤਣ ਤੋ ਬਾਅਦ ਆਪਣੇ ਹੱਕੀ ਮੰਗਾਂ ਲਈ ਬਹੁਤ ਸੰਘਰਸ਼ ਲੜਦਾ ਆ ਰਿਹਾ ਹੈ। ਪੰਜਾਬੀ ਸੂਬੇ ਦੀ ਮੰਗ, ਧਰਮ ਦੀ ਹੋਂਦ ਦੀ ਸੰਵਿਧਾਨਿਕ ਮੰਗ, ਪਾਣੀਆਂ ਦੀ ਮੰਗ, ਇਲਾਕਿਆਂ ਦੀ ਮੰਗ, ਚੰਡੀਗੜ ਦੀ ਮੰਗ ਆਦਿ ਜਿਹੜੀਆਂ ਜਾਇਜ਼ ਮੰਗ ਸਿੱਖਾਂ ਨੂੰ ਸ਼ਾਂਤ ਕਰ ਸਕਦੀਆਂ ਸਨ। ਪਰ ਪੰਜਾਬ ਨਾਲ ਬੇਇਨਸਾਫ਼ੀ ਦੀ ਦਾਸਤਾਨ ਲੰਬੀ ਹੈ। ਕੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਅਸਿੱਧੇ ਢੰਗ ਨਾਲ ਪੰਜਾਬ ਦੀ ਤਬਾਹੀ ਦੇ ਮਨਸੂਬਿਆਂ ਦੀ ਉਗੜਵੀ ਤਸਵੀਰ ਹੈ ?

ਜੇ ਹੈ ਤਾਂ ਇਸ ਨੂੰ ਆਖ਼ਰੀ ਹਮਲਾ ਮੰਨਦੇ ਹੋਏ ਇਹਨਾਂ ਕਾਨੂੰਨਾਂ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ। ਇਨਸਾਫ਼ ਲਈ ਭਾਰਤ ਸਮੇਤ ਸਾਰੇ ਸੰਸਾਰ ਵਿੱਚ ਵਿਰੋਧ ਦਰਜ਼ ਕਰਵਾਉਣਾ ਚਾਹੀਦਾ ਹੈ।

# ਕਦੋਂ ਸੁਰੱਖਿਅਤ ਹੋਵੇਗੀ ਭਾਰਤੀ ਨਾਰੀ ?

- ਹਰਕੀਰਤ ਕੌਰ ਸਭਰਾ
੯੭੭੯੧੧੮੦੬੬

ਮਨੁੱਖੀ ਇਤਿਹਾਸ ਕਤਲੇਆਮ ਅਤੇ ਜ਼ੁਲਮਾਂ ਨਾਲ ਭਰਿਆ ਪਿਆ ਹੈ ਜਿਸ ਦਾ ਸਭ ਤੋਂ ਭਿਆਨਕ ਰੂਪ ਉਦੋਂ ਵੇਖਣ ਨੂੰ ਮਿਲਦਾ ਹੈ ਕਿ ਜਦੋਂ ਹੈਵਾਨੀਅਤ ਦਾ ਸ਼ਿਕਾਰ ਮਾਸੂਮ ਬੱਚੀਆਂ ਹੁੰਦੀਆਂ ਹਨ। ਹਾਥਰਸ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ੧੪ ਸਾਲ ਦੀ ਨਾਬਾਲਗ ਬੱਚੀ ਨਾਲ ਵਾਪਰੀ ਸਮੂਹਿਕ ਜਬਰ ਜਨਾਹ ਦੀ ਘਟਨਾ ਨੇ ਇੱਕ ਵਾਰ ਫਿਰ ਤੋਂ ਸਾਡੇ ਲੋਕਤੰਤਰ ਦੇ ਮੂੰਹ ਤੇ ਕਸ ਕੇ ਥੱਪੜ ਜੜਿਆ ਹੈ। ਇਸ ਘਟਨਾ ਨੇ ਇੱਕ ਵਾਰ ਫਿਰ ਤੋਂ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਘਟਨਾ ਨੇ ਇੱਕ ਵਾਰ ਫਿਰ ਤੋਂ ਸਵਾਲ ਖੜਾ ਕੀਤਾ ਕਿ ਆਖ਼ਰਕਾਰ ਕਦੋਂ ਸਾਡੇ ਸਮਾਜ ਵਿੱਚ ਲੜਕੀਆਂ ਸੁਰੱਖਿਅਤ ਹੋਣਗੀਆਂ ਅਤੇ ਕਦੋਂ ਖੁੱਲ ਕੇ ਜ਼ਿੰਦਗੀ ਜੀਅ ਸਕਣਗੀਆਂ ? ਕਦੋਂ ਲੜਕੀਆਂ ਨੂੰ ਘਰ ਤੋਂ ਬਾਹਰ ਨਿਕਲਦੇ ਸਮੇਂ ਮਰਦ ਦੀ ਭੈੜੀ ਨਜ਼ਰ ਤੋਂ ਡਰ ਲੱਗਣਾ ਬੰਦ ਹੋਵੇਗਾ। ਇਸ ਵਾਰ ਤਾਂ ਜ਼ੁਲਮ ਦੀ ਹੱਦ ਹੀ ਟੱਪ ਗਈ, ਬੇਪਤੀ ਕਰਨ ਤੋਂ ਬਾਅਦ ਏਨੇ ਤਸ਼ੱਦਦ ਕਿ ਰੀੜ ਦੀ ਹੱਡੀ ਤੱਕ ਤੋੜ ਦਿੱਤੀ ਗਈ। ਬੱਚੀ ਦੀ ਮਾਂ ਵੱਲੋਂ ਪੁਲਿਸ ਪ੍ਰਸ਼ਾਸਨ ਦੇ ਆਪਣੀ ਧੀ ਦਾ ਆਖ਼ਰੀ ਵਾਰ ਚਿਹਰਾ ਦੇਖਣ ਲਈ ਤਰਲੇ ਕੀਤੇ ਗਏ ਪਰ ਐਸੀ ਅਭਾਗਣ ਮਾਂ ਕਿ ਆਖ਼ਰੀ ਵਾਰ ਆਪਣੀ ਧੀ ਦਾ ਚਿਹਰਾ ਤੱਕ ਨਹੀਂ ਦੇਖ ਸਕੀ । ਪਰ ਵੇਖੋ ਸਾਡੇ ਦੇਸ਼ ਦੇ ਕਾਨੂੰਨ ਦਾ ਹਾਲ, ਸਰਕਾਰੀ ਅਧਿਕਾਰੀਆਂ ਵੱਲੋਂ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੀ ਬਜਾਏ ਉਨਾਂ ਉੱਪਰ ਅਵਾਜ਼ ਨਾ ਚੁੱਕਣ ਦਾ ਦਬਾਅ ਬਣਾਇਆ ਜਾ ਰਿਹਾ ਹੈ। ਪਰਿਵਾਰ ਨੂੰ ੨੫ ਲੱਖ ਰੁਪਏ ਦੀ ਰਾਸ਼ੀ ਅਤੇ ਸਰਕਾਰੀ ਨੌਕਰੀ ਦਾ ਲਾਲਚ ਦੇ ਕੇ ਰਾਜ ਨੇਤਾ ਅਤੇ ਪ੍ਰਸ਼ਾਸਨ ਨਿਆਂ ਦੀ ਗੁਹਾਰ ਲਾਉਣ ਵਾਲੀਆਂ ਜ਼ੁਬਾਨਾਂ ਨੂੰ ਬੰਦ ਕਰਨਾ ਚਾਹੁੰਦੇ ਹਨ। ਪਰ ਰਾਜ ਗੱਦੀਆਂ ਅਤੇ ਅਫ਼ਸਰਸ਼ਾਹੀ ਮੱਲ ਕੇ ਬੈਠੇ ਬੇਗ਼ੈਰਤਾਂ ਨੂੰ ਕੌਣ ਦੱਸੇ ਕਿ ਇੱਜ਼ਤਾਂ ਦੇ ਮੁੱਲ ਨਹੀਂ ਹੁੰਦੇ। ਮੈਂ ਪਹਿਲਾਂ ਵੀ ਆਪਣੇ ਲੇਖਾਂ ਵਿੱਚ ਕਹਿ ਚੁੱਕੀ ਹਾਂ ਕਿ ਸਾਡੇ ਭਾਰਤ ਵਿੱਚ ਕਦੇ ਵੀ ਕੋਈ ਐਕਸ਼ਨ ਉਦੋਂ ਤੱਕ ਨਹੀਂ ਲਿਆ ਜਾਂਦਾ ਜਦੋਂ ਤੱਕ ਪਾਣੀ ਸਿਰ ਤੋਂ ਨਾ ਲੰਘ ਜਾਵੇ। ਜੇਕਰ ਦੁਨੀਆ ਦੇ ਹੋਰ ਦੇਸ਼ਾਂ ਦੇ ਬਲਾਤਕਾਰ ਨਾਲ ਸਬੰਧਤ ਕਾਨੂੰਨਾਂ ਵੱਲ ਦੇਖੀਏ ਤਾਂ ਅਮਰੀਕਾ ਵਿੱਚ ਮੌਤ ਤੱਕ ਕੈਦ, ਅਫਗਾਨਿਸਤਾਨ ਵਿੱਚ ਮੱਥੇ ਵਿੱਚ ਗੋਲੀ ਮਾਰ ਕੇ ਮੌਤ, ਨੌਰਥ ਕੋਰੀਆ ਵਿੱਚ ਨਿਸ਼ਾਨੇਬਾਜਾਂ ਦੁਆਰਾ ਗੋਲੀ ਮਾਰ ਕੇ ਸਜ਼ਾ, ਇਰਾਨ ਵਿੱਚ ਫ਼ਾਂਸੀ ਦੀ ਸਜ਼ਾ। ਪਰ ਭਾਰਤ ਇੱਕ ਅਜਿਹਾ ਦੇਸ਼ ਹੈ ਜਿੱਥੇ ਬਲਾਤਕਾਰ ਕਰਨ ਵਾਲੇ ਦੋਸ਼ੀਆਂ ਨੂੰ ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਲਈ ਸਮਾਂ ਦਿੱਤਾ ਜਾਂਦਾ ਹੈ। ਇਹ ਉਹ ਦੇਸ਼ ਹੈ ਜਿੱਥੇ ਪੀੜਤਾਂ ਦੀਆਂ ਇਨਸਾਫ਼ ਲਈ ਦੁਹਾਈਆਂ ਕਿਸੇ ਨੂੰ ਨਹੀਂ ਸੁਣਦੀਆਂ ਪਰ ਮੁਜਰਮਾਂ ਨੂੰ ਇੱਕ ਦੋ ਦਿਨ ਨਹੀਂ ਬਲਕਿ ਕਈ ਕਈ ਸਾਲਾਂ ਦਾ ਸਮਾਂ ਦਿੱਤਾ ਜਾਂਦਾ ਹੈ ਕਿ ਮੁਜਰਮ ਆਪਣੇ ਆਪ ਨੂੰ ਬੇਕਸੂਰ ਸਾਬਿਤ ਕਰਨ। ਲੱਖ ਲਾਹਨਤਾਂ ਅਜਿਹੇ ਕਾਨੂੰਨ ਅਤੇ ਸਿਸਟਮ ਤੇ । ਹੁਣ ਤਾਂ ਇਸ ਗੱਲ ਤੇ ਵੀ ਸ਼ੱਕ ਹੋਣ ਲੱਗਾ ਹੈ ਕਿ ਸਾਡੇ ਦੇਸ਼ ਦਾ ਸਿਸਟਮ ਚਲਾਉਣ ਵਾਲੇ ਇਨਸਾਨ ਹੀ ਹਨ ? ਆਖ਼ਰਕਾਰ ਕਦੋਂ ਤੱਕ ਇਨਸਾਫ਼ ਲਈ ਪੀੜਤਾਂ ਨੂੰ ਸਭ ਤੋਂ ਪਹਿਲਾਂ ਕੇਸ ਫਾਈਲ ਕਰਨ ਲਈ ਤਰਲੇ ਕੱਢਣੇ ਪੈਣਗੇ, ਫਿਰ ਕੋਰਟ ਕਚਹਿਰੀਆਂ ਦੇ ਚੱਕਰ ਕੱਢਣੇ ਪੈਣਗੇ। ਮੈਨੂੰ ਇੱਕ ਗੱਲ ਬਹੁਤ ਹੈਰਾਨ ਕਰਦੀ ਹੈ ਕਿ ਜੱਜ ਸਾਹਿਬਾਨ ਜਾਂ ਸਾਡਾ ਕਾਨੂੰਨ ਕਿਸ ਅਧਾਰ ਤੇ ਤਾਰੀਖ਼ ਤੇ ਤਾਰੀਖ਼ ਪਾਉਂਦੇ ਹਨ, ਜਦੋਂ ਇਹੀ ਸਾਬਤ ਹੋ ਗਿਆ ਪੇਸ਼ ਕੀਤੇ ਮੁਲਜ਼ਮਾਂ ਵੱਲੋਂ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ ਤਾਂ ਬਾਕੀ ਕਿਸ ਚੀਜ਼ ਦੀ ਉਡੀਕ ਵਿੱਚ ਇਹਨਾਂ ਕੇਸਾਂ ਨੂੰ ਲਮਕਾਇਆ ਜਾਂਦਾ ਹੈ। ਭਾਰਤ ਦੇ ਹਾਲਾਤ ਵੇਖ ਕੇ ਸੱਚਮੁੱਚ ਕਲਯੁਗ ਦਾ ਸਿਖ਼ਰਾਂ ਤੇ ਹੋਣ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਇਸ ਦਾ ਹੱਲ ਕੀ ਹੋ ਸਕਦਾ ਹੈ ? ਇਸ ਦਾ ਇੱਕੋ ਇੱਕ ਹੱਲ ਹੈ ਉਹ ਹੈ ਜਾਗਰੂਕਤਾ, ਦ੍ਰਿੜਤਾ, ਅਣਖ, ਸਾਹਸ। ਸਾਨੂੰ ਇਹ ਗੱਲ ਯਾਦ ਰੱਖਣੀ ਹੋਵੇਗੀ ਕਿ ਅਸੀਂ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ ਜੀ, ਭਗਤ ਸਿੰਘ ਵਰਗੇ ਯੋਧਿਆਂ ਦੇ ਵਾਰਿਸ ਹਾਂ ਜਿੰਨਾ ਨੇ ਇੱਜ਼ਤਾਂ ਨੂੰ ਬਚਾਉਣ ਅਤੇ ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਉਣ ਲਈ ਆਪਣੇ ਆਪ ਨੂੰ ਵਾਰ ਦਿੱਤਾ । ਇਹ ਘਟਨਾ ਭਾਵੇਂ ਯੂ ਪੀ ਦੀ ਹੈ, ਪਰ ਧੀਆਂ, ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ। ਜ਼ਰੂਰਤ ਹੈ ਮੋਮਬਤੀਆਂ ਜਗਾ ਕੇ ਛੋਛੇਬਾਜੀ ਨੂੰ ਛੱਡ ਕੇ ਸਿਸਟਮ ਦੇ ਵਿਰੁੱਧ ਅਵਾਜ਼ ਉਠਾਉਣ ਦੀ। ਜ਼ਰੂਰਤ ਹੈ ਬੱਚੀ ਨੂੰ ਇਨਸਾਫ਼ ਦਿਵਾਉਣ ਵਿੱਚ ਪਰਿਵਾਰ ਦੀ ਮਦਦ ਕਰਨ ਦੀ। ਮਾਇਆ ਅਤੇ ਤਾਕਤ ਦੇ ਨਸ਼ੇ ਵਿੱਚ ਅੰਨੇ ਹੋਏ ਰਾਜ ਨੇਤਾਵਾਂ ਤੇ ਅਫ਼ਸਰਾਂ ਨੇ ਇਹ ਗੱਲ ਸਾਬਿਤ ਕਰ ਦਿੱਤੀ ਕਿ ਸੱਚਮੁੱਚ ਸਾਡੇ ਦੇਸ਼ ਦਾ ਕਾਨੂੰਨ ਅੰਨਾ ਹੈ। ਸੱਚਮੁੱਚ ਕਾਨੂੰਨ ਦੀਆਂ ਅੱਖਾਂ ਉੱਪਰ ਪੱਟੀ ਬੱਝੀ ਹੋਈ ਹੈ, ਲਾਲਚ ਦੀ, ਤਾਕਤ ਦੀ ਅਤੇ ਭ੍ਰਿਸ਼ਟਾਚਾਰ ਦੀ, ਨਾਲ ਹੀ ਕਾਨੂੰਨ ਬਣਾਉਣ ਵਾਲਿਆਂ ਨੂੰ ਸਵਾਲ ਵੀ ਹੈ ਕਿ ਆਖ਼ਰਕਾਰ ਕਦੋਂ ਭਾਰਤੀ ਨਾਰੀ ਇੱਕ ਖੁੱਲਮ ਖੁੱਲਾ ਅਤੇ ਸੁਰੱਖਿਅਤ ਜੀਵਨ ਜੀਅ ਸਕੇਗੀ ?

# ਹਾਥਰਸ ਵਿਚ ਦਲਿਤ ਬੱਚੀ ਨਾਲ ਸਮੂਹਿਕ ਬਲਾਤਕਾਰ ਦੀ ਮੁੱਖ ਦੋਸ਼ੀ ਯੋਗੀ ਸਰਕਾਰ

✪ ਗੁੰਡੇ ਠਾਕੁਰਾਂ ਨੂੰ ਬਚਾਉਣ ਲਈ ਸਬੂਤ ਮਿਟਾਏ ਗਏ ✪ ਯੋਗੀ ਦਾ ਬਿਆਨ ਕਿ ਠਾਕੁਰਾਂ ਦਾ ਖੂਨ ਗਰਮ ਹੁੰਦਾ ਹੈ, ਗਲਤੀ ਹੋ ਜਾਂਦੀ ਏ।
✪ ਪਰਿਵਾਰ ਨੂੰ ਲਾਸ਼ ਦਿਖਾਏ ਬਿਨਾਂ ਫੂਕ ਦਿੱਤੀ। ✪ ਐਨ ਸੀ ਆਰ ਬੀ ੨੦੧੯ ਦੀ ਰਿਪੋਰਟ ਦੇ ਅਨੁਸਾਰ, ਅਪਰਾਧ ਦੇ ਮਾਮਲਿਆਂ ਵਿੱਚ ਉੱਤਰ ਪ੍ਰਦੇਸ਼ ਪਹਿਲੇ ਨੰਬਰ ਉੱਤੇ

- ਪ੍ਰੋ.ਬਲਵਿੰਦਰ ਪਾਲ ਸਿੰਘ



ਹਾਥਰਸ ਦੀ ਬਲਾਤਕਾਰ ਘਟਨਾ ਮੌਜੂਦਾ ਸਰਕਾਰ ਦੇ ਦਾਅਵਿਆਂ ਤੇ ਝੂਠ 'ਤੇ ਸਵਾਲੀਆ ਨਿਸ਼ਾਨ ਲਗਾਉਂਦੀ ਹੈ ਕਿ ਔਰਤਾਂ ਦੀ ਸੁਰੱਖਿਆ ਦੇ ਸਬੰਧ ਵਿਚ ਬਹੁਤ ਸਾਰੇ ਸੁਧਾਰ ਹੋਏ ਹਨ। ਪਰ ਅੰਨੇ ਬੋਲੇ ਹਾਕਮ ਇਹਨਾਂ ਘਟਨਾਵਾਂ ਨੂੰ ਅੱਖੋਂ ਪਰੋਖੇ ਕਰਕੇ ਪ੍ਰਸ਼ਾਸਨ ਦੀ ਹਾਜ਼ਰੀ ਵਿਚ ਜਬਰੀ ਬਲਾਤਕਾਰ ਦੀ ਸ਼ਿਕਾਰ ਲੜਕੀ ਦੀ ਲਾਸ਼ ਸਾੜ ਕੇ ਇਹ ਦਰਸਾ ਰਹੇ ਹਨ ਕਿ ਦਲਿਤਾਂ ਲਈ ਕੋਈ ਸੰਵਿਧਾਨ ਵਿਧਾਨ ਨਹੀਂ ਹੈ।ਗ਼ੁਲਾਮਾਂ ਨਾਲ ਇਹੀ ਕੁਝ ਵਾਪਰਦਾ ਹੈ।ਐਨ ਸੀ ਆਰ ਬੀ ਦੇ ਅੰਕੜਿਆਂ ਵਲ ਝਾਤ ਮਾਰੀਏ ਤਾਂ ਉੱਤਰ ਪ੍ਰਦੇਸ਼ ਅਪਰਾਧ ਦਾ ਰਾਜ ਬਣ ਚੁੱਕਾ ਹੈ।ਸ਼ਾਇਦ ਇਸੇ ਲਈ ਹਥਰਾਸ ਵਿਚ ੪ ਗੁੰਡਿਆਂ ਨੇ ੧੯ ਸਾਲਾਂ ਦੀ ਇਕ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ, ਜੀਭ ਕੱਟ ਦਿੱਤੀ ਅਤੇ ਰੀੜ ਦੀ ਹੱਡੀ ਨੂੰ ਤੋੜ ਦਿੱਤਾ, ਪਰ ਪੁਲਿਸ ਨੇ ਇਸ ਕੇਸ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਮੀਡੀਆ ਨੇ ਕੋਈ ਆਵਾਜ਼ ਨਹੀਂ ਉਠਾਈ । ਮਨੂ ਮੀਡੀਆ ਕੰਗਨਾ ਨੂੰ ਝਾਂਸੀ ਦੀ ਰਾਣੀ ਬਣਾਉਣ ਵਿਚ ਰੁੱਝਿਆ ਹੈ। ਮੋਦੀ ਜੀ ਦੀ ਮਨ ਦੀ ਬਾਤ ਗੋਦੀ ਮੀਡੀਆ ਨੂੰ ਆਕਰਸ਼ਿਤ ਕਰ ਰਹੀਂ ਹੈ। ਇਹੀ ਉਹਨਾਂ ਲਈ ਸਭ ਤੋਂ ਵੱਡੀ ਖ਼ਬਰ ਹੈ ।ਸਰਕਾਰ ਖ਼ਾਮੋਸ਼ ਹੈ। ਮਹਿਲਾ ਕਮਿਸ਼ਨ ਦਾ ਕੋਈ ਅਰਥ ਨਹੀਂ ਸੀ , ਕਿਉਂਕਿ ਇਹ ਸਰਕਾਰ ਅਧੀਨ ਹੈ। ਹਿੰਦੂ ਸਮਾਜ ਅਤੇ ਇਸ ਦੀਆਂ ਸੰਸਥਾਵਾਂ ਲਈ ਇਹ ਕੋਈ ਘਟਨਾ ਨਹੀਂ ਹੈ, ਕਿਉਂਕਿ ਇਹ ਦਲਿਤ ਬੱਚੀ ਨਾਲ ਵਾਪਰੀ ਹੈ।ਯੋਗੀ ਦੇ ਕਹਿਣ ਮੁਤਾਬਿਕ, ਹਾਥਰਸ ਕਾਂਡ ਗੈਂਗਰੇਪ ਨਾ ਹੋ ਕੇ ਉਸ ਦੀ ਸਰਕਾਰ ਵਿਰੁੱਧ ਇੱਕ ਛੜਯੰਤਰ ਹੈ। ਇਹ ਛੜਯੰਤਰ ਵਾਲੀ ਥਿਊਰੀ ਸਾਰਾ ਦੇਸ਼ ਦਿੱਲੀ ਦੰਗਿਆਂ ਦੇ ਕੇਸ ਵਿੱਚ ਵੀ ਦੇਖ ਚੁੱਕਾ ਹੈ। ਹੁਣ ਉਹੋ ਕੁਝ ਯੂ ਪੀ ਵਿੱਚ ਦੁਹਰਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ।

ਸਵਾਲ ਇਹ ਹੈ ਕਿ ਕੀ ਕੇਂਦਰੀ ਐਸ ਸੀ/ਐਸ ਟੀ ਕਮਿਸ਼ਨ ਉੱਤਰ ਪ੍ਰਦੇਸ਼ ਕਮਿਸ਼ਨ ਦੇ ਮੈਂਬਰ ਇਸ ਘਟਨਾ ਤੋਂ ਅਣਜਾਣ ਸਨ ਜਾਂ ਜਾਣ ਬੁੱਝ ਕੇ ਇਸ ਘਟਨਾ ਦਾ ਨੋਟਿਸ ਲੈ ਕੇ ਕਾਰਵਾਈ ਨਹੀਂ ਕੀਤੀ। ਕੰਗਨਾ ਰਨੌਤ ਦੇ ਮਾਮਲੇ ਵਿਚ ਮਹਿਲਾ ਕਮਿਸ਼ਨ ਨੇ ਆਪਣੇ ਆਪ ਮਹਾਰਾਸ਼ਟਰ ਸਰਕਾਰ ਖ਼ਿਲਾਫ਼ ਨੋਟਿਸ ਲਿਆ । ਇੱਥੇ ਇਕ ਦਲਿਤ ਔਰਤ ਦਾ ਬਲਾਤਕਾਰ ਕਰਕੇ ਅਧਮੋਇਆ ਕਰ ਦਿੱਤਾ। ਮਰਨ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਨੇ ਲਾਸ਼ ਨੂੰ ਪਰਿਵਾਰ ਦੀ ਰਜ਼ਾਮੰਦੀ ਬਿਨਾਂ ਫੂਕ ਦਿੱਤਾ। ਪਰ ਮਹਿਲਾ ਕਮਿਸ਼ਨ ਨੇ ਕੋਈ ਕਾਰਵਾਈ ਨਹੀਂ ਕੀਤੀ? ਕਿਉਂ ? ਕਿਉਂਕਿ ਕੁੜੀ ਇੱਕ ਦਲਿਤ ਸੀ ?

ਇਸ ਅਜੋਕੇ ਪ੍ਰਬੰਧ ਵਿਚ ਜਿਸ ਨੂੰ ਸਭਿਅਕ ਸਮਾਜ ਕਿਹਾ ਜਾਂਦਾ ਹੈ, ਵਿੱਚ ਦਲਿਤਾਂ ਲਈ ਕੋਈ ਜਗਾ ਨਹੀਂ ਹੈ ? ਪੀੜਤ ਲੜਕੀ ਬਾਰੇ ਐਫ ਆਈ ਆਰ ਇੱਕ ਹਫ਼ਤੇ ਤੋਂ ਵੱਧ ਸਮੇਂ ਬਾਅਦ ਦਰਜ ਕੀਤੀ ਗਈ । ਕੀ ਅਸੀਂ ਆਸ ਰੱਖਦੇ ਹਾਂ ਕਿ ਜੋਗੀ ਦਲਿਤ ਸਮਾਜ ਦੀ ਪੀੜਤਾ ਨੂੰ ਇਨਸਾਫ ਦਿਵਾ ਸਕੇਗਾ ?

ਡਾ: ਭੀਮ ਰਾਓ ਅੰਬੇਦਕਰ ਨੇ ਸੰਵਿਧਾਨ ਸਭਾ ਵਿੱਚ ਕਿਹਾ ਸੀ ਕਿ ਜੋ ਵੀ ਸੰਵਿਧਾਨ ਚੰਗਾ ਹੈ, ਜੇ ਇਸ ਨੂੰ ਚਲਾਉਣ ਵਾਲੇ ਲੋਕ ਚੰਗੇ ਨਹੀਂ ਹੁੰਦੇ ਤਾਂ ਇਸ ਦਾ ਪ੍ਰਭਾਵ ਜ਼ੀਰੋ ਹੋਵੇਗਾ।ਇਹੀ ਅੱਜ ਵਾਪਰ ਰਿਹਾ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ ਸੀ ਆਰ ਬੀ) ਅਨੁਸਾਰ, ਸਾਲ ੨੦੧੯ ਵਿੱਚ ੧,੫੬,੩੨੭ ਬਲਾਤਕਾਰ ਦੇ ਮਾਮਲਿਆਂ ਵਿੱਚ ਮੁਕਦਮੇ ਦੀ ਸੁਣਵਾਈ ਹੋਈ । ਇਨਾਂ ਵਿੱਚੋਂ ੧੭,੩੧੩ ਮਾਮਲਿਆਂ ਵਿੱਚ ਸੁਣਵਾਈ ਪੂਰੀ ਹੋਈ ਅਤੇ ਦੋਸ਼ੀਆਂ ਨੂੰ ਸਿਰਫ਼ ੪,੭੦੯ ਮਾਮਲਿਆਂ ਵਿੱਚ ਹੀ ਸਜ਼ਾ ਦਿੱਤੀ ਗਈ। ਅੰਕੜਿਆਂ ਅਨੁਸਾਰ ੧੧,੧੩੩ ਮਾਮਲਿਆਂ ਵਿੱਚ ਮੁਲਜ਼ਮ ਬਰੀ ਹੋ ਗਏ ਜਦੋਂਕਿ ੧,੪੭੨ ਮਾਮਲਿਆਂ ਵਿੱਚ ਮੁਲਜ਼ਮਾਂ ਨੂੰ ਦੋਸ਼ ਮੁਕਤ ਕਰ ਦਿੱਤਾ।

ਐਨ.ਸੀ.ਆਰ.ਬੀ ੨੦੧੯ ਦੀ ਰਿਪੋਰਟ ਦੇ ਅਨੁਸਾਰ, ਅਪਰਾਧ ਦੇ ਮਾਮਲਿਆਂ ਵਿੱਚ ਉੱਤਰ ਪ੍ਰਦੇਸ਼ ਪਹਿਲੇ ਨੰਬਰ ਉੱਤੇ ਹੈ। ਜੇ ਅੱਜ ਐਨ.ਸੀ.ਆਰ.ਬੀ ੨੦੨੦ ਦੀ ਰਿਪੋਰਟ ਆਉਂਦੀ ਹੈ ਤਾਂ ਉੱਤਰ ਪ੍ਰਦੇਸ਼ ਵਿਸ਼ਵ ਦਾ ਸਭ ਤੋਂ ਵੱਧ ਜੁਰਮ ਵਾਲਾ ਸੂਬਾ ਹੋਵੇਗਾ। ਤੁਸੀਂ ਇਨਾਂ ਅੰਕੜਿਆਂ ਤੋਂ ਵੇਖ ਸਕਦੇ ਹੋ ਕਿ ਨਿਆਂਪਾਲਿਕਾ ਇਹਨਾਂ ਕੇਸਾਂ ਦੀ ਪੂਰੀ ਤਰਾਂ ਸੁਣਵਾਈ ਕਰਨ ਵਿਚ ਸਮਰੱਥ ਨਹੀਂ ਹੋ ਸਕੀ। ਉੱਤਰ ਪ੍ਰਦੇਸ਼ ਨੇ ਜੁਰਮਾਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

ਹਥਰਸ ਦੀ ਘਟਨਾ ਸਿਰਫ਼ ਦਲਿਤਾਂ 'ਤੇ ਅੱਤਿਆਚਾਰਾਂ ਦਾ ਹੀ ਇਕ ਪ੍ਰਤੀਬਿੰਬ ਹੈ, ਪਰ ਇਹ ਸਮੂਹਿਕ ਬਲਾਤਕਾਰ ਦੀਆਂ ਹੋਰ ਘਟਨਾਵਾਂ ਤੋਂ ਵੀ ਅੱਗੇ ਜਾਂਦੀ ਹੈ ਜਿੱਥੇ ਪੀੜਤਾਂ ਦੀ ਜ਼ੁਬਾਨ ਕੱਟ ਦਿੱਤੀ ਗਈ, ਰੀੜ ਦੀ ਹੱਡੀ ਤੋੜ ਦਿੱਤੀ ਜਾਂਦੀ ਹੈ ।

ਸਭ ਤੋਂ ਵੱਡਾ ਸੁਆਲ ਗੋਦੀ ਮੀਡੀਆ ਤੇ ਹੈ ਜੋ ਔਰਤਾਂ ਦੇ ਅਧਿਕਾਰਾਂ ਬਾਰੇ ਗੱਲ ਕਰ ਰਹੇ ਹਨ, ਪਰ ਦਲਿਤ ਮੁੱਦਿਆਂ ਬਾਰੇ ਆਪਣਾ ਮੂੰਹ ਬੰਦ ਰੱਖਦੇ ਹਨ। ਇਹੀ ਤਾਂ ਮਨੂਵਾਦ ਤੇ ਨਸਲਵਾਦ ਹੈ। ਸਾਰਾ ਪ੍ਰਬੰਧ ਮਨੂਵਾਦੀ ਸਿਧਾਂਤ 'ਤੇ ਟਿਕਿਆ ਹੈ । ਇਹ ਲੰਬੀ ਗ਼ੁਲਾਮੀ ਦੀ ਖੇਡ ਹੈ। ਬਹੁਜਨ ਸਮਾਜ ਹਾਲੇ ਇਸ ਨੂੰ ਪੜ ਨਹੀਂ ਸਕਿਆ। ਤੰਤਰ ਬਦਲਣ ਬਿਨਾਂ ਮੁਕਤੀ ਨਹੀਂ ਹੋ ਸਕਦੀ। ਦਲਿਤ ਸਮਾਜ ਜਿਨਾਂ ਚਿਰ ਗੁਰੂ ਗ੍ਰੰਥ ਸਾਹਿਬ ਦੇ ਲੜ ਨਹੀਂ ਲਗਦਾ ਉਨਾਂ ਚਿਰ ਉਨਾਂ ਨੂੰ ਆਪਣੀ ਮੁਕਤੀ ਦਾ ਮਾਰਗ ਸਮਝ ਨਹੀਂ ਪੈ ਸਕਦਾ।

## ਦੇਵਤਿਆਂ ਤੋਂ ਇਨਸਾਫ਼ ਦੀ ਉਮੀਦ ਨਹੀਂ

ਦੇਵਤਿਆਂ ਤੋਂ ਇਨਸਾਫ਼ ਦੀ ਉਮੀਦ ਨਹੀਂ, ਦਲਿਤ ਭਰਾਵੋ: ਹਾਥਰਸ ਸਮੂਹਿਕ ਬਲਾਤਕਾਰ-ਕਤਲ ਕੇਸ ਵਿੱਚ ਯੋਗੀ ਸਰਕਾਰ ਪੀੜਤ ਪੱਖ ਦੇ ਵਿਰੁੱਧ ਖੜਾ ਦਿਖਾਈ ਦੇ ਰਿਹਾ ਹੈ। ਨਾਰਕੋ ਟੈਸਟ ਕਰਵਾਉਣ ਦਾ ਫ਼ੈਸਲਾ ਉਸਦੀ ਵੱਡੀ , ਮਜ਼ਬੂਤ ਅਤੇ ਤਾਜ਼ਾ ਉਦਾਹਰਨ ਹੈ। ਦੋਵਾਂ ਪਾਸਿਆਂ ਦਾ ਨਾਰਕੋ ਟੈਸਟ ਸਮਝ ਤੋਂ ਬਾਹਰ ਹੈ। ਨਾਰਕੋ ਟੈਸਟ ਤਾਂ ਕਰਵਾਇਆ ਜਾਂਦਾ ਹੈ ਤਾਂ ਕਿ ਝੂਠ ਫੜਿਆ ਜਾ ਸਕੇ। ਹਾਥਰਸ ਦੀ ਘਟਨਾ ਵਿੱਚ ਬਲਾਤਕਾਰ ਪੀੜਤਾਂ ਦੀ ਮੌਤ ਤੋਂ ਵੱਧ ਕੁਝ ਹੋਰ ਸੱਚ ਨਹੀਂ ਹੋ ਸਕਦਾ। ਮਰਨ ਤੋਂ ਪਹਿਲਾਂ, ਪੀੜਤਾਂ ਨੇ ਗੈਂਗ-ਬਲਾਤਕਾਰੀਆਂ ਦੇ ਨਾਮ ਦੱਸੇ ਹਨ। ਇਹ ਪੀੜਤਾਂ ਦਾ ਮਰਨ ਤੋਂ ਪਹਿਲਾਂ ਦਾ ਬਿਆਨ ਹੈ। ਇਸ ਬਿਆਨ ਉੱਪਰ ਕਿਸੇ ਨੂੰ ਵੀ ਕਾਨੂੰਨੀ ਤੌਰ 'ਤੇ ਸ਼ੱਕ ਕਰਨ ਦਾ ਅਧਿਕਾਰ ਨਹੀਂ ਹੈ, ਇੱਥੋਂ ਤਕ ਕਿ ਪੁਲਿਸ ਨੂੰ ਵੀ ਨਹੀਂ। ਅਜਿਹੀ ਸਥਿਤੀ ਵਿੱਚ, ਪੀੜਤ ਧਿਰ ਦਾ ਨਾਰਕੋ ਟੈਸਟ ਕਰਵਾਉਣਾ ਦਰਸਾਉਂਦਾ ਹੈ ਕਿ ਜੋਗੀ ਸਰਕਾਰ ਸ਼ੱਕੀ ਦੋਸ਼ੀ ਠਾਕੁਰਾਂ ਦੇ ਹਕ ਵਿਚ ਖੜੀ ਰਹੀਂ ਹੈ। ਜੋਗੀ ਦਾ ਹੁਣੇ ਜਿਹੇ ਬਿਆਨ ਆਇਆ ਕਿ ਠਾਕੁਰਾਂ ਦਾ ਖ਼ੂਨ ਗਰਮ ਹੁੰਦਾ ਹੈ। ਗ਼ਲਤੀ ਹੋ ਜਾਂਦੀ ਹੈ। ਇਹੋ ਜਿਹੇ ਗਰਮ ਖ਼ੂਨ ਦਾ ਇਲਾਜ ਇਹਨਾਂ ਦੇ ਲਿੰਗ ਵੱਢਣਾ ਹੀ ਹੋ ਸਕਦਾ ਹੈ। ਜਿਵੇਂ ਇਸਲਾਮਿਕ ਦੇਸ਼ਾਂ ਵਿਚ ਕੀਤਾ ਜਾਂਦਾ ਹੈ। ਪਰ ਭਾਰਤ ਵਿਚ ਦਲਿਤਾਂ ਨੂੰ ਸਦੀਆਂ ਤੋਂ ਮਨੁੱਖ ਨਹੀਂ ਸਮਝਿਆ ਜਾਂਦਾ ਜਿਸਦੀ ਗਵਾਹ ਮਨੂ ਸਿਮਰਤੀ ਹੈ ਤਾਂ ਇਨਸਾਫ ਦੀ ਪ੍ਰਾਪਤੀ ਕਿਥੋਂ ਹੋ ਸਕਦੀ ਹੈ। ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ ਜੋ ਯੋਗੀ ਸਰਕਾਰ ਅਤੇ ਇਸ ਦੇ ਪ੍ਰਸ਼ਾਸਨ ਬਾਰੇ ਦਰਸਾਉਂਦੀਆਂ ਹਨ ਕਿ ਇਹ ਸਮੂਹਕ ਬਲਾਤਕਾਰ ਪੀੜਤਾਂ ਦੇ ਖ਼ਿਲਾਫ਼ ਖੜੇ ਹਨ।

ਪੀੜਤਾਂ ਦੇ ਸਸਕਾਰ ਮੌਕੇ ਪੂਰੇ ਹਾਥਰਸ ਨੂੰ ਪੁਲਿਸ ਛਾਉਣੀ ਵਿਚ ਬਦਲ ਦਿੱਤਾ ਗਿਆ ਜਿਵੇਂ ਕਿਸੇ ਕਸ਼ਮੀਰ ਜਿਹਾਦੀ ਦੇ ਸਸਕਾਰ ਮੌਕੇ ਕੀਤਾ ਜਾਂਦਾ ਹੈ। ਐਸ ਆਈ ਟੀ ਨੇ ਕਰਫਿਊ-ਵਰਗੇ ਮਾਹੌਲ ਵਿਚ ਕਥਿਤ ਤੌਰ 'ਤੇ ਜਾਂਚ ਕੀਤੀ, ਜਿਸ ਨੂੰ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ੩੦ ਸਤੰਬਰ ਦੌਰਾਨ ਬਣਾਇਆ ਸੀ। ਪਰ ਇਹ ਕਿਸ ਤਰਾਂ ਦੀ ਜਾਂਚ ਸੀ ਕਿ ਪੀੜਤ ਪਰਿਵਾਰ ਨੂੰ ਸਮਾਜ ਤੋਂ ਅਲੱਗ ਰੱਖਿਆ ਗਿਆ। ਉਨਾਂ ਦੇ ਮੋਬਾਈਲ ਫ਼ੋਨ ਖੋਹ ਲਏ ਗਏ। ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਕਿਸੇ ਵੀ ਪੱਤਰਕਾਰਾਂ ਨੂੰ ਰਿਪੋਰਟ ਕਰਨ ਦੀ ਆਗਿਆ ਨਹੀਂ ਸੀ। ਇੰਝ ਜਾਪ ਰਿਹਾ ਸੀ ਕਿ ਯੂ ਪੀ ਵਿਚ ਹਿਟਲਰ ਦੇਵਤੇ ਨੇ ਅਵਤਾਰ ਧਾਰ ਲਿਆ ਹੋਵੇ। ਇਹ ਘਟਨਾਵਾਂ ਅਜਿਹਾ ਸੰਦੇਸ਼ ਦੇ ਰਹੀਆਂ ਸਨ ਕਿ ਪੀੜਤ ਪਰਿਵਾਰ ਨਾਲ ਇਨਸਾਫ਼ ਨਹੀਂ ਹੋਵੇਗਾ।

ਕਾਂਗਰਸ ਨੇਤਾ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਹਥਰਾਸ ਨਹੀਂ ਜਾ ਸਕੇ ਸਨ, ਕਿਉਂਕਿ ਪੁਲਿਸ ਵਲੋਂ ਉਨਾਂ ਨਾਲ ਧੱਕਾ ਕੀਤਾ ਗਿਆ,ਕੁੱਟਮਾਰ ਕੀਤੀ ਗਈ ਤੇ ਜ਼ਲੀਲ ਕੀਤਾ ਗਿਆ। ਭਾਰੀ ਪੁਲਿਸ ਬਲਾਂ ਨੇ ਪੀੜਤ ਪਰਿਵਾਰ ਲਈ ਹਮਦਰਦੀ ਕਰਨ ਵਾਲਿਆਂ ਨੂੰ ਹਾਥਰਸ ਜਾਣ ਤੋਂ ਰੋਕਿਆ ਗਿਆ ਅਤੇ ਹੁਣ ਉਨਾਂ ਤੇ ਉਲਟ ਦੋਸ਼ ਲਗਾਏ ਗਏ ਹਨ ਕਿ ਇਹ ਮਾਮਲੇ ਨੂੰ ਭੜਕਾਉਣਾ ਚਾਹੁੰਦੇ ਹਨ। ਇਸ ਤੋਂ ਜ਼ਾਹਿਰ ਕਿ ਯੋਗੀ ਸਰਕਾਰ ਪੀੜਤ ਪਰਿਵਾਰ ਦੇ ਸਮਰਥਕਾਂ ਨੂੰ ਡਰਾ ਕੇ ਰੱਖਣਾ ਚਾਹੁੰਦੀ ਹੈ। ਇਨਸਾਫ਼ ਦੇਣ ਦੇ ਹੱਕ ਵਿਚ ਨਹੀਂ। ਯੋਗੀ ਸਰਕਾਰ ਦਾ ਇਹ ਜ਼ਾਲਮਾਨਾ ਤੇ ਅਣਮਨੁੱਖੀ ਵਰਤਾਰਾ ਸੀ ਜਦੋਂ ਪੀੜਤਾਂ ਨੂੰ ਰਾਤੋਂ ਰਾਤ ਹਾਥਰਸ ਲਿਜਾਇਆ ਗਿਆ ਪਰ ਉਸਦੇ 'ਅੰਤਮ ਸਸਕਾਰ' ਦੀ ਆਗਿਆ ਨਹੀਂ ਦਿੱਤੀ ਗਈ। ਇੱਕ ਮਾਂ ਦੀ ਬੇਨਤੀ ਨੂੰ ਠੁਕਰਾ ਦਿੱਤਾ ਗਿਆ ਕਿ ਉਹ ਆਖ਼ਰੀ ਵਾਰ ਆਪਣੀ ਧੀ ਦਾ ਚਿਹਰਾ ਵੇਖਣਾ ਚਾਹੁੰਦੀ ਸੀ। ਪੂਰਾ ਪਰਿਵਾਰ ਉਸ ਦੇ ਘਰ ਨੂੰ ਬੰਦ ਕਰ ਦਿੱਤਾ ਅਤੇ ਬਾਹਰ ਭਾਰੀ ਪੁਲਿਸ ਫੋਰਸ ਦਾ ਪਹਿਰਾ ਲਗਾ ਦਿੱਤਾ। ਜਲਨਸ਼ੀਲ ਪਦਾਰਥ ਨਾਲ ਪੀੜਤਾਂ ਦੀ ਲਾਸ਼ ਨੂੰ ਫੂਕ ਦਿੱਤਾ ਗਿਆ। ਇਹ ਕਿਸੇ ਵੀ ਦ੍ਰਿਸ਼ਟੀਕੋਣ ਤੋਂ 'ਸਸਕਾਰ' ਨਹੀਂ ਸੀ ਸਗੋਂ ਮਰ ਚੁੱਕੀ ਪੀੜਤਾਂ ਦਾ ਸਰਕਾਰ ਦੁਆਰਾ ਅਪਮਾਨ ਸੀ। ਇਸ ਬਾਰੇ ਇਲਾਹਾਬਾਦ ਹਾਈਕੋਰਟ ਨੇ ਨੋਟਿਸ ਜਾਰੀ ਕਰਕੇ ਇਨਸਾਫ਼ ਦੀ ਉਮੀਦ ਜਗਾਈ ਹੈ। ਕੋਰਟ ਕਾਰਨ ਰਾਹੁਲ ਤੇ ਪ੍ਰਿਅੰਕਾ ਨੂੰ ਹਾਥਰਸ ਜਾਣ ਦੀ ਇਜਾਜ਼ਤ ਮਿਲੀ ਹੈ। ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ੧੯ ਸਾਲਾ ਦਲਿਤ ਲੜਕੀ ਦੀ ਕਥਿਤ ਸਮੂਹਿਕ ਜਬਰ ਜਨਾਹ ਤੋਂ ਬਾਅਦ ਹੋਈ ਮੌਤ ਦੀ ਜਾਂਚ ਪੂਰੀ ਕਰ ਲਈ ਹੈ। ਅਧਿਕਾਰੀ ਨੇ ਕਿਹਾ ਕਿ ਇਸ ਤੋਂ ਬਾਅਦ ਪ੍ਰਸ਼ਾਸਨ ਨੇ ਮੀਡੀਆ ਨੂੰ ਪਿੰਡ ਵਿਚ ਦਾਖਲ ਹੋਣ 'ਤੇ ਲੱਗੀ ਪਾਬੰਦੀ ਹਟਾ ਦਿੱਤੀ ਹੈ। ਬਸਪਾ ਸੁਪਰੀਮੋ ਨੇ ਸੀ ਬੀ ਆਈ ਜਾਂਚ ਦੀ ਮੰਗ ਨਾ ਮੰਨਣ ਕਾਰਨ ਅੰਦੋਲਨ ਦੀ ਧਮਕੀ ਦਿੱਤੀ ਸੀ,ਉਹ ਮੰਗ ਯੋਗੀ ਸਰਕਾਰ ਨੇ ਮੰਨ ਲਈ ਹੈ। ਪਰ ਇਨਸਾਫ਼ ਬਹੁਤ ਦੂਰ ਦੀ ਗਲ ਹੈ। ਸਾਰਾ ਦੇਸ਼ ਜਾਣਦਾ ਹੈ ਕਿ ਇਸ ਸਮੇਂ ਸੀ ਬੀ ਆਈ ਕਿਸ ਲਈ ਕੰਮ ਕਰਦੀ ਹੈ। ਯੋਗੀ ਦੀ ਏਜੰਸੀ ਤੋਂ ਲੈ ਕੇ ਕੇਸ ਮੋਦੀ ਦੀ ਏਜੰਸੀ ਨੂੰ ਦੇਣ ਨਾਲ ਪੀੜਤ ਲਈ ਇਨਸਾਫ਼ ਦੀ ਗਰੰਟੀ ਨਹੀਂ ਕੀਤੀ ਜਾ ਸਕਦੀ। ਇਸ ਲਈ ਪਰਵਿਾਰ ਵੱਲੋਂ ਮੰਗ ਕੀਤੀ ਗਈ ਹੈ ਕਿ ਕੇਸ ਦੀ ਜਾਂਚ ਹਾਈਕੋਰਟ ਜਾਂ ਸੁਪਰੀਮ ਕੋਰਟ ਦੇ ਜੱਜ ਦੀ ਨਿਗਰਾਨੀ ਹੇਠ ਕਰਾਈ ਜਾਵੇ। ਹਾਲਾਂਕਿ ਹਾਲੀ ਤਜਰਬੇ ਤੋਂ ਕਿਹਾ ਨਹੀਂ ਜਾ ਸਕਦਾ ਕਿ ਇਨਸਾਫ਼ ਮਿਲ ਸਕੇਗਾ ਜਾਂ ਨਹੀਂ। ਇਸ ਸਮੇਂ ਤਾਂ ਇੱਕੋ ਇੱਕ ਸਚਾਈ ਇਹ ਹੈ ਕਿ ਨਿਆਂ ਦੇ ਹੱਕ ਵਿੱਚ ਉੱਠ ਰਹੀਆਂ ਅਵਾਜ਼ਾਂ ਕਿੰਨੀਆਂ ਦਮਦਾਰ ਹਨ, ਇਹੋ ਹੀ ਇਨਸਾਫ਼ ਦੀ ਗਰੰਟੀ ਹੋ ਸਕਦੀਆਂ ਹਨ।

**ਭੀਮਆਰਮੀਦੇਮੁਖੀਅਤੇਕਾਰਕੁਨਾਂਖ਼ਿਲਾਫ਼ਕੇਸ:**
ਹਾਥਰਸ ਵਿੱਚ ਜਬਰ-ਜ਼ਿਨਾਹ ਪੀੜਤਾਂ ਦੇ ਪਰਿਵਾਰ ਨੂੰ ਮਿਲਣ ਗਏ ਭੀਮ ਆਰਮੀ ਦੇ ਆਗੂ ਚੰਦਰ ਸ਼ੇਖਰ ਆਜ਼ਾਦ ਤੇ ਚਾਰ-ਪੰਜ ਸੌ ਅਣਪਛਾਤਿਆਂ ਖ਼ਿਲਾਫ਼ ਸੀ ਆਰ ਪੀ ਸੀ ਦੀ ਧਾਰਾ ੧੪੪ ਤੇ ਐਪੀਡੈਮਿਕ ਡਿਸੀਜ਼ਿਜ਼ ਐਕਟ ਦੀ ਉਲੰਘਣਾ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ ਹੈ।

## ਪੀੜਤ ਪਰਿਵਾਰ ਵੱਲੋਂ ਅਸਥੀਆਂ ਜਲ ਪ੍ਰਵਾਹ ਨਾ ਕਰਨ ਦਾ ਫ਼ੈਸਲਾ

ਹਾਥਰਸ ਪੀੜਤਾ ਦੇ ਪਰਿਵਾਰ ਨੇ ਲਿਆ ਹੈ ਕਿ ਉਹ ਆਪਣੀ ਧੀ ਦੀਆਂ ਅਸਥੀਆਂ ਨਹੀਂ ਤਾਰੇਗਾ। ਪੁਲਿਸ ਵੱਲੋਂ ੩੦ ਸਤੰਬਰ ਨੂੰ ਅੱਧੀ ਰਾਤ ਤੋਂ ਬਾਅਦ ਤਿੰਨ ਵਜੇ ਦੇ ਕਰੀਬ ਪੀੜਤਾਂ ਦਾ ਅੰਤਿਮ ਸਸਕਾਰ ਕੀਤੇ ਜਾਣ ਤੋਂ ਪਰਿਵਾਰ ਨਾਰਾਜ਼ ਹੈ। ਪੀੜਤਾਂ ਦੇ ਭਰਾ ਨੇ ਕਿਹਾ,'ਹਮਕੋ ਕਿਆ ਪਤਾ ਕੀ ਵੋਹੀ ਹਮਾਰੀ ਬਹਿਨ ਥੀ। ਅਸੀਂ ਤਾਂ ਉਸ ਦਾ ਆਖ਼ਰੀ ਵਾਰ ਮੂੰਹ ਤੱਕ ਨਹੀਂ ਦੇਖਿਆ। ਮੈਂ ਮਾਨਵੀ ਆਧਾਰ 'ਤੇ ਫੁੱਲ ਚੁਗੇ ਹਨ ਕਿਉਂਕਿ ਜੇ ਉਹ ਮੇਰੀ ਭੈਣ ਨਹੀਂ ਤਾਂ ਕਿਸੇ ਦੀ ਤਾਂ ਹੋਵੇਗੀ। ਮੈਂ ਅਸਥੀਆਂ ਨੂੰ ਠੋਕਰ ਨਹੀਂ ਮਾਰਨਾ ਚਾਹੁੰਦਾ।' ਭਰਾ ਨੇ ਕਿਹਾ ਕਿ ਉਹ ਨਾਰਕੋ-ਪੌਲੀਗ੍ਰਾਫ਼ ਟੈੱਸਟ ਨਹੀਂ ਦੇਣਗੇ ਕਿਉਂਕਿ ਉਹ ਝੂਠ ਨਹੀਂ ਬੋਲ ਰਹੇ ਹਨ। ਉਸ ਮੁਤਾਬਿਕ ਇਹ ਟੈੱਸਟ ਮੁਲਜ਼ਮਾਂ ਅਤੇ ਪੁਲਿਸ ਕਰਮੀਆਂ ਦਾ ਹੋਣਾ ਚਾਹੀਦਾ ਹੈ ਜੋ ਇਸ ਮਾਮਲੇ 'ਚ ਝੂਠ ਬੋਲ ਰਹੇ ਹਨ। ਯੂ ਪੀ ਸਰਕਾਰ ਨੇ ਪਰਿਵਾਰ ਨੂੰ ਸੁਰੱਖਿਆ ਦਿੱਤੀ: ਇਸ ਦੌਰਾਨ ਯੂ ਪੀ ਸਰਕਾਰ ਨੇ ਦਲਿਤ ਮਹਿਲਾ ਦੇ ਪਰਿਵਾਰ ਨੂੰ ਸੁਰੱਖਿਆ ਮੁਹੱਈਆ ਕਰਵਾਈ ਹੈ। ਪੀੜਤਾਂ ਦੇ ਭਰਾ ਨੂੰ ਦੋ ਸੁਰੱਖਿਆ ਕਰਮੀਂ ਦਿੱਤੇ ਗਏ ਹਨ। ਵਧੀਕ ਮੁੱਖ ਸਕੱਤਰ (ਗ੍ਰਹਿ) ਅਵਨਿਸ਼ ਕੁਮਾਰ ਅਵਸਥੀ ਨੇ ਦੱਸਿਆ ਕਿ ਪਿੰਡ 'ਚ ਪਰਿਵਾਰ ਦੀ ੨੪ ਘੰਟੇ ਸੁਰੱਖਿਆ ਲਈ ਪੀਏ ਸੀ ਦੇ ੧੨ ਤੋਂ ੧੫ ਜਵਾਨ ਤਾਇਨਾਤ ਕੀਤੇ ਗਏ ਹਨ।

# ਕੁਸ਼ਤੀਆਂ ਕਰਾਉਣ ਦੇ ਸ਼ੌਕੀਨਾਂ ਦਾ ਪਿੰਡ

**- ਬਲਵਿੰਦਰ ਸਿੰਘ ਮਕੜੌਨਾ**

ਪਿੰਡ ਮਕੜੌਨਾ ਕਲਾਂ ਚਮਕੌਰ ਸਾਹਿਬ ਤੋਂ ਕਰੀਬ ਛੇ ਕਿੱਲੋਮੀਟਰ ਦੂਰੀ 'ਤੇ ਵਸਿਆ ਹੋਇਆ ਹੈ। ਇਹ ਪਿੰਡ ਰੂਪਨਗਰ ਤੋਂ ੧੭ ਕਿੱਲੋਮੀਟਰ ਅਤੇ ਚੰਡੀਗੜ ਤੋਂ ੪੨ ਕਿੱਲੋਮੀਟਰ ਦੀ ਦੂਰੀ 'ਤੇ ਹੈ। ਪਿੰਡ ਦਾ ਨਾਂ ਮਕੜੌਨਾ ਪੈਣ ਬਾਰੇ ਕਿਹਾ ਜਾਂਦਾ ਹੈ ਕਿ ਮੱਲ ਸਿੰਘ ਅਤੇ ਹਾਕਮ ਸਿੰਘ ਨਾਂ ਦੇ ਦੋ ਅਮੀਰ ਭਰਾ ਸਨ। ਉਹ ਲੋਕਾਂ ਨੂੰ ਕਰਜ਼ਾ ਦਿੰਦੇ ਸਨ ਪਰ ਰਕਮ ਵਾਪਸ ਲੈਣ ਸਬੰਧੀ ਜ਼ਿਆਦਾ ਦਬਾਅ ਨਹੀਂ ਪਾਉਂਦੇ ਸਨ। ਪਰਿਵਾਰ ਵਾਲੇ ਕਰਜ਼ੇ ਦੀ ਵਸੂਲੀ ਨਾ ਹੋਣ ਕਾਰਨ ਭਾਵੇਂ ਇਸ ਗੱਲ ਦਾ ਵਿਰੋਧ ਕਰਦੇ ਪਰ ਦਿਆਲੂ ਹੋਣ ਕਾਰਨ ਉਨਾਂ ਨੇ ਲੋਕਾਂ ਨੂੰ ਕਰਜ਼ਾ ਦੇਣਾ ਬੰਦ ਨਾ ਕੀਤਾ। ਉਂਝ ਉਹ ਲੋੜਵੰਦ ਨੂੰ ਪੈਸੇ ਦੇਣ ਵੇਲੇ ਕਹਿੰਦੇ ਕਿ ਪੈਸੇ ਤਾਂ ਲੈ ਜਾ ਪਰ ਮੁੱਕਰੀ ਨਾ। ਲੋਕ ਵੀ ਉਨਾਂ ਲਈ 'ਮੁੱਕਰੀ ਨਾ' ਸ਼ਬਦ ਦਾ ਪ੍ਰਯੋਗ ਕਰਨ ਲੱਗ ਪਏ। ਇਸੇ 'ਮੁੱਕਰੀ ਨਾ' ਸ਼ਬਦ ਤੋਂ 'ਮੁਕਰੀਨਾ' ਅਤੇ ਫਿਰ 'ਮਕੜੌਨਾ' ਬਣ ਗਿਆ। ਇਸੇ ਤਰਾਂ ਮਕੜੌਨਾ ਕਲਾਂ ਅਤੇ ਮਕੜੌਨਾ ਖ਼ੁਰਦ ਪਿੰਡ ਵੱਸ ਗਏ। ਪਿੰਡ ਵਿੱਚ ਪੱਤੀਆਂ ਦਾ ਰੁਝਾਨ ਵੀ ਰਿਹਾ ਹੈ। ਇੱਥੇ ਕੁਝ ਸਮਾਂ 'ਤ੍ਰਿਲੋਕ ਸਿੰਘ' ਅਤੇ 'ਬੁੱਧ ਸਿੰਘ' ਨਾਂ ਦੀਆਂ ਦੋ ਪੱਤੀਆਂ ਸਨ। ਹੁਣ ਪੱਤੀਆਂ ਦੀ ਜਗਾ ਵਾਰਡਾਂ ਨੇ ਲੈ ਲਈ। ਨਵੀਂ ਵਾਰਡਬੰਦੀ ਅਨੁਸਾਰ ਪਿੰਡ ੭ ਵਾਰਡਾਂ ਵਿੱਚ ਵੰਡਿਆ ਹੋਇਆ ਹੈ। ਪਿੰਡ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਪਿੰਡ ਵਿੱਚ ਬਸਾਂਤੀ, ਖਟੜਾ, ਸਹਿਗਲ, ਮੇਹੋ, ਸ਼ੁਕਲਾ, ਧਰਾਨ, ਮੁੰਡੇ, ਗੀਹਲ, ਭਾਰਦਵਾਜ, ਅਗਨੀਹੋਤਰੀ, ਝੂੰਡ, ਸਹੋਤਾ, ਧਾਲੀਵਾਲ, ਧਾਰੀਵਾਲ, ਖ਼ਾਸ ਤੇ ਸੰਗਰ ਆਦਿ ਗੋਤਾਂ ਨਾਲ ਸਬੰਧਿਤ ਲੋਕ ਰਹਿੰਦੇ ਹਨ।

ਪਿੰਡ ਦੇ ਬਾਹਰਵਾਰ ਗੁਰਦੁਆਰਾ ਸ਼ਹੀਦ ਬਾਬਾ ਬਲਾਕਾ ਸਿੰਘ ਹੈ। ਇਤਿਹਾਸ ਵਿੱਚ ਇਸ ਗੁਰਦੁਆਰੇ ਬਾਰੇ ਜ਼ਿਕਰ ਆਉਂਦਾ ਹੈ ਕਿ ਇਸ ਸਥਾਨ 'ਤੇ ਕੁਝ ਸਮਾਂ ਰਹਿਣ ਵਾਲੇ ਬਾਬਾ ਬਲਾਕਾ ਸਿੰਘ ਨੂੰ ਜਦੋਂ ਮੱਸੇ ਰੰਗੜ ਵੱਲੋਂ ਕੀਤੀ ਬੇਅਦਬੀ ਤੇ ਜ਼ੁਲਮਾਂ ਦਾ ਪਤਾ ਲੱਗਿਆ ਤਾਂ ਉਨਾਂ ਇਸ ਜ਼ੁਲਮ ਵਿਰੁੱਧ ਟੱਕਰ ਲੈਣ ਦੀ ਸੋਚੀ ਪਰ ਉਨਾਂ ਦੇ ਇੱਕ ਸਾਥੀ ਸਿੰਘ ਨੇ ਕਿਹਾ ਕਿ ਉਹ ਦੋਵੇਂ ਮੱਸੇ ਦੀ ਵੱਡੀ ਗਿਣਤੀ ਫ਼ੌਜ ਦਾ ਮੁਕਾਬਲਾ ਨਹੀਂ ਕਰ ਸਕਦੇ। ਉਨਾਂ ਫ਼ੈਸਲਾ ਕੀਤਾ ਕਿ ਅਜਿਹਾ ਕੁਝ ਕੀਤਾ ਜਾਵੇ ਕਿ ਮੱਸੇ ਦੀ ਮੌਤ ਵੀ ਹੋ ਜਾਵੇ ਅਤੇ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਬਦਲਾ ਵੀ ਲਿਆ ਜਾ ਸਕੇ। ਇਸ ਲਈ ਉਨਾਂ ਨੇ ਦਲ ਖ਼ਾਲਸਾ ਤੱਕ ਇਹ ਖ਼ਬਰ ਪਹੁੰਚਾਉਣ ਬਾਰੇ ਸੋਚਿਆ। ਦਲ ਖ਼ਾਲਸਾ ਦੇ ਮੈਂਬਰ ਉਸ ਸਮੇਂ ਰਾਜਸਥਾਨ ਵਿੱਚ ਬੀਕਾਨੇਰ ਦੇ ਨਜ਼ਦੀਕ ਸਨ। ਰਾਤ ਸਮੇਂ ਬਾਬਾ ਬਲਾਕਾ ਸਿੰਘ ਆਪਣੇ ਸਿੰਘ ਸਾਥੀ ਸਮੇਤ ਅਰਦਾਸ ਕਰਕੇ ਤੁਰ ਪਏ। ਸਫ਼ਰ ਤੈਅ ਕਰਦੇ ਉਹ ਮਾਲਵੇ ਨੂੰ ਹੁੰਦੇ ਹੋਏ ਬੀਕਾਨੇਰ ਜਾ ਪੁੱਜੇ। ਦਲ ਖ਼ਾਲਸਾ ਨੂੰ ਸੁਨੇਹਾ ਪੁੱਜਦਾ ਕਰਨ ਲਈ ਹਨੂੰਮਾਨਗੜ ਪੁੱਜੇ ਜਿੱਥੇ ਉਨਾਂ ਨੂੰ ਪਤਾ ਲੱਗਿਆ ਕਿ ਬੁੱਢਾ ਜੋਹੜ ਕੋਲ ਕੁਝ ਸਿੰਘ ਰਹਿੰਦੇ ਹਨ। ਜਦੋਂ ਪੰਜਾਬ ਦੇ ਹਾਲਾਤ ਬਾਰੇ ਗੱਲ ਛਿੜੀ ਤਾਂ ਉਨਾਂ ਸਭ ਦੱਸ ਦਿੱਤਾ ਕਿ ਮੱਸੇ ਰੰਗੜ ਨੇ ਹਰਿਮੰਦਰ ਸਾਹਿਬ ਦੀ ਕਿਸ ਤਰਾਂ ਬੇਅਦਬੀ ਕੀਤੀ ਹੈ। ਇਹ ਸੁਣ ਕੇ ਸਿੰਘਾਂ ਦਾ ਖ਼ੂਨ ਖੌਲਣ ਲੱਗ ਪਿਆ। ਉਨਾਂ ਮੱਸੇ ਰੰਗੜ ਨੂੰ ਸਬਕ ਸਿਖਾਉਣ ਦਾ ਫ਼ੈਸਲਾ ਕੀਤਾ। ਇਸ ਮਗਰੋਂ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਮੱਸੇ 'ਤੇ ਹਮਲਾ ਕਰਕੇ ਉਸ ਨੂੰ ਮਾਰ ਮੁਕਾਇਆ। ਮਕੜੌਨਾ ਕਲਾਂ ਦੇ ਗੁਰਦੁਆਰੇ ਵਿੱਚ ਕੁਝ ਸਮਾਂ ਬਾਬਾ ਗੁਰਦਰਸ਼ਨ ਸਿੰਘ ਨੇ ਵੀ ਸੇਵਾ ਨਿਭਾਈ। ਹੁਣ ਹਰ ਸਾਲ ਜੇਠ ਦੀ ਦਸਵੀਂ ਨੂੰ ਬਾਬਾ ਗੁਰਦਰਸ਼ਨ ਸਿੰਘ ਦੀ ਬਰਸੀ ਮਨਾਈ ਜਾਂਦੀ ਹੈ। ਇਸ ਦੌਰਾਨ ਵੱਡੀ ਗਿਣਤੀ ਸੰਗਤ ਨਤਮਸਤਕ ਹੁੰਦੀ ਹੈ। ਪਿੰਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਾਸਟਰ ਜਰਨੈਲ ਸਿੰਘ ਦੀ ਪ੍ਰਧਾਨਗੀ ਹੇਠ ਸੁਚੱਜੇ ਢੰਗ ਨਾਲ ਗੁਰਦੁਆਰੇ ਦੀ ਸੇਵਾ ਨਿਭਾਅ ਰਹੀ ਹੈ। ਪਿੰਡ ਵਿੱਚ ਇੱਕ ਹੋਰ ਗੁਰਦੁਆਰਾ, ਬਾਬਾ ਹਰੀ ਸਿੰਘ ਦਾ ਸਥਾਨ ਤੇ ਮੰਦਰ ਹੈ।

ਲਗਪਗ ੧੨੦੦ ਆਬਾਦੀ ਵਾਲੇ ਇਸ ਪਿੰਡ ਦੀ ਖ਼ਾਸੀਅਤ ਹੈ ਕਿ ਪਿਛਲੀ ਇੱਕ ਸਦੀ ਤੋਂ ਵੱਧ ਸਮੇਂ ਤੋਂ ਇੱਥੇ ਕੁਸ਼ਤੀ ਦੀ ਰੀਤ ਚੱਲੀ ਆ ਹੈ। ਪਹਿਲਾਂ ਕੁਸ਼ਤੀਆਂ ਦੇਖਣ ਲਈ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਹੋ ਜਾਂਦਾ ਸੀ। ਪੁਰਾਣੇ ਬਜ਼ੁਰਗ ਦੱਸਦੇ ਹਨ ਕਿ ਲੋਕਾਂ ਨੂੰ ਕਾਬੂ ਕਰਨ ਲਈ ਜ਼ਿਲੇ ਵਿੱਚੋਂ ਪੁਲੀਸ ਬੁਲਾਉਣੀ ਪੈਂਦੀ ਸੀ ਅਤੇ ਪੁਲੀਸ ਤਿੰਨ ਦਿਨ ਘੋੜਿਆਂ 'ਤੇ ਸਵਾਰ ਹੋ ਕੇ ਗਸ਼ਤ ਕਰਦੀ ਸੀ। ਕਿਹਾ ਜਾਂਦਾ ਹੈ ਕਿ ਪੁਰਾਣੇ ਸਮੇਂ ਦੇ ਪਹਿਲਵਾਨ ਇਸ ਪਿੰਡ ਤੋਂ ਚੰਗਾ ਮਾਣ ਸਨਮਾਨ ਅਤੇ ਮਾਇਕ ਸਹਾਇਤਾ ਮਿਲਣ ਕਾਰਨ ਕੁਸ਼ਤੀ ਤੋਂ ਕਈ ਦਿਨ ਪਹਿਲਾਂ ਹੀ ਪਿੰਡ ਵਿੱਚ ਡੇਰੇ ਲਾ ਲੈਂਦੇ ਸਨ। ਪੰਜਾਬ ਤੋਂ ਤਾਂ ਇੱਥੇ ਨਾਮੀ ਪਹਿਲਵਾਨ ਆਉਂਦੇ ਹੀ ਸਨ ਸਗੋਂ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਦਿੱਲੀ ਤੋਂ ਵੀ ਇੱਥੇ ਪਹਿਲਵਾਨ ਆ ਕੇ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਸਨ। ਪੁਰਾਣੇ ਸਮਿਆਂ ਦੇ ਪਹਿਲਵਾਨਾਂ ਵਿੱਚ ਮਿਹਰਦੀਨ ਬੀਕਾਨੇਰ, ਦੌਲਾ ਤੇ ਫ਼ਜ਼ਲਾ, ਵਲਟੋਹਾ, ਸੰਤੋਖ ਰੰਧਾਵਾ, ਸਾਨਾ, ਪ੍ਰੀਤਮ ਕਾਮੀ, ਸੁਖਵੰਤ ਸਿੰਘ ਦਿੱਲੀ ਅਤੇ ਬਿੱਲਾ ਬਰਾੜ ਦੇ ਨਾਂ ਜ਼ਿਕਰਯੋਗ ਹਨ। ਕੁਸ਼ਤੀਆਂ ਦੇ ਨਾਲ-ਨਾਲ ਇਹ ਪਿੰਡ ਕੜਾਹੇ ਬਣਾਉਣ ਲਈ ਵੀ ਮਸ਼ਹੂਰ ਰਿਹਾ ਹੈ। ਅੱਜ ਦੇ ਸਮੇਂ ਵਿੱਚ ਕਾਰਖ਼ਾਨਿਆਂ ਵਿੱਚ ਖੜਕਦੇ ਲੋਹੇ ਦੀ ਆਵਾਜ਼ ਜਿੱਥੇ



ਲੋਕਾਂ ਨੂੰ ਬੁਰੀ ਲਗਦੀ ਹੈ, ਉੱਥੇ ਪੁਰਾਣੇ ਸਮੇਂ ਵਿੱਚ ਇੱਥੇ ਕੜਾਹੇ ਬਣਾਉਣ ਸਮੇਂ ਨਿਕਲਣ ਵਾਲੀ ਆਵਾਜ਼ ਲੋਕਾਂ ਨੂੰ ਮਿੱਠੀ ਲਗਦੀ ਸੀ। ਇਸ ਦਾ ਵੱਡਾ ਕਾਰਨ ਇਹ ਸੀ ਕਿ ਜਦੋਂ ਪਿੰਡ ਦਾ ਕੋਈ ਵਸਨੀਕ ਕਿਸੇ ਦੂਰ-ਦੁਰਾਡੇ ਪਿੰਡ ਜਾਂ ਸ਼ਹਿਰ ਜਾਂਦਾ ਤਾਂ ਆਪਣੇ ਪਿੰਡ ਦਾ ਨਾਂ ਦੱਸਣ 'ਤੇ ਉਸ ਨੂੰ ਕੜਾਹੇ ਬਣਾਉਣ ਲਈ ਮਸ਼ਹੂਰ ਪਿੰਡ ਦਾ ਜ਼ਿਕਰ ਜ਼ਰੂਰ ਸੁਣਨ ਨੂੰ ਮਿਲਦਾ। ਦੂਰ-ਦੁਰਾਡੇ ਸਥਾਨਾਂ ਤੋਂ ਲੋਕ ਕੜਾਹੇ ਬਣਵਾਉਣ ਲਈ ਇੱਥੇ ਆਉਂਦੇ। ਸਮੇਂ ਦੇ ਬਦਲਣ ਨਾਲ ਭਾਵੇਂ ਇਹ ਪਿਰਤ ਫਿੱਕੀ ਪੈ ਗਈ ਹੈ ਪਰ ਪੁਰਾਣੇ ਸਮੇਂ ਤੋਂ ਕੜਾਹਿਆਂ ਲਈ ਮਸ਼ਹੂਰ ਇੱਕ ਪਰਿਵਾਰ ਅੱਜ ਵੀ ਆਪਣੇ ਪੁਸ਼ਤੈਨੀ ਕਿੱਤੇ ਸਹਾਰੇ ਰੋਜ਼ੀ-ਰੋਟੀ ਦਾ ਹੀਲਾ ਕਰ ਰਿਹਾ ਹੈ।

ਇਸ ਪਿੰਡ ਵਿੱਚ ਪ੍ਰਾਇਮਰੀ ਸਕੂਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਨ। ਇਸ ਤੋਂ ਇਲਾਵਾ ਡਾਕਘਰ, ਪੰਚਾਇਤ ਘਰ, ਪੰਜਾਬ ਰਾਜ ਬਿਜਲੀ ਬੋਰਡ ਦਫ਼ਤਰ ਤੇ ਪੰਜਾਬ ਗ੍ਰਾਮੀਣ ਬੈਂਕ ਦੀ ਸਹੂਲਤ ਵੀ ਹੈ। ਪਿੰਡ ਤੋਂ ਬਾਹਰ ਘਰ ਬਣਾਉਣ ਦੇ ਰੁਝਾਨ ਕਾਰਨ ਪੁਰਾਣੇ ਸਮੇਂ ਤੋਂ ਬਣੇ ਪੂਰਬ ਅਤੇ ਪੱਛਮ ਦਿਸ਼ਾ ਦੇ ਦਰਵਾਜ਼ੇ ਜਿਨਾਂ ਦੀ ਹਾਲਤ ਅੱਜ ਵੀ ਚੰਗੀ ਹੈ, ਹੁਣ ਪਿੰਡ ਦੇ ਕੇਂਦਰ ਵਿੱਚ ਪੁੱਜ ਗਏ ਹਨ। ਕਿਸੇ ਸਮੇਂ ੧੫ ਦਿਨ ਦੇ ਮੀਂਹ ਦੇ ਪਾਣੀ ਨੂੰ ਸਮਾਉਣ ਵਾਲਾ ਅਤੇ ਹੜਾਂ ਦੇ ਮਾੜੇ ਸਮਿਆਂ ਵਿੱਚ ਪਿੰਡ ਦੀ ਰੱਖਿਆ ਕਰਨ ਵਾਲਾ ਢਾਬ ਹੁਣ ਇੱਕ ਦਿਨ ਦੇ ਮੀਂਹ ਨਾਲ ਨੱਕੋ-ਨੱਕ ਭਰ ਜਾਂਦਾ ਹੈ। ਟੋਭਿਆਂ ਦੀ ਚਾਰਦੀਵਾਰੀ ਦਾ ਆਧੁਨਿਕ ਢੰਗ ਨਾਲ ਨਾ ਹੋਣਾ ਬਰਸਾਤ ਦੇ ਦਿਨਾਂ ਵਿੱਚ ਸਮੱਸਿਆ ਪੇਸ਼ ਕਰਦਾ ਹੈ। ਪਿੰਡ ਵਿੱਚ ਗਲੀਆਂ-ਨਾਲੀਆਂ ਪੱਕੀਆਂ ਹਨ ਪਰ ਸੜਕਾਂ ਸਬੰਧੀ ਰੱਖੇ ਨੀਂਹ ਪੱਥਰ ਧਰੇ-ਧਰਾਏ ਪਏ ਹਨ। ਮਕੜੌਨਾ ਖ਼ੁਰਦ, ਗੱਗੋਂ, ਰੁੜਕੀ ਹੀਰਾਂ ਤੇ ਸਲੇਮਪੁਰ ਆਦਿ ਪਿੰਡਾਂ ਨੂੰ ਜੋੜਨ ਵਾਲੀਆਂ ਲਿੰਕ ਸੜਕਾਂ ਭਾਵੇਂ ਪੱਕੀਆਂ ਹਨ ਪਰ ਡਹਿਰ ਅਤੇ ਉਇੰਦ ਪਿੰਡਾਂ ਨੂੰ ਜਾਣ ਲਈ ਪੱਕੀ ਸੜਕ ਬਣਨ ਦੇ ਰੱਖੇ ਗਏ ੨੬ ਸਾਲ ਪਹਿਲੇ ਨੀਂਹ ਪੱਥਰ ਸਚਮੁਚ ਪੱਥਰ ਬਣ ਕੇ ਹੀ ਰਹਿ ਗਏ। ਪਿੰਡ ਵਿੱਚ ਨੌਜਵਾਨਾਂ ਵੱਲੋਂ ਲਾਇਬਰੇਰੀ ਖੋਲਣ ਦੀ ਕਾਫ਼ੀ ਸਮੇਂ ਤੋਂ ਮੰਗ ਕੀਤੀ ਜਾ ਰਹੀ ਹੈ ਪਰ ਅਜੇ ਤੱਕ ਮੰਗ ਨੂੰ ਬੂਰ ਨਹੀਂ ਪਿਆ। ਹਸਪਤਾਲ ਅਤੇ ਪਸ਼ੂਆਂ ਦੇ ਹਸਪਤਾਲ ਦੀ ਸਹੂਲਤ ਲਈ ਪਿੰਡ ਵਾਸੀਆਂ ਨੂੰ ਨੇੜੇ ਦੇ ਕਸਬੇ ਅਤੇ ਸ਼ਹਿਰ ਜਾਣਾ ਪੈਂਦਾ ਹੈ। ਆਧੁਨਿਕ ਬੱਸ ਸਟੈਂਡ ਤੋਂ ਇਲਾਵਾ ਟੋਭਿਆਂ ਦੀ ਚਾਰਦੀਵਾਰੀ ਅਤੇ ਸ਼ਮਸ਼ਾਨ ਘਾਟ ਵੀ ਸਰਕਾਰੀ ਬੇਰੁਖ਼ੀ ਦਾ ਸ਼ਿਕਾਰ ਹਨ। ਹੱਡਾਰੋੜੀ ਨੂੰ ਘਰਾਂ ਦੇ ਨਜ਼ਦੀਕ ਤੋਂ ਚੁੱਕਣ ਦਾ ਕੰਮ ਵੀ ਹਾਲੇ ਠੰਢੇ ਬਸਤੇ ਵਿੱਚ ਹੈ। ਪਹਿਲਾਂ-ਪਹਿਲ ਪੀ ਆਰ ਟੀ ਸੀ ਦੀ ਬੱਸ ਚਮਕੌਰ ਸਾਹਿਬ ਤੋਂ ਇੱਥੋਂ ਹੁੰਦੀ ਹੋਈ ਚੰਡੀਗੜ ਪੁੱਜਦੀ ਸੀ ਅਤੇ ਇਸੇ ਤਰਾਂ ਹੀ ਪੰਜਾਬ ਰੋਡਵੇਜ਼ ਅਤੇ ਸਿੰਡੀਕੇਟ ਦੀ ਬੱਸ ਦਾ ਰੂਟ ਚਮਕੌਰ ਸਾਹਿਬ ਤੋਂ ਵਾਇਆ ਮਕੜੌਨਾ ਕਲਾਂ, ਸਲੇਮਪੁਰ, ਸਮਰੌਲੀ, ਕਾਈਨੌਰ ਹੁੰਦੇ ਹੋਏ ਮੋਰਿੰਡਾ ਦਾ ਸੀ ਪਰ ਪਿਛਲੇ ੧੫ ਸਾਲਾਂ ਤੋਂ ਤਿੰਨੇ ਹੀ ਬੱਸਾਂ ਦੇ ਬੰਦ ਹੋਏ ਰੂਟ ਮੁੜ ਸ਼ੁਰੂ ਹੋਣ ਦੀ ਉਡੀਕ ਵਿੱਚ ਹਨ।

ਇਸ ਪਿੰਡ ਦੀਆਂ ਉੱਘੀਆਂ ਹਸਤੀਆਂ ਵਿੱਚ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਸਮੇਂ ਰਾਜ ਮੰਤਰੀ ਰਹੇ ਰਜਿੰਦਰ ਸਿੰਘ ਧਾਲੀਵਾਲ ਦਾ ਨਾਂ ਆਉਂਦਾ ਹੈ। ਚਮਕੌਰ ਸਾਹਿਬ ਤੋਂ ਮੌਜੂਦਾ ਵਿਧਾਇਕ ਚਰਨਜੀਤ ਸਿੰਘ ਚੰਨੀ ਦਾ ਨਾਨਕਾ ਪਰਿਵਾਰ ਵੀ ਇਸੇ 'ਚ ਪਿੰਡ ਹੈ। ਇਸ ਤੋਂ ਇਲਾਵਾ ਸ਼ੈਸਨ ਜੱਜ ਦਲਬਾਰਾ ਸਿੰਘ, ਐਸ.ਪੀ. ਜਰਨੈਲ ਸਿੰਘ, ਲੇਬਰ ਕਮਿਸ਼ਨਰ ਨੇਤਰ ਸਿੰਘ, ਪੀ ਐਸ ਸੀ ਮਲਕੀਤ ਸਿੰਘ, ਜੇਲ ਸੁਪਰਡੈਂਟ ਲਾਭ ਸਿੰਘ, ਨਾਇਬ ਤਹਿਸੀਲਦਾਰ ਸੁੱਚਾ ਸਿੰਘ, ਐਡਵੋਕੇਟ ਜਸਵੀਰ ਸਿੰਘ, ਕੈਪਟਨ ਬਲਦੇਵ ਸਿੰਘ, ਸਕੱਤਰ ਨਛੱਤਰ ਸਿੰਘ ਤੇ ਅੱਛਰਾ ਸਿੰਘ ਪਟਵਾਰੀ ਨੇ ਵੀ ਪਿੰਡ ਦਾ ਨਾਮ ਰੌਸ਼ਨ ਕੀਤਾ ਹੈ। ਪਿੰਡ ਦਾ ਸਰਪੰਚ ਜਸਵੰਤ ਸਿੰਘ ਹੈ।

# ਵਿਚੋਲੇ ਬਣਨ ਦਾ ਚਾਅ

**- ਦਰਸ਼ਨ ਸਿੰਘ ਕੰਡਾ**

**ਹਾਸ ਵਿਅੰਗ**

ਆਮ ਕਹਾਵਤ ਹੈ ਕਿ ਜੇ ਘੋੜੀ ਚੜੇ ਨਹੀਂ ਤਾਂ ਕੀ ਹੋਇਆ, ਘੋੜੀ ਚੜਦੇ ਤਾਂ ਬਥੇਰੇ ਵੇਖੇ ਐ! ਇਵੇਂ ਹੀ ਅਸੀਂ ਅੱਜ ਤੱਕ ਵਿਚੋਲੇ ਤਾਂ ਨਹੀਂ ਸੀ ਬਣੇ ਪਰ ਵਿਚੋਲਿਆਂ ਨੂੰ ਮੁੰਦਰੀਆਂ-ਛਾਪਾਂ ਪੈਂਦੀਆਂ, ਕੰਬਲ, ਸੂਟ ਮਿਲਦੇ ਤਾਂ ਬਹੁਤ ਵਾਰੀ ਵੇਖੇ ਐ!

ਸੋ ਪਤਾ ਨਹੀਂ ਕਿਵੇਂ ਸਾਨੂੰ ਵੀ ਇਹ ਖੁਰਕ ਛਿੜ ਪਈ ਕਿ ਵਿਚੋਲੇ ਬਣ ਕੇ ਤਾਂ ਵੇਖੀਏ! ਸੁਣਿਐ ਮੁੰਡੇ ਵਾਲੇ ਪਾਸਿਉਂ ਵੀ ਤੇ ਕੁੜੀ ਵਾਲੇ ਪਾਸਿਉਂ ਵਾਹਵਾ ਸੇਵਾ ਹੁੰਦੀ ਐ।

ਰਾਤੀਂ ਪਿਆ-ਪਿਆ ਖ਼ਿਆਲੀ ਦੌੜਾਂ ਲਾ ਕੇ ਮੁੰਡਾ-ਕੁੜੀ ਨਿਗਾਹ 'ਚ ਕੀਤੇ।

ਕੁੜੀ ਵਾਲਿਆਂ ਨਾਲ ਵਪਾਰਕ ਹੈਲੋ-ਹੈਲੋ ਸੀ ਅਤੇ ਮੁੰਡੇ ਵਾਲੇ ਪਾਸੇ ਅੰਗਲੀ-ਸੰਗਲੀ ਅੜਦੀ ਸੀ। ਨਵੇਂ-ਨਵੇਂ ਵਿਚੋਲੇ ਬਣਨ ਲੱਗੇ ਸੀ, ਬਹੁਤੀਆਂ ਗੱਲਾਂ ਤਾਂ ਨਹੀਂ ਸਨ ਮਾਰਨੀਆਂ ਆਉਂਦੀਆਂ, ਇਸ ਕਰਕੇ ਅਸੀਂ ਸਿੱਧਾ ਹੀ ਲੜਕੀ ਵਾਲਿਆਂ ਨੂੰ ਕਹਿ ਦਿੱਤਾ ਕਿ ਫਲਾਣੀ ਜਗਾ ਇਕ ਮੁੰਡਾ ਵਿਆਹੁਣ ਵਾਲਾ ਹੈ, ਘਰ-ਪਰਿਵਾਰ ਸਾਊ ਐ, ਮੁੰਡਾ ਕਮਾਊ ਐ, ਨਿਗਾਹ ਮਾਰ ਲਵੋ।

ਕੁੜੀ ਵਾਲੇ ਨਿਗਾਹ ਮਾਰਨ ਗਏ ਹੀ ਗੱਲ ਪੱਕੀ ਕਰ ਆਏ, ਕਿਉਂਕਿ ਲੜਕੇ ਵਾਲਿਆਂ ਨੂੰ ਆਪਾਂ ਪਹਿਲਾਂ ਹੀ ਕੁੜੀ ਦੀ ਸ਼ਕਲੋਂ-ਸੂਰਤ ਅਤੇ ਗੁਣਾਂ ਬਾਰੇ ਪੂਰੀ ਤਸੱਲੀ ਦਿੱਤੀ ਹੋਈ ਸੀ।

ਇਕ ਦਿਨ ਅਚਾਨਕ ਕੁੜੀ ਦਾ ਪਿਓ ਆਇਆ ਤੇ ਆਖਣ ਲੱਗਾ, "ਬਾਊ ਜੀ, ਆਪਾਂ ਕੱਲ ਨੂੰ ਕੁੜੀ ਦਾ ਸ਼ਗਨ ਦੇਣ ਜਾਣਾ ਐ, ਤਿਆਰ ਰਹਿਓ! ਆਪਾਂ ਵੀ ਸਰਸਰੀ ਹਾਂ ਵਿਚ ਹਾਂ ਮਿਲਾ ਦਿੱਤੀ ਅਤੇ ਆਪਣੇ ਕੰਮ ਵਿਚ ਮਸਤ ਹੋ ਗਏ।", ਅਗਲੇ ਦਿਨ ਕੁੜੀ ਵਾਲੇ ਜੀਪ ਲੈ ਕੇ ਆਨ ਖਲੋਤੇ ਆਪ ਦੇ ਘਰ ਅੱਗੇ ਕਿ ਚੱਲੋ ਬਾਊ ਜੀ ਬੈਠੋ। ਜੀਪ ਵਿਚ ਬਹਿੰਦਿਆਂ ਮੈਂ ਘਰ ਵਾਲਿਆਂ ਨੂੰ ਕਿਹਾ ਕਿ ਫਿਰ ਤੁਸੀਂ ਇਉਂ ਕਰੋ, ਬੱਸ ਰਾਹੀਂ ਸਿੱਧੇ ਲੜਕੇ ਵਾਲਿਆਂ ਦੇ ਘਰ ਪਹੁੰਚੋ।

ਮੈਨੂੰ ਜੀਪ ਵਿਚ ਬਿਠਾ ਕੇ ਹੋਰ ਈ ਪਾਸੇ ਨੂੰ ਹੋ ਤੁਰੇ। ਮੈਂ ਕਿਹਾ ਸਰਦਾਰ ਜੀ, ਆਪਾਂ ਜਾਣਾ ਤਾਂ ਸਿੱਧੇ ਬਰਨਾਲੇ ਵੱਲ ਨੂੰ ਸੀ, ਇਹ ਕਿੱਧਰ ਨੂੰ ਤੁਰ ਪਏ ਓ? ਤਾਂ ਕੁੜੀ ਦਾ ਪਿਓ ਬੋਲਿਆ, ਬਾਊ ਜੀ, ਮਾੜਾ-ਮੋਟਾ ਫਰੂਟ-ਸ਼ੂਟਰ ਤਾਂ ਲੈ ਲਈਏ। ਸ਼ਹਿਰ ਜਾ ਕੇ ਉਨਾਂ ਇਕ ਪੇਟੀ ਸੰਤਰਿਆਂ ਦੀ ਲੈ ਲਈ ਤੇ ਚਾਰ-ਪੰਜ ਦਰਜਨ ਕੇਲੇ। ਜੀਪ ਵਿਚ ਰੱਖ ਕੇ ਤੁਰ ਪਏ ਲੜਕੇ ਵਾਲਿਆਂ ਦੇ ਘਰ ਵੱਲ।

ਰਾਹ ਵਿਚ ਨਾਲ ਬੈਠੇ ਰਿਸ਼ਤੇਦਾਰਾਂ ਨਾਲ ਘੁਸਰ-ਮੁਸਰ ਜਿਹੀ ਕਰਦੇ ਰਹੇ ਪਰ ਆਪਾਂ ਕੋਈ ਖ਼ਾਸ ਧਿਆਨ ਨਹੀਂ ਦਿੱਤਾ।

ਲੜਕੇ ਵਾਲਿਆਂ ਦੇ ਘਰ ਪਹੁੰਚੇ ਤਾਂ ਉੱਥੇ ਬੜੀਆਂ ਰੌਣਕਾਂ, ਖ਼ੂਬ ਚਹਿਲ ਪਹਿਲ, ਇਉਂ ਲੱਗਾ ਜਿਵੇਂ ਸਾਰਾ ਸ਼ਹਿਰ ਈ ਸ਼ਗਨ ਦਾ ਅਨੰਦ ਮਾਣਨ ਆਇਆ ਹੋਵੇ। ਸਾਨੂੰ ਚਾਹ-ਪਾਣੀ ਪਿਲਾ ਕੇ ਪੰਡਾਲ ਵਿਚ ਪਹੁੰਚਣ ਲਈ ਕਿਹਾ ਗਿਆ, ਜਦ ਅਸੀਂ ਪੰਡਾਲ ਵਿਚ ਪਹੁੰਚੇ ਤਾਂ ਵੇਖ ਕੇ ਹੈਰਾਨ ਹੋ ਗਏ।

ਇਉਂ ਲੱਗਾ ਜਿਵੇਂ ਮੰਤਰੀ ਦੇ ਮੁੰਡੇ ਦੀ 'ਰਿੰਗ ਸੈਰਮਨੀ' ਹੋਵੇ, ਸਾਜੋ ਸਾਮਾਨ ਤੇ ਪ੍ਰਬੰਧ ਵੇਖ ਕੇ ਦਿਲ ਬਾਗੋਂ ਬਾਗ ਹੋ ਗਿਆ ਕਿ ਸੁਆਦ ਆ ਗਿਆ ਵਿਚੋਲੇ ਬਣਨ ਦਾ, ਅੱਜ ਤਾਂ ਦੋਹੀਂ ਹੱਥੀਂ ਲੱਡੂ ਹਨ। ਇਧਰ ਵੀ ਕੰਮ ਜ਼ੋਰਦਾਰ ਹੈ ਤੇ ਕੁੜੀ ਵਾਲੇ ਵੀ ਆਪਣੇ ਆਪ ਨੂੰ ਕਹਿੰਦੇ ਕਹਾਉਂਦੇ ਐ। ਲੱਗਦਾ ਮੁੰਦਰੀਆਂ ਦੋਨੋਂ ਪਾਸਿਉਂ ਪੱਕੀਆਂ!

ਜਦੋਂ ਸ਼ਗਨ ਦੀ ਰਸਮ ਹੋਣ ਲੱਗੀ ਤਾਂ ਮੁੰਡਾ ਮੋਢੇ 'ਤੇ ਤੌਲੀਆ ਰੱਖ ਕੇ ਬਹਿ ਗਿਆ ਪੂਰੀ ਸ਼ਾਨੋ-ਸ਼ੌਕਤ ਨਾਲ।

ਕੁੜੀ ਦੇ ਪਿਓ ਨੇ ਜੇਬ ਵਿਚੋਂ ਇਕ ਲਾਲ ਜਿਹਾ ਕਾਗ਼ਜ਼ ਕੱਢ ਕੇ ਉਸ ਵਿਚੋਂ ਸੋਨੇ ਦੀ ਇਕ ਮੋਹਰ ਕੱਢ ਕੇ ਮੁੰਡੇ ਦੀ ਤਲੀ 'ਤੇ ਰੱਖ 'ਤੀ ਅਤੇ ਥਾਲ ਵਿਚੋਂ ਇਕ ਛੁਹਾਰਾ ਮੁੰਡੇ ਦੇ ਮੂੰਹ ਵਿਚ ਪਾਕੇ ਥਾਲ਼ ਮੁੰਡੇ ਦੀ ਝੋਲੀ ਰੱਖ ਸਿਰ 'ਤੇ ਹੱਥ ਫੇਰਿਆ ਤੇ ਬਹਿ ਗਿਆ ਸਾਡੇ ਕੋਲ ਆ ਕੇ।

ਨਾਲ ਦੇ ਬੰਦਿਆ ਨੇ ਸੰਤਰਿਆਂ ਵਾਲੀ ਪੇਟੀ ਅਤੇ ਕੇਲਿਆਂ ਵਾਲਾ ਲਿਫ਼ਾਫ਼ਾ ਮੁੰਡੇ ਦੇ ਗੋਡਿਆਂ ਨੇੜੇ ਕਰਕੇ ਰੱਖ ਤਾ, ਦਸ ਰੁਪਏ ਮੁੰਡੇ ਦੇ ਸਿਰ ਤੋਂ ਵਾਰ ਕੇ ਲਾਗੀ ਨੂੰ ਫੜਾ ਕੇ ਬਹਿ ਗਿਆ।

ਆਪਾਂ ਵਿਚੋਲੇ ਹੋਣ ਕਰਕੇ ਸ਼ਰਮੋ-ਸ਼ਰਮੀ ਪੰਜਾਹ ਦਾ ਨੋਟ ਮੁੰਡੇ ਦੀ ਝੋਲੀ ਪਾ ਕੇ ਆਪਣੀ ਥਾਂ 'ਤੇ ਆ ਬੈਠੇ। ਥੋੜੇ ਚਿਰ ਦੀ ਚੁੱਪ ਪਿੱਛੋਂ ਫਿਰ ਚੱਲ ਪਿਆ ਦੌਰ ਲੜਕੇ ਵਾਲਿਆਂ ਦਾ, ਜਿਹੜਾ ਉੱਠੇ ਸੌ-ਸੌ ਦਾ ਨਵਾਂ-ਨਵਾਂ ਨੋਟ ਮੁੰਡੇ ਦੀ ਝੋਲੀ 'ਚ ਪਾਵੇ ਤੇ ਦਸ-ਦਸ ਰੁਪਏ ਸਿਰ ਤੋਂ ਦੀ ਵਾਰ ਕੇ ਲਾਗੀ ਨੂੰ ਫੜਾ ਕੇ ਫ਼ੋਟੋ ਖਿਚਾ ਕੇ ਵਧਾਈਆਂ ਦਿੰਦਾ ਹੋਇਆ ਅਗਾਂਹ ਤੁਰ ਜੇ।

ਬੜੀ ਲੰਮੀ ਲਾਈਨ ਲੱਗ ਗਈ ਮੁੰਡੇ ਦੀ ਝੋਲੀ ਨੋਟਾਂ ਨਾਲ ਭਰ ਗਈ। ਨੋਟ ਤਾਂ ਝੋਲੀ ਵਿਚੋਂ ਬਾਹਰ ਡਿੱਗਣ ਲੱਗ ਪਏ ਤੇ ਉੱਪਰੋਂ ਮੁੰਡੇ ਦੇ ਪਿਓ ਨੇ ਆਪਣੇ ਮੋਢਿਆਂ 'ਤੇ ਹੱਥ ਮਾਰ ਕੇ ਉੱਠਣ ਦਾ ਇਸ਼ਾਰਾ ਕਰਕੇ ਪਾਸੇ ਹੋ ਕੇ ਗੱਲ ਸੁਣਨ ਨੂੰ ਕਿਹਾ।

ਮਨ ਵਿਚ ਲੱਡੂ ਫੁੱਟਣ ਲੱਗੇ ਕਿ ਵੇਖੋ ਮੁੰਡੇ ਦਾ ਪਿਓ ਕੀ ਕਰਦਾ ਪਰ ਜਦ ਮੁੰਡੇ ਦੇ ਪਿਓ ਨੇ ਆਪਣਾ ਅਸਲੀ ਰੰਗ ਵਿਖਾਇਆ ਤਾਂ ਸਾਡੇ ਮਨ ਦੇ ਸਾਰੇ ਚਾਅ ਚੂਰ-ਚੂਰ ਹੋ ਗਏ। ਚਾਅ ਤਾਂ ਇਕ ਪਾਸੇ ਰਿਹਾ, ਸਾਹ ਏਨਾ ਚੜਿਆ ਕਿ ਤਰੇਲੀਆਂ ਆਉਣ ਲੱਗ ਪਈਆਂ।

'ਅਖੇ ਭਰੀ ਪੰਚਾਇਤ, ਭਰੀ ਬਰਾਦਰੀ 'ਚ ਮੇਰਾ ਨੱਕ ਵੱਢਤਾ! ਕੀ ਕਰਤਾ ਕੁੜੀ ਵਾਲਿਆਂ ਨੇ, ਤੂੰ ਤਾਂ ਕਹਿੰਦਾ ਸੀ ਕਿ ਬੜਾ ਕਹਿੰਦਾ-ਕਹਾਉਂਦਾ ਸਰਦਾਰ ਐ, ਸ਼ਗਨ ਇਉਂ ਦੇਈਦੈ ਨਾ ਕੋਈ ਥਾਲ਼, ਨਾ ਡੱਬੇ, ਨਾ ਫਰੂਟ ਦਾ ਟੋਕਰਾ, ਨਾ ਮੁੰਡੇ ਨੂੰ ਕੋਈ ਕੜਾ, ਨਾ ਚੈਨੀ, ਨਾ ਮੁੰਦਰੀ ਤੇ ਨਾ ਹੀ ਮਾਂ-ਪਿਓ ਦਾ ਕੋਈ ਮਾਣ-ਤਾਣ! ਨਾ ਸ਼ਰੀਕੇ ਦੀਆਂ ਮਿਲਣੀਆਂ।

ਮੁੰਡੇ ਦਾ ਪਿਓ ਬੋਲੀ ਜਾਵੇ ਤਾਂ ਆਪਣਾ ਮਨ ਪਾਰੇ ਵਾਂਗੂੰ ਡੋਲੀ ਜਾਵੇ, ਮਨ ਮੁੰਦਰੀ ਤਾਂ ਕੀ, ਇਹ ਮੈਨੂੰ ਇੱਥੋਂ ਸਹੀ-ਸਲਾਮਤ ਘਰ ਤੱਕ ਜਾਣ ਦੇਣ ਤਾਂ ਲੱਖ ਖੱਟਿਆ, ਲੈਣਾ ਮੁੰਡੇ ਵਾਲਿਆਂ ਨੇ, ਤੇ ਦੇਣਾ ਕੁੜੀ ਵਾਲਿਆਂ ਨੇ। ਸਾਹ ਲੈਣਾ ਸਾਡਾ ਔਖਾ ਹੋਇਆ ਪਿਆ ਸੀ ਕਿ ਮਨਾਂ ਆਪਾਂ ਕੀ ਲੈਣਾ ਸੀ ਵਿਚੋਲੇ ਬਣ ਕੇ!

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕੜੀ - 11

- ਕਰਮ ਸਿੰਘ ਜ਼ਖ਼ਮੀ

ਅਸਾਡੇ ਤਿੰਨ ਹਜ਼ਾਰ ਤੋਂ ਵਧ ਸੂਰਬੀਰ ਇਹਨਾਂ ਲੜਾਈਆਂ ਵਿਚ ਸ਼ਹੀਦ ਹੋ ਚੁੱਕੇ ਹਨ। ਵਾਹਿਗੁਰੂ ਹੀ ਭਲੀ ਜਾਣਦਾ ਹੈ ਕਿ ਕਲ ਕੀ ਹੋਣ ਵਾਲਾ ਹੈ, ਇਹ ਕਿਲਾ ਵੀ ਅਸਾਡੇ ਪਾਸ ਰਹਿੰਦਾ ਨਹੀਂ ਦਿਸਦਾ। ਅਸਾਡੇ ਸਿਰ ਗੁਰੂ ਪੰਥ ਦੇ ਹਨ, ਅਸਾਨੂੰ ਇਹ ਉਸ ਦੇ ਲੇਖੇ ਲਾਉਣ ਵਿਚ ਉਕਾ ਹੀ ਕੋਈ ਉਜਰ ਨਹੀਂ ਹੈ, ਸਾਡੇ ਧੰਨ ਭਾਗ ਹੋਣਗੇ ਸ਼ਹਾਦਤਾਂ ਪਾ ਕੇ, ਮੈਂ ਕਹਿੰਦਾ ਹਾਂ, ਅਜ਼ਾਦੀ ਦੀ ਇਹ ਕੀਮਤ ਤਾਰਨ ਪਿਛੋਂ ਵੀ ਅਸੀਂ ਬੇਦਿਲ ਹੋ ਕੇ ਨਹੀਂ ਬੈਠ ਜਾਣਾ, ਅਸਾਡੇ ਵਿਚੋਂ ਜਿਹੜੇ ਭੀ ਬਚਣ ਉਹਨਾਂ ਨੇ ਕਲਗੀਆਂ ਵਾਲੇ ਦੇ ਸਾਰੇ ਪੰਥ ਵਿਚ ਮੁੜ ਏਕਤਾ ਪੈਦਾ ਕਰਨੀ ਹੈ, ਮੁੜ ਆਪਣੇ ਇਹ ਖੁਸੇ ਹੋਏ ਇਲਾਕੇ ਹੀ ਵਾਪਸ ਹੀ ਨਹੀਂ ਲੈਣੇ, ਸਗੋਂ ਮੁਗਲ ਸਾਮਰਾਜ ਦੀਆਂ ਜੜਾਂ ਪੁੱਟ ਕੇ ਇਹਨਾਂ ਨੂੰ ਖਾਰੇ ਸਾਗਰ ਵਿਚ ਸੁੱਟ ਕੇ ਹੀ ਦਮ ਲੈਣਾ ਹੈ। ਅਸੀਂ ਆਖਰੀ ਦਮ ਤਕ ਲੜਨਾ ਹੈ ਤੇ ਤਦ ਤਕ ਲੜਦੇ ਚਲੇ ਜਾਣਾ ਹੈ ਕਿ ਜਦ ਤਕ ਕਲਗੀਆਂ ਵਾਲੇ ਸਤਿਗੁਰੂ ਦੇ ਛੋਹੇ ਹੋਏ ਇਸ ਧਰਮ ਯੁੱਧ ਵਿਚ ਗੁਰੂ ਪੰਥ ਦੀ ਸੰਪੂਰਨ ਜਿੱਤ ਨਹੀਂ ਹੋ ਜਾਂਦੀ ਅੰਤ ਵਿਚ ਬਾਬਾ ਜੀ ਨੇ ਇਹ ਦੋਹਰਾ ਪੜ੍ਹਿਆ :

'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ। ਖਵਾਰ ਹੋਇ ਸਭ ਮਿਲਣਗੇ, ਬਚੇ ਸ਼ਰਨ ਜੋ ਹੋਇ॥'

ਇਸ ਤੇ ਫੇਰ ਸਤਿ ਸ੍ਰੀ ਅਕਾਲ ਦੇ ਜੈਕਾਰੇ ਗੰਜੇ ਤੇ ਇਸ ਦੇ ਪਿੱਛੋਂ ਢਾਡੀ ਸਿੰਘਾਂ ਦੇ ਸੂਰਬੀਰ ਯੋਧਿਆਂ ਦੀਆਂ ਵਾਰਾਂ ਗਾਉਣੀਆਂ ਸ਼ੁਰੂ ਕਰ ਦਿੱਤੀਆਂ।

ਏਧਰ ਇਹ ਦੀਵਾਨ ਸਜਿਆ ਹੋਇਆ ਸੀ ਤੇ ਉਧਰ ਸਰਦਾਰਾਂ ਦੀ ਪੰਜ ਕੌਂਸਲੀ ਪੰਜਾਂ ਪਿਆਰਿਆਂ ਦੇ ਰੂਪ ਵਿਚ ਬੈਠੀ ਸੀ ਜਿਸ ਵਿਚ ਬਾਬਾ ਬਿਨੋਦ ਸਿੰਘ, ਸ: ਬਾਜ ਸਿੰਘ ਸੁੱਖਾ ਸਿੰਘ ਸਰਦਾਰ ਰਾਮ ਸਿੰਘ ਤੇ ਸਰਦਾਰ ਸ਼ਾਮ ਤੇ ਬਾਬਾ ਮਤਾਬ ਸਿੰਘ ਸ਼ਾਮਲ ਸਨ। ਬਾਬਾ ਬੰਦਾ ਸਿੰਘ ਬਹਾਦਰ ਨੂੰ ਇਸ ਇਕੱਠ ਵਿਚ ਸਦਿਆ ਨਹੀਂ ਸੀ ਗਿਆ, ਸਗੋਂ ਉਹਨਾਂ ਨੂੰ ਇਸ ਦਾ ਪਤਾ ਪਤਾ ਵੀ ਨਹੀਂ ਸੀ ਲੱਗਣ ਦਿੱਤਾ ਗਿਆ।

ਓਧਰ ਦੀਵਾਨ ਵਿਚ ਉਹਨਾਂ ਨੇ ਭਾਸ਼ਣ ਸ਼ੁਰੂ ਕੀਤਾ ਅਤੇ ਏਧਰ ਕਿਲੇ ਦੇ ਦੀਵਾਨ ਖਾਨੇ ਵਿਚ ਇਹਨਾਂ ਪੰਜਾਂ ਸਰਦਾਰਾਂ ਨੇ ਇਕੱਠਿਆਂ ਹੋ ਕੇ ਇਸ ਗਲ ਤੇ ਵਿਚਾਰ ਵਟਾਂਦਰਾ ਸ਼ੁਰੂ ਕਰ ਦਿੱਤਾ ਕਿ ਹੁਣ ਕੀ ਕਰਨਾ ਹੈ। ਜਦੋਂ ਢਾਡੀ ਸਿੰਘਾਂ ਦਾ ਜੱਥਾ ਵਾਰਾਂ ਗਾ ਰਿਹਾ ਸੀ, ਇਹ ਸਰਦਾਰ ਦੀਵਾਨ ਵਿਚ ਆਣ ਪੁੱਜੇ। ਢਾਡੀ ਸਿੰਘਾਂ ਦੇ ਜਥੇਦਾਰ ਦੇ ਕੰਮ ਵਿਚ ਸਰਦਾਰ ਰਾਮ ਸਿੰਘ ਨੇ ਹੌਲੀ ਜਿਹੀ ਕੁਝ ਕਿਹਾ ਤੇ ਦੀਵਾਨ ਵਿਚ ਬੈਠ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਦੀ ਲਿਵ ਇਸ ਸਮੇਂ ਕਲਗੀਆਂ ਵਾਲੇ ਸਤਿਗੁਰੂ ਦੇ ਚਰਨਾਂ ਨਾਲ ਲਗੀ ਹੋਈ ਸੀ। ਉਹਨਾਂ ਨੇ ਅੱਖਾਂ ਮੀਟ ਰਖੀਆਂ ਸਨ। ਉਹਨਾਂ ਦੇ ਖੱਬੇ ਹੱਥ ਵਿਚ ਫੜੀ ਹੋਈ ਮਾਲਾ ਦੇ ਮਣਕੇ ਹੌਲੀ ਹੌਲੀ ਫਿਰ ਰਹੇ ਸਨ। ਉਹਨਾਂ ਦੇ ਪਟ 'ਤੇ ਤਲਵਾਰ ਪਈ ਸੀ, ਜਿਸ ਦਾ ਕਬਜ਼ਾ ਉਹਨਾਂ ਦੇ ਸਜੇ ਹਥੇ ਵਿਚ ਸੀ। ਇਉਂ ਜਾਪਦਾ ਸੀ ਕਿ ਸਵੇਰੇ ਦੇ ਯੁੱਧ ਲਈ ਉਹ ਦਸ਼ਮੇਸ਼ ਪਿਤਾ ਤੋਂ ਆਤਮਕ ਬਲ ਮੰਗ ਰਹੇ ਹਨ।

ਢਾਡੀ ਸਿੰਘਾਂ ਦੇ ਜਥੇ ਨੇ ਵਾਰਾਂ ਲਾਉਣੀਆਂ ਬੰਦ ਕਰ ਦਿੱਤੀਆਂ। ਉਸ ਦੇ ਜਥੇਦਾਰ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਪੰਜਾ ਸਰਦਾਰਾਂ ਅਥਵਾ ਪੰਜਾਂ ਪਿਆਰਿਆਂ ਨੇ ਵਿਚਾਰਾਂ ਕਰਕੇ ਇਕ ਜ਼ਰੂਰੀ ਫੈਸਲਾ ਕੀਤਾ ਹੈ, ਜਿਸ ਤੋਂ ਬਾਬਾ ਬਿਨੋਦ ਸਿੰਘ ਜੀ ਤੁਹਾਨੂੰ ਜਾਣੂ ਕਰਵਾਉਣਗੇ। ਉਹ ਇਹ ਕਹਿ ਕੇ ਬੈਠ ਗਿਆ ਤੇ ਬਾਬਾ ਬਿਨੋਦ ਸਿੰਘ ਸੰਗਤਾਂ ਦੇ ਸਾਹਮਣੇ ਖੜੇ ਹੋ ਗਏ।

ਜਿਥੇ ਭੀ ਸਿੰਘਾਂ ਦਾ ਇਕੱਠ ਹੁੰਦਾ ਹੈ, ਉਸ ਵਿਚ ਸ਼ਾਮਲੇ ਹੋਣ ਵਾਲਿਆਂ ਨੂੰ ਸੰਗਤਾਂ ਕਹਿ ਕੇ ਹੀ ਸਤਿਕਾਰਿਆ ਜਾਂਦਾ ਹੈ। ਇਥੇ ਤੁਸੀਂ ਸੂਰਬੀਰ ਸਿੰਘਾਂ ਦੇ ਸ਼ਬਦ ਦੀ ਵਰਤੋਂ ਭੀ ਕਰ ਸਕਦੇ ਹੋ, ਕਿਉਂਕਿ ਇਹ ਸਾਰੇ ਦੇ ਸਾਰੇ ਫੌਜੀ ਸਿੰਘ ਸਨ ਤੇ ਪੰਥ ਦੀ ਜਿੱਤ ਲਈ ਸਿਰਾਂ ਨੂੰ ਹਥਿਆਲੀਆਂ 'ਤੇ ਰੱਖ ਕੇ ਲੜ ਰਹੇ ਸਨ।

ਬਾਬਾ ਬਿਨੋਦ ਸਿੰਘ ਨੇ ਆਖਣਾ ਸ਼ੁਰੂ ਕੀਤਾਪਿਆਰੇ ਖਾਲਸਾ ਜੀ, ਪੰਜਾਂ ਪਿਆਰਿਆਂ ਦੀ ਮੀਟਿੰਗ ਹੋਈ ਹੈ, ਇਸ ਵਿਚ ਤੁਹਾਡਾ ਇਹ ਸੇਵਕ ਸਰਦਾਰ ਬਾਜ ਸਿੰਘ, ਸਰਦਾਰ ਸ਼ਾਮ ਸਿੰਘ, ਸਰਦਾਰ ਸੁਖਾ ਸਿੰਘ ਤੇ ਸਰਦਾਰ




ਰਾਮ ਸਿੰਘ ਸ਼ਾਮਲ ਹੋਏ ਹਨ। ਇਹਨਾਂ ਦਾ ਫੈਸਲਾ ਤੁਹਾਡੇ ਸਾਹਮਣੇ ਰੱਖਣ ਤੋਂ ਪਹਿਲਾਂ ਮੈਂ ਪੁੱਛਦਾ ਹਾਂ ਕਿ ਕੀ ਤੁਸੀਂ ਇਹਨਾਂ ਪੰਜਾਂ ਪਿਆਰਿਆਂ ਨੂੰ ਪ੍ਰਵਾਨ ਕਰਦੇ ਹੋ ਅਤੇ ਇਹਨਾਂ ਦੇ ਗੁਰਮਤੇ ਦੀ ਕੀ ਪਾਬੰਦੀ ਕਰੋਗੇ।

ਸਮੂਹ ਸਿੰਘਾਂ ਨੇ ਇਕ ਆਵਾਜ਼ ਹੋ ਕੇ ਕਿਹਾ ਅਸਾਨੂੰ ਪੰਜ ਪਿਆਰੇ ਪ੍ਰਵਾਨ ਹਨ, ਅਸੀਂ ਇਹਨਾਂ ਦੇ ਹਰ ਹੁਕਮ ਦੀ ਪਾਲਣਾ ਕਰਾਂਗੇ।

ਇਹ ਵੀ ਇਕ ਗੁਰਮਤਾ ਹੀ ਸੀ ਕਿ ਜੋ ਸਤਿ ਸ੍ਰੀ ਅਕਾਲ ਦੇ ਜੈਕਾਰੇ ਨਾਲ ਪ੍ਰਵਾਨ ਹੋਇਆ।

'ਖਾਲਸਾ ਜੀ ਹੁਣ ਮੈਂ ਪੰਜਾਂ ਪਿਆਰਿਆਂ ਦੇ ਪਾਸ ਕੀਤੇ ਗੁਰਮਤੇ ਦੇ ਅਖਰ ਆਪ ਜੀ ਦੇ ਸਾਹਮਣੇ ਪੜਦਾ ਹਾਂ।' ਉਹਨਾਂ ਕਿਹਾ ਤੇ ਅੱਖਰ ਪੜ ਦਿਤੇ ਜੋ ਇਸ ਪ੍ਰਕਾਰ ਸਨ।

'ਪੰਜਾਂ ਪਿਆਰਿਆਂ ਦਾ ਇਹ ਇਕੱਠ ਪੰਥ ਦੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੂੰ ਹੁਕਮ ਦਿੰਦਾ ਹੈ ਕਿ ਉਹ ਅੱਜ ਅੱਧੀ ਰਾਤ ਨੂੰ ਲੋਹਗੜ ਦੇ ਕਿਲੇ ਵਿਚੋਂ ਨਿਕਲ ਜਾਣ ਤੇ ਪੰਥ ਵਿਚ ਹੋਰ ਏਕਤਾ ਲਿਆ ਕੇ ਮੁਗ਼ਲ ਸਾਮਰਾਜ ਦੀਆਂ ਜੜਾਂ ਪੁੱਟਣ ਲਈ ਲੜਦੇ ਰਹਿਣ।'

ਇਹ ਅਖਰ ਪੜਨ ਪਿਛੋਂ ਬਾਬਾ ਬਿਨੋਦ ਸਿੰਘ ਨੇ ਕਿਹਾਖਾਲਸਾ ਜੀ ਜੇਕਰ ਇਹ ਗੁਰਮਤਾ ਤੁਹਾਨੂੰ ਪ੍ਰਵਾਨ ਹੈ ਤਾਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਨਾਲ ਇਸ ਦੀ ਪ੍ਰਵਾਨਗੀ ਦਿਓ। ਉਤਰ ਵਿਚ ਜ਼ੋਰ ਜ਼ੋਰ ਦੀ - ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੁਟਣ ਲਗੇ।

ਬਾਬਾ ਬੰਦਾ ਸਿੰਘ ਬਹਾਦਰ ਹਾਲੀ ਭੀ ਸਮਾਧੀ ਵਿਚ ਸਨ। ਉਹਨਾਂ ਦੀ ਲਿਵ ਬਦਸਤੂਰ ਕਲਗੀਆਂ ਵਾਲੇ ਦੇ ਚਰਨਾਂ ਨਾਲ ਜੁੜੀ ਹੋਈ ਸੀ ਤੇ ਅੱਖਾਂ ਭੀ ਬੰਦ ਸਨ।

ਸਰਦਾਰ ਬਾਜ ਸਿੰਘ ਨੇ ਉਹਨਾਂ ਦੇ ਪੈਰ ਫੜ ਕੇ ਘੁਟਣੇ ਸ਼ੁਰੂ ਕਰ ਦਿੱਤੇ। ਉਨਾਂ ਦੀ ਸਮਾਧੀ ਖੁੱਲੀ ਤੇ ਉਨਾਂ ਨੇ ਅੱਖਾਂ ਖੋਹਲ ਦਿੱਤੀਆਂ। 'ਕੀ ਗੱਲ ਹੈ ਸਰਦਾਰ ਜੀ ?' ਉਹਨਾਂ ਨੇ ਸਰਦਾਰ ਬਾਜ ਸਿੰਘ ਦੇ ਹੱਥ ਆਪਣੇ ਹੱਥਾਂ ਵਿਚ ਲੈ ਕੇ ਡਾਢੀਆਂ ਸਨੇਹ ਭਰੀ ਨਿਗਾਹਾਂ ਨਾਲ ਉਹਨਾਂ ਦੇ ਚੇਹਰੇ ਵਲ ਵੇਖਦੇ ਹੋਏ ਪੁਛਿਆ।

'ਤੁਸੀਂ ਦਸ ਦਿਓ ਬਾਬਾ ਜੀ, ਸਰਦਾਰ ਬਾਜ ਸਿੰਘ ਨੇ ਬਾਬ ਬਿਨੋਦ ਸਿੰਘ ਨੂੰ ਸੰਬੋਧਨ ਕਰਦੇ ਹੋਏ ਆਖਿਆ।

'ਹੁਕਮ ਕਰੋ ਜੀ' ਬਾਬਾ ਬੰਦਾ ਬਹਾਦਰ ਨੇ ਉਹਨਾਂ ਵੱਲ ਵੇਖਦੇ ਹੋਏ ਪੁੱਛਿਆ।

'ਮਹਾਰਾਜ ਤੁਹਾਨੂੰ ਪੰਥ ਦਾ ਹੁਕਮ ਹੈ ਕਿ ਤੁਸੀਂ ਹੁਣ ਇਸ ਕਿਲੇ ਵਿਚੋਂ, ਜਿਤਨੇ ਸਿੰਘ ਚਾਹੋ, ਨਾਲ ਲੈ ਕੇ ਨਿਕਲ ਜਾਓ। ਗੁਰਮਤਾ ਪੰਜ ਪਿਆਰਿਆਂ ਦਾ ਹੈ।' ਬਾਬਾ ਬਿਨੋਦ ਸਿੰਘ ਨੇ ਦਸ ਦਿੱਤਾ।

'ਨਹੀਂ ਬਾਬਾ ਜੀ ਇਹ ਨਹੀਂ ਹੋ ਸਕਦਾ, ਮੈਂ ਤਾਂ ਆਪਣੇ ਭਰਾਵਾਂ ਦੇ ਨਾਲ ਰਹਾਂਗਾ, ਇਸ ਬਿਪਤਾ ਵਿਚ ਇਹਨਾਂ ਨੂੰ ਛੱਡ ਕੇ ਕਦੀ ਵੀ ਨਹੀਂ ਜਾਵਾਂਗਾ ਇਹਨਾਂ ਦੇ ਨਾਲ ਹੀ ਜੀਵਾਂਗਾ ਤੇ ਇਹਨਾਂ ਦੇ ਨਾਲ ਹੀ ਮਰਾਂਗਾ।' ਬਾਬਾ ਬੰਦਾ ਸਿੰਘ ਬਹਾਦਰ ਇਹ ਗਲ ਮੰਨਣ ਲਈ ਤਿਆਰ ਨਹੀਂ ਸਨ, ਉਹਨਾਂ ਕੋਰਾ ਜਵਾਬ ਦੇ ਦਿੱਤਾ।

'ਤੁਸੀਂ ਪੰਥ ਅਥਵਾ ਪੰਜਾਂ ਪਿਆਰਿਆਂ ਦਾ ਹੁਕਮ ਨਹੀਂ ਮੋੜ ਸਕਦੇ।' ਬਾਬਾ ਬਿਨੋਦ ਸਿੰਘ ਨੇ ਸਖ਼ਤੀ ਨਾਲ ਆਖਿਆ। ਉਹਨਾਂ ਦਾ ਲਹਿਜਾ ਹਾਕਮਾਨਾ ਸੀ।

'ਨਾ ਬਾਬਾ ਜੀ, ਮੈਨੂੰ ਮਜਬੂਰ ਨਾ ਕਰੋ, ਮੈਥੋਂ ਨਹੀਂ ਜੇ ਭਰਾਵਾਂ ਨੂੰ ਮੌਤ ਦੇ ਮੂੰਹ ਦੇ ਕੇ ਨਿਕਲਿਆ ਜਾਂਦਾ। ਗੁਰੂ ਦਾ ਵਾਸਤਾ ਪਾ ਕੇ ਕਹਿੰਦਾ ਹਾਂ ਕਿ ਮੇਰੇ ਉਤੇ ਇਹ ਜ਼ੁਲਮ ਨਾ ਕਰੋ।' ਬਾਬਾ ਬੰਦਾ ਸਿੰਘ ਬਹਾਦਰ ਇਸ ਸਮੇਂ ਇਕ ਤਰਾਂ ਨਾਲ ਲਿਲੜੀ ਜੇਹੀ ਲੈ ਰਹੇ ਸਨ।

'ਬਾਬਾ ਜੀ ਪੰਜਾਂ ਪਿਆਰਿਆਂ ਦੇ ਰੂਪ ਵਿਚ ਗੁਰੂ ਪੰਥ ਦਾ ਹੁਕਮ ਤਾਂ ਪੰਥ ਦੇ ਵਾਲੀ ਦਸਮੇਸ਼ ਪਿਤਾ ਭੀ ਨਹੀਂ ਮੋੜ ਸਕੇ ਤੇ ਇਹ ਹੁਕਮ ਮੰਨ ਕੇ ਚਮਕੌਰ ਦੀ ਗੜੀ ਵਿਚੋਂ ਨਿਕਲੇ ਸਨ। ਤੁਸੀਂ ਕੌਣ ਹੁੰਦੇ ਹੋ ਇਸ ਨੂੰ ਮੋੜਣ ਵਾਲੇ।' ਸਰਦਾਰ ਸ਼ਾਮ ਸਿੰਘ ਨੇ ਸਿੰਘ ਸਾਹਿਬੀ ਲਹਿਜੇ ਵਿਚ ਕਿਹਾ।

'ਸਰਦਾਰੋ ਗੁਰੂ ਦਾ ਵਾਸਤਾ ਜੇ, ਮੈਂ ਤਾਂ ਦਸਮੇਸ਼ ਪਿਤਾ ਦਾ ਇਕ ਤੁਛ ਜਿਹਾ ਸੇਵਕ ਉਹਨਾਂ ਦੇ ਚਰਨਾਂ ਦੀ ਧੂੜ ਹਾਂ। ਉਹਨਾਂ ਨਾਲ ਮੈਨੂੰ ਤੁਲਣਾ ਨਾ ਦਿਓ ਅਤੇ ਉਹਨਾਂ ਦੇ ਸਾਜੇ ਨਿਵਾਜੇ ਪੰਥ ਲਈ ਆਪਾ ਵਾਰ ਲੈਣ ਦਿਓ।'

ਬਾਬਾ ਬੰਦਾ ਸਿੰਘ ਬਹਾਦਰ ਦੀ ਨਿਮਰਤਾ ਸਿਖਰਾਂ ਛੋਹ ਰਹੀ ਸੀ।

'ਫੇਰ ਸੰਗਤਾਂ ਤੋਂ ਪੁਛ ਲਓ, ਇਹ ਕੀ ਚਾਹੁੰਦੀਆਂ ਹਨ।' ਬਾਬਾ ਬਿਨੋਦ ਸਿੰਘ ਨੇ ਕਿਹਾ ਤੇ ਉਹ ਖੜੇ ਹੋਏ। ਉਹਨਾਂ ਨੇ ਉੱਚੀ ਅਵਾਜ਼ ਨਾਲ ਆਖਿਆ 'ਖਾਲਸਾ ਜੀ ਜਿਹੜਾ ਗੁਰਮਤਾ ਪੰਜਾ ਪਿਆਰਿਆਂ ਨੇ ਕੀਤਾ ਤੇ ਜਿਸ ਦੀ ਪ੍ਰਵਾਨਗੀ ਤੁਸੀਂ ਹੁਣੇ ਹੀ ਜੈਕਾਰਿਆਂ ਨਾਲ ਦੇ ਚੁੱਕੇ ਹੋ। ਇਸ ਨੂੰ ਮੰਨਣ ਤੋਂ ਪੰਥ ਦਾ ਜਰਨੈਲ ਇਨਕਾਰੀ ਹੈ। ਹੁਣ ਦੱਸੋ, ਕੀ ਕੀਤਾ ਜਾਵੇ।

ਸਿੰਘਾਂ ਵਲੋਂ ਜ਼ੋਰ ਜ਼ੋਰ ਦੀਆਂ ਅਵਾਜ਼ਾਂ ਆਉਂਣ ਲਗ ਪਈਆਂ 'ਪੰਥ ਦਾ ਹੁਕਮ ਬਾਬਾ ਬੰਦਾ ਸਿੰਘ ਬਹਾਦਰ ਨਹੀਂ ਮੋੜ ਸਕਦੇ, ਇਹਨਾਂ ਨੂੰ ਪੰਥ ਦੇ ਭਲੇ ਲਈ ਇਸ ਕਿਲੇ ਵਿਚ ਜਾਣਾ ਹੀ ਹੋਵੇਗਾ, ਹੁਣੇ ਨਿਕਲ ਜਾਣਾ ਹੋਵੇਗਾ।'

ਇਸ ਦੇ ਪਿਛੋਂ ਫੇਰ ਜੈਕਾਰੇ ਗੂੰਜਣ ਲਗੇ ਅਤੇ ਕਈਆਂ ਜੈਕਾਰਿਆਂ ਦੀ ਗੂੰਜ ਦੇ ਪਿਛੋਂ ਫੇਰ ਆਵਾਜ਼ਾਂ ਆਉਣ ਲਗੀਆਂ ਕਿ 'ਪੰਥ ਦਾ ਹੁਕਮ ਮੰਨ ਕੇ ਬਾਬਾ ਜੀ ਤੁਰੰਤ ਕਿਲੇ ਵਿਚੋਂ ਨਿਕਲ ਜਾਓ।'

'ਮੈਨੂੰ ਖਿਮਾ ਨਹੀਂ ਮਿਲ ਸਕਦੀ। ਬਾਬਾ ਬੰਦਾ ਸਿੰਘ ਬਹਾਦਰ ਨੇ ਕੁਝ ਢਿੱਲੇ ਪੈਂਦੇ ਹੋਏ ਕਿਹਾ, ਉਹਨਾਂ ਸਮਝ ਲਿਆ ਸੀ ਕਿ ਪੰਥ ਦਾ ਇਹ ਹੁਕਮ ਉਹ ਹੋਰ ਟਾਲ ਨਹੀਂ ਸਕਣਗੇ।'

'ਬਾਬਾ ਜੀ ਅੱਧੀ ਰਾਤ ਹੋਣ ਵਾਲੀ ਹੈ ਤੇ ਪੰਥ ਦਾ ਹੁਕਮ ਹੈ ਕਿ ਠੀਕ ਅੱਧੀ ਰਾਤ ਨੂੰ ਤੁਸੀਂ ਨਿਕਲ ਜਾਓ। ਤੁਹਾਡੇ ਬਚ ਕੇ ਨਿਕਲਣ ਨਾਲ ਅਸਾਡੀ ਇਹ ਹਾਰੀ ਹੋਈ ਜੰਗ ਭੀ ਜਿੱਤੀ ਜਾਵੇਗੀ। ਵੈਰੀ ਦੇ ਵੇਹੜੇ ਵਿਚ ਮਾਤਮ ਦੀ ਸਫ਼ ਵਿਛ ਜਾਵੇਗੀ। ਤੁਸੀਂ ਜਾਣ ਦੀ ਤਿਆਰੀ ਕਰੋ, ਬਹਿਸ ਵਿਚ ਸਮਾਂ ਜਾਇਆ ਕਰਨਾ ਕਿਸੇ ਤਰਾਂ ਵੀ ਠੀਕ ਨਹੀਂ ਹੋਵੇਗਾ।' ਸਰਦਾਰ ਰਾਮ ਸਿੰਘ ਨੇ ਖੜੇ ਹੋ ਕੇ ਬੜੇ ਜੋਸ਼ ਭਰਪੂਰ ਲਹਿਜੇ ਵਿਚ ਕਿਹਾ।

'ਕੱਲ ਦੀ ਜੰਗ ਦੀ ਕਮਾਨ ਕੌਣ ਕਰੇਗਾ। ਕਿਲੇ ਦਾ ਕਿਲੇਦਾਰ ਕੌਣ ਹੋਵੇਗਾ ?' ਬਾਬਾ ਬੰਦਾ ਸਿੰਘ ਬਹਾਦਰ ਦੇ ਪੰਥ ਦੇ ਹੁਕਮ ਅਗੇ ਸਿਰ ਝੁਕਾਉਣ ਦੀ ਰਜ਼ਾਮੰਦੀ ਪ੍ਰਗਟ ਕਰਦੇ ਹੋਏ ਪੁੱਛਿਆ। ਜਾਣ ਤੋਂ ਪਹਿਲਾਂ ਉਹ ਆਪਣੀ ਪੂਰੀ ਤਰਾਂ ਤਸੱਲੀ ਕਰਨੀ ਚਾਹੁੰਦੇ ਸਨ।

'ਇਹ ਸੇਵਾ ਸਰਦਾਰ ਗੁਲਾਬ ਸਿੰਘ ਨੂੰ ਸੌਂਪ ਦਿੱਤੀ ਗਈ ਹੈ।' ਬਾਬਾ ਬਿਨੋਦ ਸਿੰਘ ਨੇ ਦਸਿਆ ਤੇ ਪਾਸ ਹੀ ਬੈਠੇ ਸਰਦਾਰ ਗੁਲਾਬ ਸਿੰਘ ਨੂੰ ਅੱਖਾਂ ਦੇ ਸਨੇਹ ਨਾਲ ਕੁਝ ਇਸ਼ਾਰਾ ਕੀਤਾ ਸਰਦਾਰ ਗੁਲਾਬ ਸਿੰਘ ਗਲ ਵਿਚ ਪੱਲਾ ਪਾ ਕੇ ਤੇ ਦੋਵੇਂ ਹੱਥ ਜੋੜ ਕੇ ਖੜ ਗਿਆ।

ਉਸਨੇ ਨਿਮਰਤਾ ਸਹਿਤ ਬੇਨਤੀ ਕੀਤੀ'ਪੰਥ ਦੇ ਹੁਕਮ ਨਾਲ ਮੈਂ ਇਹ ਸੇਵਾ ਸੰਭਾਲਦਾ ਹਾਂ, ਬਾਬਾ ਬੰਦਾ ਸਿੰਘ ਬਹਾਦਰ ਪੰਥ ਦੀਆਂ ਚੜਦੀਆਂ ਕਲਾਂ ਲਈ ਬਾਹਰ ਨਿਕਲ ਜਾਣ, ਮੈਂ ਜੀਅ-ਜਾਨ ਨਾਲ ਇਹ ਸੇਵਾ ਕਰਾਂਗਾ ਤੇ ਕਿਸੇ ਵੀ ਕੁਰਬਾਨੀ ਤੋਂ ਮੂੰਹ ਨਹੀਂ ਮੋੜਾਂਗਾ।'

ਸਰਦਾਰ ਗੁਲਾਬ ਸਿੰਘ ਦੇ ਇਸ ਐਲਾਨ ਤੇ ਫੇਰ ਜੈਕਾਰੇ ਗੰਜੇ। ਬਾਬਾ ਬੰਦਾ ਸਿੰਘ ਬਹਾਦਰ ਨੇ ਤਾਂ ਤਿਆਰੀ ਕੀ ਕਰਨੀ ਸੀ, ਆਪਣੇ ਨਾਲ ਲੈ ਜਾਣ ਵਾਲੇ ਕੁਝ ਸਾਥੀਆਂ ਦੀ ਚੋਣ ਕੀਤੀ। ਜਾਣ ਵਾਲੇ ਜਿਤਨੇ ਸਿੰਘ ਸਨ। ਉਤਨੇ ਹੀ ਘੋੜੇ ਤਿਆਰ ਕੀਤੇ ਗਏ। ਬਾਬਾ ਬਿਨੋਦ ਸਿੰਘ ਨੇ ਕਿਹਾ 'ਹੁਣੇ ਤੋਪ ਦਾ ਇਹ ਗੋਲਾ ਚਲੇਗਾ ਤੇ ਇਸਦੇ ਨਾਲ ਹੀ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਾਥੀਆਂ ਸਮੇਤ ਨਿਕਲ ਜਾਣਗੇ।'

ਅਤੇ ਕੁਝ ਮਿੰਟਾਂ ਪਿਛੋਂ ਤੋਪ ਚਲੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਕਿਲੇ ਵਿਚੋਂ ਨਿਕਲ ਗਏ। ਪੰਥ ਦਾ ਹੁਕਮ ਆਖਰ ਉਹਨਾਂ ਨੂੰ ਸਿਰ ਮੱਥੇ ਤੇ ਪ੍ਰਵਾਨ ਕਰਨਾ ਹੀ ਪਿਆ।

(ਚਲਦਾ...)

## ਭਗਵਾਨ ਰਾਮ ਦੀ ਸਫਲ...

25 ਫਰਵਰੀ ਨੂੰ, ਜਦੋਂ ਹਿੰਸਾ ਜਾਰੀ ਸੀ, ਕਾਰਕੁਨਾਂ ਨੇ ਫੁਟੇਜ ਨੂੰ ਸੁਰੱਖਿਅਤ ਰੱਖਣ ਲਈ ਦਿੱਲੀ ਹਾਈ ਕੋਰਟ ਨੂੰ ਅਪੀਲ ਕੀਤੀ।ਪਰ ਇਸ ਫੁਟੇਜ ਨੂੰ ਸੁਰਖਿਅਤ ਰਖਿਆ ਜਾਵੇ ਪਰ ਇਹ ਫੁਟੇਜ ਮਿਟਾ ਦਿੱਤਾ ਗਿਆ ਹੈ ।ਅਜਿਹਾ ਕਿਉਂ ਕੀਤਾ ਕਿਸੇ ਨੂੰ ਨਹੀਂ ਪਤਾ। . ਉਮਰ ਹੁਣ ਸੈਂਕੜੇ ਮੁਸਲਮਾਨਾਂ ਦੇ ਨਾਲ ਜੇਲ ਵਿੱਚ ਹੈ, ਜਿਨਾਂ ਉੱਤੇ ਕਤਲ, ਕਤਲ ਦੀ ਕੋਸ਼ਿਸ਼ ਅਤੇ ਯੂ.ਏ.ਪੀ.ਏ ਦੇ ਤਹਿਤ ਦੰਗੇ ਕਰਨ ਦੇ ਦੋਸ਼ ਹਨ। 10 ਲੱਖ ਪੰਨਿਆਂ ਦੇ 'ਸਬੂਤ' ਵੇਖਣ ਲਈ ਅਦਾਲਤਾਂ ਅਤੇ ਵਕੀਲਾਂ ਨੂੰ ਕਿੰਨਾ ਸਮਾਂ ਲੱਗੇਗਾ, ਇਹ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ। ? ਜਿਸ ਤਰਾਂ ਇਹ ਖੁਲਾਸਾ ਹੋਇਆ ਸੀ ਕਿ ਬਾਬਰੀ ਮਸਜਿਦ ਨੇ ਆਪਣੇ ਆਪ ਨੂੰ ਤਬਾਹ ਕਰ ਦਿੱਤਾ ਸੀ, ਇਸੇ ਤਰਾਂ 2020 ਦੀ ਦਿੱਲੀ ਕਤਲੇਆਮ ਪੁਲਿਸ ਦੀ ਕਹਾਣੀ ਵਿਚ, ਮੁਸਲਮਾਨਾਂ ਨੇ ਖ਼ੁਦ ਆਪਣੀਆਂ ਹੱਤਿਆਵਾਂ ਦੀਆਂ ਯੋਜਨਾਵਾਂ ਬਣਾਈਆਂ, ਉਨਾਂ ਦੀਆਂ ਮਸਜਿਦਾਂ ਸਾੜ ਦਿੱਤੀਆਂ, ਉਨਾਂ ਦੇ ਆਪਣੇ ਘਰ ਤਬਾਹ ਕਰ ਦਿੱਤੇ ਅਤੇ ਆਪਣੇ ਬੱਚਿਆਂ ਨੂੰ ਯਤੀਮ ਬਣਾ ਦਿੱਤਾ , ਆਪਣੀਆਂ ਇਸਤਰੀਆਂ ਨੂੰ ਆਪ ਜ਼ਲੀਲ ਕੀਤਾ। ਇਹ ਸਭ ਡੌਨਲਡ ਟਰੰਪ ਨੂੰ ਇਹ ਦਰਸਾਉਣ ਲਈ ਕੀਤਾ ਕਿ ਭਾਰਤ ਵਿੱਚ ਮੁਸਲਮਾਨਾਂ ਦੇ ਦਿਨ ਕਿੰਨੇ ਪ੍ਰੇਸ਼ਾਨੀ ਵਿੱਚੋਂ ਲੰਘ ਰਹੇ ਹਨ।

ਇਸ ਚਾਰਜਸ਼ੀਟ ਵਿਚ ਕੁਝ ਕੁ ਗੈਰ-ਮੁਸਲਿਮ ਨਾਵਾਂ' ਨੂੰ ਸ਼ਾਮਲ ਕੀਤਾ ਗਿਆ, ਉਹਨਾਂ ਤੇ ਵੀ ਅੰਦੋਲਨ ਵਿਚ ਹਿੰਸਾ ਲੈਣ ਦਾ ਦੋਸ਼ ਹੈ।ਪਰ ਕਿਸੇ ਭਗਵੇਂ ਵਾਦੀ ਗੁੰਡਿਆਂ ਨੂੰ ਇਸ ਕੇਸ ਵਿਚ ਸ਼ਾਮਲ ਨਹੀਂ ਕੀਤਾ ਗਿਆ ਜਿਹਨਾਂ ਦਿੱਲੀ ਫੂਕੀ, ਕਤਲੇਆਮ ਕੀਤਾ।

ਵਿਦਿਆਰਥੀਆਂ-ਕਾਰਕੁਨਾਂ ਦੀਆਂ ਗੱਲਾਂ-ਬਾਤਾਂ ਜ਼ਿਆਦਾਤਰ ਜ਼ੋਸ਼ ਅਤੇ ਗੁੱਸੇ ਨਾਲ ਭਰੀਆਂ ਹੁੰਦੀਆਂ ਹਨ ਪਰ ਤਜਰਬੇਕਾਰ ਕਾਰਕੁਨਾਂ ਲੀਡਰਾਂ ਨੇ ਅੰਦੋਲਨ ਸ਼ਾਂਤੀ ਅਤੇ ਸਬਰ ਨਾਲ ਚਲਾਇਆ। ਸ਼ਾਹੀਨ ਬਾਗ ਦੀਆਂ ਹਜ਼ਾਰਾਂ ਔਰਤਾਂ ਨੇ ਬਰਫੀਲੀ ਸਰਦੀ ਵਿੱਚ ਹਫ਼ਤਿਆਂ ਤੋਂ ਮੁੱਖ ਸੜਕ 'ਤੇ ਧਰਨਾ ਪ੍ਰਦਰਸ਼ਨ ਕੀਤਾ ਤੇ ਆਵਾਜਾਈ ਠੱਪ ਕੀਤੀ । ਸਾਰੇ ਸੰਸਾਰ ਦਾ ਧਿਆਨ ਇਸ ਅੰਦੋਲਨ ਵਲ ਗਿਆ।ਸ਼ਾਹੀਨ ਬਾਗ ਦੀ ਦਾਦੀ ਬਿਲਕੀਸ ਬਾਨੋ ਨੂੰ ਟਾਈਮ ਰਸਾਲੇ ਦੀ 2020 ਦੇ ਬਹੁਤ ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ ਵਿਚ ਜਗਾ ਮਿਲੀ ਹੈ।(ਕਿਸੇ ਗਲਤਫਹਿਮੀ ਵਿਚ ਨਾ ਪਵੋ, ਉਹ ਗੁਜਰਾਤ ਦੀ ਦੂਜੀ 19 ਸਾਲਾ ਬਿਲਕੀਸ ਬਾਨੋ ਸੀ ਜੋ 2002 ਵਿਚ ਮੁਸਲਿਮ ਕਤਲੇਆਮ ਤੋਂ ਬਚ ਗਈ ਸੀ ਜਦੋਂ ਨਰਿੰਦਰ ਮੋਦੀ ਰਾਜ ਦੇ ਮੁੱਖ ਮੰਤਰੀ ਹੁੰਦੇ ਸਨ। ਬਿਲਕਿਸ ਨੇ ਬੁੱਚੜਖਾਨੇ ਵਿਚ ਆਪਣੇ ਪਰਿਵਾਰ ਦੇ 14 ਲੋਕਾਂ ਦਾ ਕਤਲ ਹੁੰਦੇ ਦੇਖਿਆ। ਇਸ ਵਿਚ ਉਸਦੀ ਤਿੰਨ ਸਾਲਾਂ ਦੀ ਬੇਟੀ ਨੂੰ ਹਥਿਆਰਬੰਦ ਹਿੰਦੂਆਂ ਦੀ ਫੌਜ ਦੀ ਭੀੜ ਨੇ ਮਾਰ ਦਿੱਤਾ ਸੀ। ਉਹ ਗਰਭਵਤੀ ਸੀ ਅਤੇ ਉਸ ਨਾਲ ਸਮੂਹਿਕ ਜਬਰ ਜਨਾਹ ਕੀਤਾ ਗਿਆ ਸੀ।

ਦਿੱਲੀ ਵਿੱਚ ਕਾਰਕੁਨਾਂ ਦੀ ਵਟਸਐਪ ਗੱਲਬਾਤ ਵਿੱਚ, ਲੋਕਾਂ ਵਿੱਚ ਇਹ ਮਤਭੇਦ ਸੀ ਕਿ ਕੀ ਪੂਰਵ ਉਤਰ ਦਿੱਲੀ ਵਿੱਚ ਚਕਾ ਜਾਮ ਕੀਤਾ ਜਾਵੇ ਜਾਂ ਨਾ ਕੀਤਾ ਜਾਵੇ।ਚਕਾ ਜਾਮ ਕਰਨਾ ਕੋਈ ਨਵੀਂ ਗਲ ਨਹੀਂ ਹੈ। ਕਿੰਨੀ ਵਾਰ ਕਿਸਾਨਾਂ ਨੇ ਆਪਣੀਆਂ ਮੰਗਾਂ ਲਈ ਚਕਾ ਜਾਮ ਕੀਤਾ ਹੈ। ਅੱਜ ਵੀ, ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੇ ਚੱਕਾ ਜਾਮ ਕਰ ਦਿਤਾ ਹੈ। ਉਹ ਹਾਲ ਹੀ ਵਿੱਚ ਮਨਜ਼ੂਰਸ਼ੁਦਾ ਕੇਂਦਰੀ ਬਿੱਲਾਂ ਦਾ ਵਿਰੋਧ ਕਰ ਰਹੇ ਹਨ। ਕਿਸਾਨਾਂ ਨੂੰ ਡਰ ਹੈ ਕਿ ਇਹਨਾਂ ਕਨੂੰਨਾਂ ਨਾਲ ਕਾਰਪੋਰੇਟ ਕਿਸਾਨੀ ਦੀਆਂ ਜ਼ਮੀਨਾਂ ਦੇ ਹਕ ਤੇ ਫਸਲ ਹਜਮ ਕਰ ਲੈਣਗੇ। ਉਹਨਾਂ ਦੀ ਮੌਜੂਦਗੀ ਸੰਕਟ ਵਿੱਚ ਪੈ ਜਾਵੇਗੀ।

ਦਿੱਲੀ ਅੰਦੋਲਨ ਦੇ ਮਾਮਲੇ ਵਿਚ, ਇਹਨਾਂ ਚੈਟ ਸਮੂਹਾਂ ਦੇ ਕੁਝ ਕਾਰਕੁਨਾਂ ਨੇ ਦਲੀਲ ਦਿੱਤੀ ਕਿ ਸੜਕ ਜਾਮ ਦਾ ਉਲਟਾ ਅਸਰ ਹੋਏਗਾ । ਕੁਝ ਹੀ ਹਫ਼ਤੇ ਪਹਿਲਾਂ ਦਿੱਲੀ ਚੋਣਾਂ ਵਿੱਚ ਹਾਰ ਦੇ ਅਪਮਾਨ ਬਾਰੇ ਕਾਰਣ ਗੁਸੇ ਵਿਚ ਪਾਗਲ ਹੋਏ ਭਾਜਪਾਈ ਨੇਤਾਵਾਂ ਵੱਲੋਂ ਖੁੱਲੀਆਂ ਧਮਕੀਆਂ ਦੇ ਮਾਹੌਲ ਵਿੱਚ, ਕੁਝ ਸਥਾਨਕ ਕਾਰਕੁਨਾਂ ਨੂੰ ਡਰ ਸੀ ਕਿ ਨਾਕਾਬੰਦੀ ਗੁੱਸਾ ਭੜਕਾ ਸਕਦੀ ਹੈ, ਜਿਸ ਵਿੱਚ ਭਗਵੇਂ ਹਿੰਸਾ ਨੂੰ ਭੜਕਾ ਸਕਦੇ ਹਨ। ਕੁਝ ਥਾਵਾਂ ਤੇ ਸੜਕਾਂ ਰੋਕੀਆਂ ਗਈਆਂ ਅਤੇ ਜਿਵੇਂ ਉਮੀਦ ਕੀਤੀ ਜਾ ਰਹੀ ਸੀ, ਹਿੰਸਕ ਨਾਅਰੇਬਾਜ਼ੀ ਕਰਦੇ ਹੋਏ ਹਥਿਆਰਬੰਦ ਹਿੰਦੂ ਭੀੜ ਨੂੰ ਉਹ ਮੌਕਾ ਮਿਲਿਆ ਜਿਸ ਦੀ ਉਹ ਭਾਲ ਕਰ ਰਹੇ ਸਨ।ਅਗਲੇ ਕੁਝ ਦਿਨਾਂ ਲਈ, ਉਸਨੇ ਜਿਸ ਕਿਸਮ ਦੀ ਬੇਰਹਿਮੀ ਦਿਖਾਈ, ਉਸਨੇ ਸਭ ਨੂੰ ਹੈਰਾਨ ਕਰ ਦਿੱਤਾ। ਵੀਡੀਓ ਵਿੱਚ ਵੇਖਿਆ ਗਿਆ ਕਿ ਉਸਨੂੰ ਉਹਨਾਂ ਭਗਵੇਂ ਗੁੰਡਿਆਂ ਨੂੰ ਪੁਲਿਸ ਦਾ ਖੁੱਲਾ ਸਮਰਥਨ ਸੀ। ਮੁਸਲਮਾਨਾਂ ਨੇ ਆਪਣੀ ਸੁਰਖਿਆ ਕਰਦਿਆਂ ਭਗਵੀਆਂ ਭੀੜਾਂ ਨੂੰ ਜਵਾਬ ਦਿੱਤਾ। ਦੋਵਾਂ ਪਾਸਿਆਂ ਤੋਂ ਜਾਨ-ਮਾਲ ਦਾ ਨੁਕਸਾਨ ਹੋਇਆ।ਪੁਲਿਸ ਭਗਵੇਂ ਗੁੰਡਿਆਂ ਦੀ ਮਦਦ 'ਤੇ ਸੀ। ਪੁਲਿਸ ਨੇ ਬੁਰੀ ਤਰਾਂ ਜ਼ਖਮੀ ਨੌਜਵਾਨ ਮੁਸਲਮਾਨਾਂ ਨੂੰ ਸੜਕ 'ਤੇ ਘੇਰ ਲਿਆ ਅਤੇ ਉਨਾਂ ਨੂੰ ਰਾਸ਼ਟਰੀ ਗੀਤ ਗਾਉਣ ਲਈ ਮਜ਼ਬੂਰ ਕੀਤਾ। ਉਨਾਂ ਵਿਚੋਂ ਇਕ ਨੌਜਵਾਨ ਫੈਜ਼ਾਨ ਦੀ ਜਲਦੀ ਮੌਤ ਹੋ ਗਈ. ।ਪੁਲਿਸ ਨੇ ਸੰਕਟ ਵਿਚ ਘਿਰੇ ਮੁਸਲਮਾਨਾਂ ਦੀ ਸੁਣਵਾਈ ਨਹੀਂ ਕੀਤੀ। ਜਦੋਂ ਅਗਜ਼ਨੀ ਅਤੇ ਕਤਲ ਦੀ ਪ੍ਰਕਿਰਿਆ ਖਤਮ ਹੋਈ, ਅਤੇ ਅੰਤ ਵਿੱਚ ਜਦੋਂ ਸੈਂਕੜੇ ਸ਼ਿਕਾਇਤਾਂ ਸੁਣਨ ਦੀ ਗੱਲ ਆਈ ਤਾਂ ਪੀੜਤਾਂ ਦਾ ਬਿਆਨ ਇਹ ਹੈ ਕਿ ਪੁਲਿਸ ਨੇ ਉਨਾਂ ਨੂੰ ਉਨਾਂ ਦੇ ਹਮਲਾਵਰਾਂ ਦੇ ਨਾਮ,ਪਛਾਣ ,ਮਾਰੂ ਹਥਿਆਰਾਂ ਨਾਲ ਹਮਲੇ ਕਰਨ ਨੂੰ ਸ਼ਿਕਾਇਤਾਂ, ਵਿਚੋਂ ਹਟਾਉਣ ਲਈ ਮਜ਼ਬੂਰ ਕੀਤਾ। ਸਭ ਪੀੜਤ ਮੁਸਲਮਾਨਾਂ ਦੀਆਂ ਆਮ ਸ਼ਿਕਾਇਤਾਂ ਵਿਚ ਬਦਲੀਆਂ ਗਈਆਂ ਸਨ, ਜਿਸ ਵਿਚ ਸਭ ਕੁਝ ਅੱਧਾ-ਅਧੂਰਾ ਸੀ, ਅਤੇ ਇਹ ਸਭ ਭਗਵੇਂ ਗੁੰਡੇ ਦੋਸ਼ੀਆਂ ਨੂੰ ਬਚਾਉਣ ਲਈ ਸੀ।ਪੁਲਿਸ ਅਤੇ ਮੀਡੀਆ ਨੇ ਆਪਣੀ ਗੰਦੀ ਖੇਡ ਖੇਡਣੀ ਸ਼ੁਰੂ ਕਰ ਦਿੱਤੀ, ਅਤੇ ਸਾਰੇ ਸਮੂਹ ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੂਹ ਵਿਚ ਭਾਰਤ ਦੇ ਸਭ ਤੋਂ ਸਤਿਕਾਰਤ ਕਾਰਕੁਨ, ਅਧਿਆਪਕ, ਫਿਲਮ ਨਿਰਮਾਤਾ ਸ਼ਾਮਲ ਹਨ, ਨੂੰ ਕਾਤਲਾਨਾ ਇਰਾਦਿਆਂ ਨਾਲ ਹਿੰਸਕ ਸਾਜਿਸ਼ਕਾਰਾਂ ਦਾ ਵਜੋਂ ਪੇਸ਼ ਕੀਤਾ ਗਿਆ ਸੀ। ਇਹ ਸਾਬਤ ਕਰਨ ਵਿੱਚ ਉਨਾਂ ਨੂੰ ਕਈਂ ਸਾਲ ਲੱਗਣਗੇ ਕਿ ਉਹ ਨਿਰਦੋਸ਼ ਹਨ।ਉਸ ਸਮੇਂ ਤਕ, ਇਹ ਸੰਭਵ ਹੈ ਕਿ ਉਨਾਂ ਨੂੰ ਜੇਲ ਵਿਚ ਰਹਿਣਾ ਪਏਗਾ, ਉਨਾਂ ਦੀਆਂ ਜ਼ਿੰਦਗੀਆਂ ਪੂਰੀ ਤਰਾਂ ਤਬਾਹ ਹੋ ਜਾਣਗੀਆਂ, ਜਦੋਂ ਕਿ ਅਸਲ ਕਾਤਲ ਅਤੇ ਹਿੰਸਾ ਦੇ ਦੋਸ਼ੀ ਸੜਕਾਂ 'ਤੇ ਖੁੱਲ ਕੇ ਘੁੰਮਣਗੇ, ਅਤੇ ਚੋਣਾਂ ਜਿੱਤਣਗੇ. ਇਹ ਸਾਰੀ ਪ੍ਰਕਿਰਿਆ ਇੱਕ ਸਜ਼ਾ ਹੈ। ਅਨਿਆਂ ਤੇ ਦਹਿਸ਼ਤਗਰਦੀ ਹੈ।

ਇਸ ਦੌਰਾਨ, ਕਈ ਸੁਤੰਤਰ ਮੀਡੀਆ ਰਿਪੋਰਟਾਂ, ਨਾਗਰਿਕ ਤੱਥਾਂ ਦੀ ਖੋਜ ਦੀਆਂ ਰਿਪੋਰਟਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਦਿੱਲੀ ਪੁਲਿਸ ਨੂੰ ਉੱਤਰ ਪੂਰਬੀ ਦਿੱਲੀ ਵਿੱਚ ਹੋਈ ਹਿੰਸਾ ਵਿੱਚ ਸਾਥੀ ਦੱਸਿਆ ਹੈ। ਐਮਨੇਸਟੀ ਇੰਟਰਨੈਸ਼ਨਲ ਨੇ ਕੁਝ ਬਹੁਤ ਹਿੰਸਕ ਵੀਡੀਓ ਅਤੇ ਉਨਾਂ ਦੀ ਫੋਰੈਂਸਿਕ ਜਾਂਚ ਨੂੰ ਵੇਖਣ ਤੋਂ ਬਾਅਦ ਅਗਸਤ 2020 ਵਿਚ ਜਾਰੀ ਕੀਤੀ ਇਕ ਰਿਪੋਰਟ ਵਿਚ ਕਿਹਾ ਕਿ ਦਿੱਲੀ ਪੁਲਿਸ ਅੰਦੋਲਨਕਾਰੀਆਂ ਨੂੰ ਕੁੱਟਣ ਅਤੇ ਤਸੀਹੇ ਦੇਣ ਅਤੇ ਭੀੜ ਦੇ ਨਾਲ ਕੰਮ ਕਰਨ ਲਈ ਦੋਸ਼ੀ ਹੈ।ਉਦੋਂ ਤੋਂ, ਐਮਨੈਸਟੀ 'ਤੇ ਵਿੱਤੀ ਗੜਬੜੀ ਦਾ ਦੋਸ਼ ਲਗਾਇਆ ਗਿਆ ਹੈ ਅਤੇ ਇਸਦੇ ਬੈਂਕ ਖਾਤਿਆਂ ਨੂੰ ਸੀਲ ਕਰ ਦਿੱਤਾ ਗਿਆ ਹੈ.ਇਸ ਨੂੰ ਭਾਰਤ ਵਿਚ ਆਪਣਾ ਦਫਤਰ ਬੰਦ ਕਰਨਾ ਪਿਆ ਅਤੇ ਇਥੇ ਕੰਮ ਕਰਨ ਵਾਲੇ ਸਾਰੇ 150 ਲੋਕਾਂ ਨੂੰ ਆਪਣੀ ਨੌਕਰੀ ਤੋਂ ਹੱਥ ਧੋਣੇ ਪਏ।

ਪੁਲਿਸ ਨੇ 2020 ਦੀ ਦਿੱਲੀ ਸਾਜ਼ਿਸ਼ ਦੀ ਬੇਵਕੂਫੀ ਵਾਲੀ ਕਹਾਣੀ ਤਿਆਰ ਕੀਤੀ ਹੈ, ਅਤੇ ਇਹੋ ਜਿਹੀ ਬੇਤੁਕੀ 2018 ਭੀਮਾ ਕੋਰੇਗਾਓਂ ਸਾਜਿਸ਼ ਦੀ ਕਹਾਣੀ ਹੈ (ਬੇਵਕੂਫ ਹੋਣਾ ਧਮਕੀਆਂ ਅਤੇ ਅਪਮਾਨ ਦਾ ਹਿੱਸਾ ਹੈ). ਇਸਦਾ ਉਦੇਸ਼ ਕਾਰਕੁੰਨਾਂ, ਵਿਦਿਆਰਥੀਆਂ, ਵਕੀਲਾਂ, ਲੇਖਕਾਂ, ਕਵੀਆਂ, ਪ੍ਰੋਫੈਸਰਾਂ, ਟਰੇਡ ਯੂਨੀਅਨ ਦੇ ਕਾਰਕੁਨਾਂ ਅਤੇ ਗੈਰ-ਪ੍ਰਦਰਸ਼ਨ ਕਰ ਰਹੀਆਂ ਐਨ.ਜੀ.ਓਜ਼ ਨੂੰ ਫੜਨਾ ਅਤੇ ਉਨਾਂ ਨੂੰ ਜੇਲ ਭੇਜਣਾ ਹੈ।ਇਸਦਾ ਇਰਾਦਾ ਸਿਰਫ ਪਿਛਲੇ ਅਤੇ ਅਜੋਕੇ ਸਮੇਂ ਦੀਆਂ ਭਿਆਨਕਤਾਵਾਂ ਨੂੰ ਖਤਮ ਕਰਨਾ ਹੀ ਨਹੀਂ ਹੈ, ਬਲਕਿ ਆਉਣ ਵਾਲੇ ਸਮੇਂ ਲਈ ਰਾਹ ਸਾਫ਼ ਕਰਕੇ ਹਿੰਦੂ ਰਾਸ਼ਟਰ ਸਥਾਪਤ ਕਰਨਾ ਵੀ ਹੈ।ਮੇਰਾ ਅਨੁਮਾਨ ਹੈ ਕਿ ਸਾਡੇ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਅਸੀਂ ਦਸ ਲੱਖ ਪੰਨਿਆਂ ਦੇ ਸਬੂਤ ਇਕੱਠੇ ਕਰਨ ਦੀਆਂ ਮੁਹਿੰਮਾਂ ਅਤੇ 2000 ਪੇਜਾਂ ਦੇ ਅਦਾਲਤੀ ਫੈਸਲਿਆਂ ਲਈ ਸ਼ੁਕਰਗੁਜ਼ਾਰ ਹੋਣ ਦੀ ਉਮੀਦ ਕਰਦੇ ਹਾਂ।ਕਿਉਂਕਿ ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਲੋਕਤੰਤਰ ਦੀ ਲਾਸ਼ ਨੂੰ ਅਜੇ ਵੀ ਘਸੀਟਿਆ ਜਾ ਰਿਹਾ ਹੈ।ਹਾਥਰਸ ਦੀ ਮਾਰੀ ਗਈ ਬਲਾਤਕਾਰ ਪੀੜਤ ਲੜਕੀ ਦਾ ਪਰਿਵਾਰ ਵਲੋਂ ਅੰਤਿਮ ਸਸਕਾਰ ਸਰਕਾਰ ਵਲੋਂ ਨਹੀਂ ਕਰਨ ਦਿਤਾ ਗਿਆ । ਸਾਡੇ 'ਤੇ ਰਾਜ ਕਰਨ ਵਾਲਿਆਂ ਦਾ ਅਚਾਨਕ ਨਾਅਰਾ ਇਹ ਹੋ ਸਕਦਾ ਹੈ - ਇੱਕ ਧੱਕਾ ਅਤੇ ਦੋ, ਲੋਕਤੰਤਰ ਨੂੰ ਖਤਮ ਕਰ ਦੋ।ਇਹ ਸਭ ਹਿਟਲਰੀ ਰਾਜ ਵਲ ਵਧਦੇ ਕਦਮ ਹਨ।

## ਕਿਸਾਨ ਜਥੇਬੰਦੀਆਂ ਨੇ...

ਕਿਸਾਨ ਜਥੇਬੰਦੀਆਂ ਨੇ ਅੱਜ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇ ਵਿਧਾਨ ਸਭਾ ਦਾ 15 ਅਕਤੂਬਰ ਤੱਕ ਵਿਸ਼ੇਸ਼ ਸੈਸ਼ਨ ਬੁਲਾਕੇ ਖੇਤੀ ਕਾਨੂੰਨ ਰੱਦ ਨਾ ਕੀਤੇ ਗਏ ਤਾਂ ਕਾਂਗਰਸ ਦਾ ਵੀ ਭਾਰਤੀ ਜਨਤਾ ਪਾਰਟੀ ਵਾਂਗ ਬਾਈਕਾਟ ਕੀਤਾ ਜਾਵੇਗਾ।

ਜਥੇਬੰਦੀਆਂ ਵੱਲੋਂ ਅੱਜ ਦੀ ਮੀਟਿੰਗ ਵਿੱਚ ਅਜਮੇਰ ਸਿੰਘ ਲੱਖੋਵਾਲ ਨੂੰ ਉਨਾ ਚਿਰ ਤੱਕ ਮੀਟਿੰਗਾਂ 'ਚੋਂ ਮੁਅੱਤਲ ਕਰਨ ਦਾ ਫੈਸਲਾ ਕੀਤਾ ਗਿਆ, ਜਿੰਨਾ ਚਿਰ ਤੱਕ ਉਨਾਂ ਵੱਲੋਂ ਸੁਪਰੀਮ ਕੋਰਟ ਵਿੱਚ ਪਾਈ ਗਈ ਪਟੀਸ਼ਨ ਨੂੰ ਵਾਪਸ ਲੈਣ ਸਬੰਧੀ ਪੂਰਨ ਦਸਤਾਵੇਜ਼ ਬਾਕੀ 30 ਕਿਸਾਨ ਜਥੇਬੰਦੀਆਂ ਸਾਹਮਣੇ ਪੇਸ਼ ਨਹੀਂ ਕੀਤੇ ਜਾਂਦੇ। ਜਥੇਬੰਦੀਆਂ ਵੱਲੋਂ ਰੇਲ ਰੋਕੂ ਅੰਦੋਲਨ, ਭਾਜਪਾ ਦਾ ਬਾਈਕਾਟ, ਟੌਲ-ਪਲਾਜ਼ਿਆਂ ਉਪਰ ਧਰਨੇ, ਰਿਲਾਇੰਸ ਪੰਪਾਂ ਦਾ ਬਾਈਕਾਟ, ਸੌਂਪਿੰਗ ਮਾਲਜ਼, ਅਡਾਨੀ ਗੁਦਾਮ ਦੇ ਪੁਆਇੰਟ ਵਧਾਕੇ ਲਗਾਤਾਰ ਹਫ਼ਤੇ ਲਈ ਇਸ ਅੰਦੋਲਨ ਨੂੰ ਪਹਿਲਾਂ ਤਰਾਂ ਹੀ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਪਹਿਲਾਂ ਕੁੱਝ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਸਰਕਾਰੀ ਨੁਮਾਂਇੰਦਿਆਂ ਨੂੰ ਗੱਲਬਾਤ ਤੋਂ ਦੋ ਟੂਕ ਜਵਾਬ ਦਿੱਤਾ ਗਿਆ ਸੀ ਕਿ ਜਦੋਂ ਤਕ ਇਹ ਕਾਨੂੰਨ ਰੱਦ ਨਹੀਂ ਹੁੰਦੇ ਉਦੋਂ ਤਕ ਭਾਰਤ ਸਰਕਾਰ ਨਾਲ ਕੋਈ ਗੱਲਬਾਤ ਨਹੀਂ ਹੋ ਸਕਦੀ, ਪਰ ਹੁਣ ਜਥੇਬੰਦੀਆਂ ਦੇ ਆਗੂਆਂ ਦਾ ਵੱਡਾ ਹਿੱਸਾ ਇਕ ਵਾਰ ਸਰਕਾਰ ਨਾਲ ਮੇਜ 'ਤੇ ਬੈਠਣ ਲਈ ਤਿਆਰ ਹੋ ਚੁੱਕਿਆ ਹੈ। ਸੂਤਰਾਂ ਮੁਤਾਬਕ ਭਾਰਤ ਸਰਕਾਰ ਦੀਆਂ ਅਜੈਂਸੀਆਂ ਨੇ ਆਉਂਦੇ ਦਿਨਾਂ ਨੂੰ ਇਸ ਗੱਲਬਾਤ ਦੇ ਪ੍ਰਬੰਧ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਹੋ ਸਕਦਾ ਹੈ ਕਿ ਇਕ ਦੋ ਦਿਨਾਂ ਤਕ ਕਿਸਾਨ ਜਥੇਬੰਦੀਆਂ ਨੂੰ ਉਹਨਾਂ ਦੀ ਇੱਛਾ ਮੁਤਾਬਕ ਅਧਿਕਾਰਤ ਤੌਰ 'ਤੇ ਵੀ ਗੱਲਬਾਤ ਦਾ ਸੱਦਾ ਭੇਜ ਦਿੱਤਾ ਜਾਵੇ।

## ਖੇਤੀ-ਬਾੜੀ ਉਪਜ ਦਾ...

ਹਰ ਫਸਲ ਦਾ ਮੁੱਲ ਤੈਅ ਕਰਨ ਦਾ ਹੱਕ ਸਥਾਨਕ ਕਿਸਾਨਾਂ, ਖੇਤੀਬਾੜੀ ਮਾਹਰਾਂ ਅਤੇ ਸਥਾਨਕ ਸਰਕਾਰੀ ਨੁਮਾਇੰਦਿਆਂ ਦੀ ਸਾਂਝੀ ਪਰੇ ਕੋਲ ਹੋਣਾ ਚਾਹੀਦਾ ਹੈ।

ਇਸੇ ਤਰਾਂ ਹੀ ਮੰਡੀਕਰਣ ਅਤੇ ਕੌਮਾਂਤਰੀ ਵਪਾਰ ਦੇ ਮਾਮਲੇ ਵਿੱਚ ਵੀ ਸਾਰੇ ਹੱਕ ਪੰਜਾਬ ਨੂੰ ਮਿਲਣੇ ਚਾਹੀਦੇ ਹਨ। ਪੰਜਾਬ ਲਈ ਖੇਤੀ-ਬਾੜੀ ਉਪਜਾਂ ਲਈ ਪਾਕਿਸਤਾਨ, ਅਰਬ ਮੁਲਕ ਅਤੇ ਮੱਧ ਏਸ਼ੀਆਈ ਮੁਲਕਾਂ ਨੂੰ ਵਪਾਰ ਕਰਨਾ ਜਿਆਦਾ ਲਾਹੇਵੰਦ ਸਾਬਤ ਹੋ ਸਕਦਾ ਹੈ।

ਪੰਜਾਬ ਦੇ ਕੁਦਰਤੀ ਸਾਧਨਾਂ ਤੇ ਦਰਿਆਈ ਪਾਣੀ ਉੱਤੇ ਪੰਜਾਬ ਦਾ ਹੱਕ ਹੈ ਜਿਸ ਉੱਤੇ ਦਿੱਲੀ ਸਾਮਰਾਜ ਨੇ ਧੱਕੇਸ਼ਾਹੀ ਨਾਲ ਆਪਣਾ ਕਬਜ਼ਾ ਜਮਾ ਕੇ ਇਸ ਦੀ ਗੈਰਕੁਦਰਤੀ ਵੰਡ ਕੀਤੀ ਹੈ। ਪੰਜਾਬ ਦੇ ਕੁਦਰਤੀ ਸਾਧਨਾਂ ਅਤੇ ਦਰਿਆਈ ਪਾਣੀ ਉੱਤੇ ਪੰਜਾਬ ਦੇ ਹੱਕ ਦੀ ਬਹਾਲੀ ਅਹਿਮ ਤੇ ਬੁਨਿਆਦੀ ਮਸਲਾ ਹੈ। ਸੋ ਪੰਜਾਬ ਦੇ ਇਹ ਹੱਕ ਬਹਾਲ ਹੋਣੇ ਚਾਹੀਦੇ ਹਨ।

ਇਹ ਸਾਰੇ ਮਸਲੇ ਸਿਰਫ ਆਰਥਕ ਨਹੀਂ ਹਨ ਸਗੋਂ ਰਾਜਸੀ ਹਨ। ਮੁੱਲ ਤੈਅ ਕਰਨ ਅਤੇ ਇੰਟਰਨੈਸ਼ਨਲ ਵਪਾਰ ਕਰਨ ਲਈ ਹੱਕ ਹਾਸਲ ਕਰਨ ਲਈ ਰਾਜਸੀ ਸੰਘਰਸ਼ ਦੀ ਲੋੜ ਹੈ ਤਾਂ ਜੋ ਇਸ ਖਿੱਤੇ ਵਿੱਚ ਐਸਾ ਰਾਜਸੀ ਪ੍ਰਬੰਧ ਸਿਰਜਿਆ ਜਾ ਸਕੇ, ਜਿਸ ਵਿੱਚ ਬੁਨਿਆਦੀ ਫੈਸਲੇ ਲੈਣ ਦੀ ਅਜਾਦੀ ਸਥਾਨਕ ਲੋਕਾਂ ਕੋਲ ਹੋਵੇ। ਸੋ ਇਹ ਸੰਘਰਸ਼ ਸਿਰਫ ਕੁਝ ਰਿਆਇਤਾਂ ਜਾਂ ਸਹੂਲਤਾਂ ਹਾਸਲ ਕਰਨ ਦੀ ਬਜਾਏ ਸਵੈਨਿਰਣਾ ਕਰਨ ਦੀ ਅਜਾਦੀ ਦਾ ਹੱਕ ਹਾਸਲ ਕਰਨ ਦੀ ਲੜਾਈ ਦੇ ਤੌਰ ਤੇ ਲੜਿਆ ਜਾਣਾ ਚਾਹੀਦਾ ਹੈ।

ਅਜੈਪਾਲ ਸਿੰਘ ਬਰਾੜ (ਲੇਖਕ, ਵਕਤਾ ਅਤੇ ਕਾਰੋਬਾਰੀ)

ਅਨੂਪ ਸਿੰਘ ਘਣੀਆਂ (ਖੋਜਾਰਥੀ)

ਇੰਦਰਪਰੀਤ ਸਿੰਘ ਸੰਗਰੂਰ

ਸਰਬਜੀਤ ਸਿੰਘ ਘੁਮਾਣ (ਵਿਚਾਰਕ ਤੇ ਪੰਥ ਸੇਵਕ)

ਸੁਖਜੀਤ ਸਿੰਘ

ਸੁਖਦੀਪ ਸਿੰਘ ਮੀਕੇ (ਪੰਥ ਸੇਵਕ)

ਸੁਖਮਿੰਦਰ ਸਿੰਘ (ਵਿਦਿਆਰਥੀ)

ਸੁਖਵਿੰਦਰ ਸਿੰਘ

ਸੁਖਵਿੰਦਰ ਸਿੰਘ (ਕਿਸਾਨ)

ਸੁਮਨ ਕੁਮਾਰ (ਸਾਫਟਵੇਅਰ ਇੰਜੀਨੀਅਰ)

ਹਰਜਿੰਦਰ ਸਿੰਘ (ਕਿਸਾਨ)

ਹਰਪ੍ਰੀਤ ਸਿੰਘ (ਸੌਫਟਵੇਅਰ ਕੁਆਲਟੀ ਇੰਜੀਨੀਅਰ)

ਹਰਬਖਸ਼ ਸਿੰਘ (ਇਨਫਰਮੇਸ਼ਨ ਤਕਨਾਲਜੀ ਮਾਹਿਰ)

ਹਰਮਨਦੀਪ ਸਿੰਘ (ਇਲੈਕਟ੍ਰੀਕਲ ਇੰਜੀਨੀਅਰ)

ਕਰਨਜੀਤ ਸਿੰਘ ਕਾਠਗੜ

ਗੰਗਵੀਰ ਸਿੰਘ ਰਾਠੌਰ (ਕਾਰਕੁੰਨ)

ਗੁਰਜੰਟ ਸਿੰਘ (ਪੰਥ ਸੇਵਕ)

ਗੁਰਨਾਮ ਸਿੰਘ ਮੂਨਕਾਂ

ਗੁਰਪਾਲ ਸਿੰਘ (ਕਿਸਾਨ)

ਗੁਰਪ੍ਰੀਤ ਸਿੰਘ ਖੁੱਡਾ

ਜਗਮੋਹਨ ਸਿੰਘ (ਅੰਗ੍ਰੇਜੀ ਸਿੱਖ ਨਿਊਜ਼ ਪੋਰਟਲ ਸੰਪਾਦਕ)

ਜੁਝਾਰ ਸਿੰਘ (ਇੱਕ ਵਿਦਿਆਰਥੀ ਜਥੇਬੰਦੀ ਦਾ ਆਗੂ)

ਦਵਿੰਦਰ ਸਿੰਘ ਸੇਖੋਂ (ਵਿਚਾਰਕ ਤੇ ਕਿਸਾਨ)

ਪਰਦੀਪ ਸਿੰਘ (ਲੇਖਕ ਅਤੇ ਫਿਲਮ ਨਿਰਦੇਸ਼ਕ)

ਪਰਮਜੀਤ ਸਿੰਘ (ਇੱਕ ਖਬਰ ਅਦਾਰੇ ਦਾ ਸੰਪਾਦਕ)

ਪਰਮਜੀਤ ਸਿੰਘ ਮੰਡ (ਪੰਥ ਸੇਵਕ)

ਬਿਕਰਮਜੀਤ ਸਿੰਘ (ਸਾਫਟਵੇਅਰ ਇੰਜੀਨੀਅਰ)

ਮਨਧੀਰ ਸਿੰਘ (ਪੰਥ ਸੇਵਕ)

ਮਲਕੀਤ ਸਿੰਘ ਭਵਾਨੀਗੜ (ਪੰਥ ਸੇਵਕ)

ਰਣਵੀਰ ਸਿੰਘ (ਪੰਥ ਸੇਵਕ)

ਰਮਣੀਕ ਸਿੰਘ (ਕੁਦਰਤੀ ਖੇਤੀ ਉਤਪਾਦਾਂ ਦਾ ਕਾਰੋਬਾਰੀ)

ਰਵਿੰਦਰ ਸਿੰਘ ਧਰਮਗੜ (ਕਾਰਕੁੰਨ)

ਰਾਜਪਾਲ ਸਿੰਘ ਸੰਧੂ (ਪੰਥ ਸੇਵਕ)

ਵੱਖ-ਵੱਖ ਖੇਤਰਾਂ ਵਿਚ ਵਿਚਰਦੇ 35 ਦੇ ਕਰੀਬ ਸਿੱਖ ਅਤੇ ਪੰਜਾਬੀ ਵਿਚਾਰਕਾਂ ਨੇ ਭਾਰਤੀ ਸਰਕਾਰ ਵਲੋ ਪਾਸ ਕੀਤੇ ਨਵੇਂ ਖੇਤੀ ਬਾੜੀ ਕਨੂੰਨ ਅਤੇ ਚਲ ਰਹੇ ਸੰਘਰਸ਼ ਸਬੰਧੀ ਇਕ ਸਾਂਝਾ ਪੱਖ ਪੇਸ਼

## ਗੁਰੂ ਘਰ ਦੇ ਬਾਬੇ ਨੇ ਚਿਟ...

ਜਦੋਂ ਇਸ ਮਾਮਲੇ ਸਬੰ
ਧੀ ਗੁਰਦੁਆਰਾ ਸਾਹਿਬ ਦੇ ਉਕਤ ਗ੍ਰੰਥੀ ਸਿੰਘ ਭਾਈ ਗੁਰਮੇਲ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨਾਂ ਕਿਹਾ ਕਿ ਇਹ ਕੋਈ ਚਿਟਫੰਡ ਕੰਪਨੀ ਨਹੀਂ ਚਲਾ ਰਹੇ, ਅਖੰਡ ਪਾਠ ਸਾਹਿਬ ਦੀ ਭੇਟਾ ਦੇ ਰੂਪ ਵਿਚ ਮਾਇਆ ਦਾਨ ਕੀਤੀ ਜਾ ਰਹੀ ਹੈ, ਜੋ ਅੱਗੇ ਲੋਕਾਂ ਵਿਚ ਵੰਡੀ ਜਾਵੇਗੀ, ਜਿਸ ਤਰਾਂ ਇਹ ਪੈਸਾ ਆਈ ਜਾਵੇਗਾ ਉਸੇ ਤਰਾਂ ਅੱਗੇ ਵੰਡਿਆ ਜਾਵੇਗਾ। ਜਦੋਂ ਆਉਣਾ ਬੰਦ ਹੋ ਗਿਆ ਤਾਂ ਕੰਮ ਰੁਕ ਜਾਵੇਗਾ। ਪਰ ਗੁਰੂ ਦੀ ਕ੍ਰਿਪਾ ਨਾਲ ਇਹ ਕੰਮ ਰੁਕੇਗਾ ਨਹੀਂ। ਵੱਡੇ ਪੱਧਰ ਤੇ ਚੱਲਦਾ ਰਹੇਗਾ। ਸੋ ਜੇਕਰ ਪ੍ਰਸ਼ਾਸ਼ਨ ਵੱਲੋਂ ਇਸ ਮਾਮਲੇ ਦੀ ਗਹਿਰਾਈ ਨਾਲ ਪੜਤਾਲ ਕੀਤੀ ਜਾਂਦੀ ਹੈ ਤਾਂ ਇਸ ਕਾਰੋਬਾਰ ਦੇ ਪਿੱਛੇ ਅਸਲ ਮਾਸਟਰਮਾਈਂਡ ਵਿਅਕਤੀ ਕੌਣ ਹੈ ਅਤੇ ਇਸ ਕਾਰੋਬਾਰ ਨੂੰ ਚਲਾਉਣ ਲਈ ਕਿਹੜੇ ਸਿਆਸੀ ਆਗੂ ਦਾ ਥਾਪੜਾ ਹੈ, ਸਾਰਾ ਕੁੱਝ ਸਾਹਮਣੇ ਆ ਜਾਵੇਗਾ ਅਤੇ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ।




## ਪਾਠਕਾਂ ਦਾ ਨਜ਼ਰੀਆ

### ਪੰਜਾਬ ਦੀ ਖੁਦਮੁਖਤਿਆਰੀ ਲਈ ਜਾਤ-ਪਾਤ ਛਡੋ

ਪੰਜਾਬ ਦੀ ਖੁਦਮੁਖਤਿਆਰੀ ਲਈ ਜਾਤ-ਪਾਤ ਛਡੋ , ਮਨੂਵਾਦ ,ਡੇਰਾਵਾਦ ਤਿਆਗੋ ਗੁਰੂ ਹੁਕਮ ਸਮਾਜ ਵਿਚ ਲਾਗੂ ਕਰਕੇ ਸਾਂਝੀਵਾਲਤਾ ਦਾ ਸਮਾਜ ਸਿਰਜੋ। ਮੂਲਨਿਵਾਸੀਆਂ ਨੂੰ ਆਪਣੇ ਭਰਾ ਸਮਝੋ,ਹਿੰਦੂ ਭਾਈਚਾਰੇ ਨਾਲ ਰਾਬਤਾ ਕਾਇਮ ਕਰੋ। ਵਿਸ਼ਾਲ ਸੰਗਤ ਸੰਗਠਨ ਸਿਰਜੋ ਜੋ ਗੁਰੂ ਨਾਨਕ ਸਾਹਿਬ ਦਾ ਮੀਡੀਆ ਚੈਨਲ ਸੀ।ਆਪਣੀ ਰਾਜਨੀਤੀ ਖੜੀ ਕਰੋ।ਪੰਜਾਬ ਦੇ ਭਵਿਖ ਦੇ ਵਾਰਸ ਬਣੋ।ਖਾਲਸਾ ਪੰਚਾਇਤਾਂ ਬਣਾਕੇ ਪਿੰਡਾ ਵਿਚ ਗਿਆਨੀ ਦਿਤ ਸਿੰਘ ਵਾਂਗ ਸਿੰਘ ਸਭਾ ਲਹਿਰ ਚਲਾਉ।ਕਿਸੇ ਗਰੰਥ ਨੂੰ ਗੁਰੂ ਗਰੰਥ ਸਾਹਿਬ ਬਿਨਾਂ ਗੁਰੂ ਨਾ ਮੰਨੋ।ਸਾਡਾ ਪਾਤਸਾਹ ਬਾਦਸਾਹ ਤਖਤ ਚੰਵਰ ਛਤਰ ਦਾ ਮਾਲਕ ਗੁਰੂ ਗਰੰਥ ਸਾਹਿਬ ਹੈ।ਕਿਸਾਨੀ ਤੇ ਦਰਿਆਈ ਤੇ ਪੰਜਾਬ ਮਸਲਿਆਂ ਦਾ ਹਲ ਰਾਜਾਂ ਦੀ ਖੁਦਮੁਖਤਿਆਰੀ ਹੈ ਜੋ ਅਨੰਦਪੁਰ ਮਤੇ ਵਿਚ ਲਿਖਿਆ ਹੈ। ਮੂਲਨਿਵਾਸੀ ਤੇ ਪੰਥਕ ਏਕਤਾ ਹੀ ਪੰਜਾਬ ਦੀ ਅਗਵਾਈ ਕਰ ਸਕੇਗੀ। ਮੁਸਲਮਾਨ ਅਗੇ ਹੀ ਸਿਖਾਂ ਦੇ ਨੇੜੇ ਹਨ। ਮੂਲਨਿਵਾਸੀ ਭਾਈਚਾਰੇ ਨੂੰ ਪੰਚਾਇਤੀ ਜਮੀਨਾਂ ਵੰਡਣ ਵਿਚ ਪੰਚਾਇਤਾਂ ਤੇ ਜਟ ਭਾਈਚਾਰਾ ਰੋਲ ਨਿਭਾਵੇ ਤਾਂ ਜੋ ਅਸੀਂ ਗੁਰੂਆਂ ਦੇ ਪੰਜਾਬ ਦੀ ਸਿਰਜਣਾ ਕਰਕੇ ਵਿਸਵ ਨੂੰ ਸੁਨੇਹਾ ਦੇ ਸਕੀਏ। ਗੁਰੂਆਂ ਦਾ ਸਮਾਜ ਸਿਰਜੇ ਬਿਨਾਂ ਅਸੀਂ ਕੋਈ ਸੰਘਰਸ ਨਹੀਂ ਜਿਤ ਸਕਦੇ। ਜਿਹਨਾਂ ਨੂੰ ਜਾਤੀ ਦਾ ਅਭਿਮਾਨ ਹੈ ਉਹ ਗੁਰੂ ਸਾਹਿਬਾਨ ਦੇ ਦੁਸਮਣ ਮਨੂਵਾਦ ਦੇ ਸਿਖ ਹਨ।ਗੁਰੂ ਗਰੰਥ ਸਾਹਿਬ ਨੂੰ ਸਮਝਕੇ ਪੜੋ ਅਸੀਂ ਬਾਹਮਣਵਾਦ ਦੇ ਭਵਜਲ ਵਿਚੋਂ ਪਾਰ ਲੰਘ ਸਕੀਏ ।ਭਾਈ ਸਿਖੋ ਗੁਰੂ ਸਾਹਿਬ ਤੁਹਾਨੂੰ ਜੰਗ ਜਿਤਣ ਦਾ ਨੁਸਖਾ ਦਿੰਦੇ ਹਨ ਕਿ ਬਾਹਮਣਵਾਦ ਦੇ ਭਵਜਲ ਵਿਚੋਂ ਨਿਕਲਣ ਲਈ ਗੁਰੂ ਦੀ ਸਰਨ ਵਿਚ ਆਉ।ਇਹ ਖਾਰਾ ਭਵਜਲ ਸਮੁੰਦਰ ਮਨੂ ਸਿਮਰਤੀਆਂ ਅਧੀਨ ਉਸਰਿਆ ਸਿਸਟਮ ਹੈ ,ਜਿਸ ਵਿਚ ਜਨਮ ਜਨਮਾਂਤਰਾਂ ਦੀ ਮੈਲ ਹੈ ਜੋ ਤੁਹਾਡੇ ਮਨ ਨੂੰ ਮਾਲੀਨ ਕਰਦੀ ਹੈ।

**ਗੁਰੁ ਪਰਮੇਸਰੁ ਕਰਣੈਹਾਰੁ ॥ ਸਗਲ ਸ੍ਰਿਸਟਿ ਕਉ ਦੇ ਆਧਾਰੁ ॥੧॥ ਗੁਰ ਕੇ ਚਰਣ ਕਮਲ ਮਨ ਧਿਆਇ ॥ ਦੂਖੁ ਦਰਦੁ ਇਸੁ ਤਨ ਤੇ ਜਾਇ ॥੧॥ ਰਹਾਉ ॥ ਭਵਜਲਿ ਡੂਬਤ ਸਤਿਗੁਰੁ ਕਾਢੈ ॥ ਜਨਮ ਜਨਮ ਕਾ ਟੂਟਾ ਗਾਢੈ ॥੨॥ ਗੁਰ ਕੀ ਸੇਵਾ ਕਰਹੁ ਦਿਨੁ ਰਾਤਿ ॥ ਸੂਖ ਸਹਜ ਮਨਿ ਆਵੈ ਸਾਂਤਿ ॥੩॥ ਸਤਿਗੁਰ ਕੀ ਰੇਣੁ ਵਡਭਾਗੀ ਪਾਵੈ ॥ ਨਾਨਕ ਗੁਰ ਕਉ ਸਦ ਬਲਿ ਜਾਵੈ ॥੪॥੧੯॥੨੨॥ ਪੰਨਾ 741**

ਹੇ ਭਾਈ ਸਿਖਾ, ਗੁਰੂ ਦੇ ਸੋਹਣੇ ਕੋਮਲ ਚਰਨਾਂ ਦਾ ਧਿਆਨ ਧਰਿਆ ਕਰ (ਜੇਹੜਾ ਮਨੁੱਖ ਇਹ ਉੱਦਮ ਕਰਦਾ ਹੈ ਉਸ ਦੇ) ਇਸ ਸਰੀਰ ਤੋਂ ਹਰੇਕ ਕਿਸਮ ਦਾ ਦੁੱਖ-ਕਲੇਸ਼ ਦੂਰ ਹੋ ਜਾਂਦਾ ਹੈ।੧।

ਹੇ ਭਾਈ ਸਿਖਾ! ਗੁਰੂ ਉਸ ਅਕਾਲ ਦਾ ਰੂਪ ਹੈ ਜੇਹੜਾ ਸਭ ਤੋਂ ਵੱਡਾ ਮਾਲਕ ਹੈ ਜੇਹੜਾ ਸਭ ਕੁਝ ਕਰ ਸਕਣ ਵਾਲਾ ਹੈ। ਗੁਰੂ ਸਾਰੀ ਸ੍ਰਿਸ਼ਟੀ ਨੂੰ ਆਸਰਾ ਦੇਂਦਾ ਹੈ।੧।

ਹੇ ਭਾਈ ਸਿਖਾ! ਗੁਰੂ ਮਨੂਵਾਦੀ ਭਵਜਲ ਵਿਚ ਡੁਬਦਿਆਂ ਨੂੰ ਬਚਾ ਲੈਂਦਾ ਹੈ, ਅਨੇਕਾਂ ਜਨਮਾਂ ਤੋਂ (ਸਤਿਗੁਰੂ ਨਾਲੋਂ) ਟੁੱਟੇ ਹੋਏ ਮਨੁੱਖ ਨੂੰ ਜੀਵਨ ਮੁਕਤੀ ਦਿੰਦਾ ਹੈ।

ਹੇ ਭਾਈ ਸਿਖਾ! ਦਿਨ ਰਾਤ ਗੁਰੂ ਦੀ (ਦੱਸੀ ਹੋਈ) ਸੇਵਾ ਕਰਿਆ ਕਰੋ,ਹੁਕਮ ਮੰਨਿਆ ਕਰ ਜੇਹੜਾ ਮਨੁੱਖ ਕਰਦਾ ਹੈ ਉਸ ਦੇ ਮਨ ਵਿਚ ਸਾਂਤੀ ਪੈਦਾ ਹੋ ਜਾਂਦੀ ਹੈ, ਆਤਮਕ ਅਡੋਲਤਾ ਦੇ ਆਨੰਦ ਪੈਦਾ ਹੋ ਜਾਂਦੇ ਹਨ।੩।ਉਹ ਮਨੂਵਾਦੀ ਸਿਸਟਮ ਵਿਚ ਨਹੀਂ ਭਟਕਦਾ।

ਹੇ ਨਾਨਕ! ਕੋਈ ਵੱਡੇ ਭਾਗਾਂ ਵਾਲਾ ਮਨੁੱਖ ਗੁਰੂ ਦੀ ਚਰਨ-ਧੂੜ ਹਾਸਲ ਕਰਦਾ ਹੈ, (ਫਿਰ ਉਹ ਮਨੁੱਖ) ਗੁਰੂ ਤੋਂ ਸਦਾ ਸਦਕੇ ਜਾਂਦਾ ਹੈ।੪।੧੯।੨੨। ਇਹੀ ਅਸਲ ਵਿਚ ਗੁਰੂ ਦਾ ਸਿਖ ਹੈ।

ਪ੍ਰੋ.ਬਲਵਿੰਦਰਪਾਲ ਸਿੰਘ

### ਖੇਤੀਬਾੜੀ ਖੇਤਰ ਹੀ ਅਰਥਚਾਰੇ ਦੀ ਗਿਰਾਵਟ ਵਿਚ ਥੰਮ੍ਹੀ ਬਣ ਸਕਦਾ

ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਇਸ ਗਿਰਾਵਟ ਦੇ ਦੌਰ ਵਿਚ ਕੇਵਲ ਖੇਤੀਬਾੜੀ ਹੀ ਅਰਥਚਾਰੇ ਨੂੰ ਸਹਾਰਾ ਦੇ ਸਕਦੀ ਹੈ ਕਿਉਂਕਿ ਮਹਾਂਮਾਰੀ ਦੇ ਦੌਰ ਵਿੱਚ ਖੇਤੀਬਾੜੀ ਦਾ ਕੰਮ ਨਹੀਂ ਰੁਕਿਆ ਜਦੋਂ ਕਿ ਬਾਕੀ ਸਾਰੇ ਖੇਤਰ ਜਾਮ ਹੋ ਗਏ ਸਨ।ਹੋਰਨਾ ਖੇਤਰਾਂ ਦੀ ਤਰਾਂ ਸਰਕਾਰ 'ਖੇਤੀਬਾੜੀ ਸੁਧਾਰਾਂ' ਦੇ ਨਾਂ ਥੱਲੇ ਆਰਥਿਕਤਾ ਦੇ ਇਸ ਅਹਿਮ ਖੇਤਰ ਨੂੰ ਵੀ ਨਿੱਜੀਕਰਨ ਅਤੇ ਖੁੱਲ੍ਹੀ ਮੰਡੀ ਦੇ ਸੰਕਲਪ ਅਧੀਨ ਵੱਡੇ ਵਪਾਰੀਆਂ, ਬਹੁਕੌਮੀ ਕੰਪਨੀਆਂ ਅਤੇ ਕਾਰਪੋਰੇਟਾਂ ਦੇ ਹਵਾਲੇ ਕਰਨ ਉੱਤੇ ਤੁਲੀ ਹੋਈ ਹੈ।

ਹਾਲ ਹੀ ਵਿੱਚ ਪਹਿਲਾਂ ਤਿੰਨ ਆਰਡੀਨੈਂਸ ਜਾਰੀ ਕਰਨ ਤੇ ਫਿਰ ਇਨ੍ਹਾਂ ਸਬੰਧੀ ਬਿਲਾਂ ਨੂੰ ਸੰਸਦ ਵਿਚ ਪਾਸ ਕਰ ਕੇ ਪੱਕੇ ਕਾਨੂੰਨ ਬਣਾਉਣ ਵੱਲ ਕਦਮ ਵਧਾਉਣ ਦਾ ਇਹੋ ਮਨੋਰਥ ਹੈ। ਤਰਕ ਦਿੱਤਾ ਜਾ ਰਿਹਾ ਹੈ ਕਿ ਹੁਣ ਖੇਤੀ ਛੋਟੇ 2 ਤੋਂ 5 ਏਕੜ ਤੱਕ ਦੇ ਮਾਲਕਾਂ ਲਈ ਲਾਹੇਵੰਦ ਨਹੀਂ ਰਹੀ। ਇਸ ਲਈ ਉਨ੍ਹਾਂ ਨੂੰ ਬੇਦਖਲ ਕਰਕੇ ਸ਼ਹਿਰਾਂ ਵਿਚ ਮਜਦੂਰ ਬਣਾ ਦਿੱਤਾ ਜਾਵੇ।

ਇਸ ਦੇ ਉਲਟ ਜੇ ਸਹਿਕਾਰੀ ਖੇਤੀ ਨੂੰ ਉਤਸ਼ਾਹਤ ਕੀਤਾ ਜਾਵੇ ਤਾਂ ਖੇਤੀ ਉਤਪਾਦਾਂ ਵਿੱਚ ਵਾਧਾ ਹੋਵੇਗਾ, ਖਰਚਿਆਂ ਵਿਚ ਕਮੀ ਆਵੇਗੀ ਅਤੇ ਰੁਜਗਾਰ ਦੇ ਸੋਮੇਂ ਜਆਦਾ ਪੈਦਾ ਹੋਣਗੇ। ਸਰਕਾਰ ਨੂੰ ਸਹਿਕਾਰੀ ਕਲਸਟਰ ਬਣਾ ਕੇ ਕਿਸਾਨਾਂ ਨੂੰ ਸਸਤੀ ਮਸ਼ੀਨਰੀ, ਦਵਾਈਆਂ ਅਤੇ ਸਸਤੀਆਂ ਖਾਧਾਂ ਸਪਲਾਈ ਕਰਨੀਆਂ ਚਾਹੀਦੀਆਂ ਹਨ। ਅਜੋਕੇ ਸਮੇਂ ਵਿੱਚ ਜਦੋਂ ਮਹਾਂਮਾਰੀ ਦੀ ਮਾਰ ਦੂਜੇ ਖੇਤਰਾਂ ਉੱਤੇ ਹੋਰ ਵਧੇਗੀ ਅਤੇ ਵਿਕਾਸ ਦਰ ਹੋਰ ਡਿਗਣ ਦਾ ਖਤਰਾ ਹੈ, ਤਾਂ ਕੇਵਲ ਖੇਤੀਬਾੜੀ ਖੇਤਰ ਹੀ ਅਰਥਚਾਰੇ ਦੀ ਗਿਰਾਵਟ ਵਿਚ ਥੰਮ੍ਹੀ ਬਣ ਸਕਦਾ ਹੈ।ਅਨਾਜ ਦੀ ਪੈਦਾਵਾਰ ਵਧਾਉਣ ਲਈ ਜਰੂਰੀ ਹੈ ਕਿ ਡਾ. ਸਵਾਮੀਨਾਥਨ ਦੀਆਂ ਸਿਫਾਰਸ਼ਾਂ ਨੂੰ ਮੁਕੰਮਲ ਲਾਗੂ ਕੀਤਾ ਜਾਵੇ ਅਤੇ ਖੇਤੀਬਾੜੀ ਵਿੱਚ ਰਾਜਕੀ ਪੂੰਜੀ ਨਿਵੇਸ਼ ਵਧਾਇਆ ਜਾਵੇ।

ਪਰੇਮ ਸਿੰਘ ਭੰਗੂ

### ਸਿਆਸਤਦਾਨਾਂ ਨੇ ਚਲਾਕੀ ਨਾਲ਼ ਕਿਸਾਨਾਂ ਦੇ ਹੱਕਾਂ ਤੇ ਆਪ ਡਾਕਾ ਮਰਵਾਇਆ

ਅੰਬਾਨੀਆਂ ਅਡਾਨੀਆਂ ਨੂੰ ਵਪਾਰਕ ਪੱਖੋਂ ਹਰ ਸਹੂਲਤ ਦੇਣ ਵਾਲ਼ੀਆਂ ਸਰਕਾਰਾਂ ਦੀ ਮੈਲ਼ੀ ਅੱਖ ਅਸਲ ਵਿਚ ਕਿਸਾਨਾਂ ਦੀਆਂ ਜ਼ਰਖੇਜ਼ ਜ਼ਮੀਨਾਂ ਤੇ ਹੈ ਅਤੇ ਇਸ ਖੇਡ ਵਿਚ ਸਭ ਤੋਂ ਗਰਕੀ ਹੋਈ ਭੂਮਿਕਾ ਕਿਸਾਨਾਂ ਦੇ ਮਸੀਹਾ ਕਹਾਉਣ ਵਾਲ਼ੇ ਬਾਦਲ ਟੱਬਰ ਨੇ ਨਿਭਾਈ ਹੈ। ਕਾਂਗਰਸ ਨੇ ਵੀ ਰਾਜਨੀਤਕ ਪੱਖ ਤੋਂ ਇਸ ਬਿੱਲ ਦਾ ਵਿਰੋਧ ਕਰ ਕੇ ਸਿਰਫ ਕਿਸਾਨਾਂ ਨੂੰ ਖੁਸ਼ ਕਰਨ ਦੀ ਕੋਸਿਸ਼ ਕੀਤੀ ਹੈ। ਇਉਂ, ਸਿਆਸਤਦਾਨਾਂ ਨੇ ਚਲਾਕੀ ਨਾਲ਼ ਕਿਸਾਨਾਂ ਦੇ ਹੱਕਾਂ ਤੇ ਆਪ ਡਾਕਾ ਮਰਵਾਇਆ ਹੈ। ਕਿਸਾਨ ਧਰਨੇ ਦੇ ਰਹੇ ਹਨ, ਸੜਕਾਂ ਜਾਮ ਕਰ ਰਹੇ ਹਨ। ਇਹ ਠੀਕ ਹੈ ਕਿ ਹੱਕਾਂ ਖਾਤਿਰ ਲੜਾਈ ਲੜਨੀ ਪੈਂਦੀ ਹੈ ਪਰ ਵੋਟਾਂ ਪਾਉਣ ਵੇਲ਼ੇ ਆਪਣੇ ਨਾਲ਼ ਧ੍ਰੋਹ ਕਮਾਉਣ ਵਾਲ਼ੇ ਸਵਾਰਥੀ ਸਿਆਸਤਦਾਨਾਂ ਦੀ ਸ਼ਨਾਖ਼ਤ ਕਰਨਾ ਵੀ ਜ਼ਰੂਰੀ ਹੈ।

ਧਰਮਜੀਤ ਸਿੰਘ ਜਲਵੇੜਾ

### ਸਾਰ ਲਓ ਮੁਸਲਿਮ ਸਮਾਜ ਦੀ

ਅਯੁੱਧਿਆ ਵਿਚ ਰਾਮ ਮੰਦਰ ਨਿਰਮਾਣ ਦੀ ਪਹਿਲ ਅੱਗੇ ਵਧਣ ਦੇ ਨਾਲ ਹੀ ਉਥੇ ਮਸਜਿਦ ਲਈ ਅਲਾਟ ਜ਼ਮੀਨ 'ਤੇ ਮਸਜਿਦ ਨਿਰਮਾਣ ਦੀ ਕੋਸ਼ਿਸ਼ ਵੀ ਤੇਜ਼ ਹੋ ਗਈ ਹੈ ਪਰ ਇਸ ਮਸਜਿਦ ਦੇ ਨਿਰਮਾਣ ਲਈ ਗਠਿਤ ਇੰਡੋ-ਇਸਲਾਮਿਕ ਕਲਚਰਲ ਫਾਊਂਡੇਸ਼ਨ ਟਰੱਸਟ ਵਿਚ ਬਾਬਰੀ ਮਸਜਿਦ ਲਈ ਸੰਘਰਸ਼ ਕਰਨ ਵਾਲੇ ਹਾਸ਼ਿਮ ਅੰਸਾਰੀ ਦੇ ਬੇਟੇ ਇਕਬਾਲ ਅੰਸਾਰੀ ਨੂੰ ਜਗ੍ਹਾ ਨਹੀਂ ਦਿੱਤੀ ਗਈ ਹੈ।

ਇਸ ਨੂੰ ਲੈ ਕੇ ਪਸਮਾਂਦਾ ਅਰਥਾਤ ਪੱਛੜੇ ਮੁਸਲਮਾਨਾਂ ਦੇ ਇਕ ਸੰਗਠਨ ਨੇ ਮਹਿਜ਼ ਵਿਰੋਧ ਹੀ ਜ਼ਾਹਰ ਕੀਤਾ ਹੈ। ਇਸ ਸੰਗਠਨ ਦਾ ਕਹਿਣਾ ਹੈ ਕਿ ਟਰੱਸਟ ਨੇ ਪੱਛੜੇ ਮੁਸਲਮਾਨਾਂ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਦਕਿ ਉਨ੍ਹਾਂ ਦੀ ਗਿਣਤੀ ਕੁੱਲ ਮੁਸਲਿਮ ਆਬਾਦੀ ਦੀ ਲਗਪਗ 90 ਫ਼ੀਸਦੀ ਹੈ। ਅਸਲ ਵਿਚ ਇਹ ਪਹਿਲੀ ਅਤੇ ਇਕੱਲੀ ਸੰਸਥਾ ਨਹੀਂ ਹੈ ਜਿਸ ਨੇ ਪਸਮਾਂਦਾ ਮੁਸਲਮਾਨਾਂ ਨੂੰ ਮਹੱਤਵ ਨਹੀਂ ਦਿੱਤਾ ਹੈ। ਮੁਸਲਿਮ ਹਿੱਤਾਂ ਦੀ ਗੱਲ ਕਰਨ ਵਾਲੀ ਦੇਸ਼ ਦੀ ਸਭ ਤੋਂ ਵੱਡੀ ਸੰਸਥਾ ਮੁਸਲਿਮ ਪਰਸਨਲ ਲਾਅ ਬੋਰਡ ਦਾ ਵੀ ਇਹੀ ਹਾਲ ਹੈ। ਕੀ ਭਾਰਤੀ ਮੁਸਲਿਮ ਸਮਾਜ ਸਿਰਫ਼ ਮਸਲਕਾਂ, ਫਿਰਕਿਆਂ ਵਿਚ ਹੀ ਵੰਡਿਆ ਹੋਇਆ ਹੈ?

ਇਸ ਦਾ ਜਵਾਬ ਹਾਂ ਵਿਚ ਮਿਲਦਾ ਹੈ।

ਉਸ ਵਿਚ ਜਾਤੀਵਾਦ ਭਾਰੂ ਹੈ। ਮੁਸਲਿਮ ਪਰਸਨਲ ਲਾਅ ਬੋਰਡ ਵਿਚ ਗ਼ੈਰ ਮੁਸਲਮਾਨਾਂ ਦੀ ਵੀ ਭਾਗੀਦਾਰੀ ਹੁੰਦੀ ਹੈ ਜੋ ਜ਼ਿਆਦਾਤਰ ਕਾਨੂੰਨ ਦੇ ਮਾਹਿਰ ਜਾਂ ਸਿਆਸਤਦਾਨ ਹੁੰਦੇ ਹਨ ਪਰ ਇੱਥੇ ਵੀ ਅਸ਼ਰਾਫ਼ ਵਰਗ ਦੀ ਹੀ ਚੜ੍ਹਤ ਹੈ। ਬੋਰਡ ਦੇ ਅਸ਼ਰਾਫ਼ ਉਲੇਮਾ ਖ਼ੁਦ ਨੂੰ ਪਸਮਾਂਦਾ ਦਾ ਪ੍ਰਤੀਨਿਧ ਹੋਣ ਦਾ ਦਾਅਵਾ ਕਰਦੇ ਹਨ। ਆਖ਼ਰ ਉਹ ਪਸਮਾਂਦਾ ਮੁਸਲਿਮ ਸਮਾਜ ਦੀਆਂ ਮਹਿਲਾਵਾਂ ਅਤੇ ਪੁਰਸ਼ਾਂ ਨੂੰ ਪ੍ਰਤੱਖ ਨੁਮਾਇੰਦਗੀ ਕਿਉਂ ਨਹੀਂ ਦਿੰਦੇ? ਸਪਸ਼ਟ ਹੈ ਕਿ ਮੁਸਲਿਮ ਪਰਸਨਲ ਲਾਅ ਬੋਰਡ ਕੇਵਲ ਮੁਸਲਿਮ ਉੱਚ ਵਰਗ ਦੀ ਹੀ ਪ੍ਰਤੀਨਿਧ ਸੰਸਥਾ ਹੈ ਜੋ ਦੇਸ਼ ਦੀ ਕੁੱਲ ਮੁਸਲਿਮ ਆਬਾਦੀ ਦਾ ਲਗਪਗ 10 ਫ਼ੀਸਦੀ ਹੀ ਹੈ। ਬਾਕੀ ਬਚੇ 90 ਪ੍ਰਤੀਸ਼ਤ ਪਸਮਾਂਦਾ ਮੁਸਲਿਮਾਂ ਦੀ ਨੁਮਾਇੰਦਗੀ ਨੂੰ ਸਿਰੇ ਤੋਂ ਖ਼ਾਰਜ ਕਰ ਕੇ ਉਹ ਪਸਮਾਂਦਾ ਦੇ ਜਮਹੂਰੀ ਅਧਿਕਾਰਾਂ ਦਾ ਹਨਨ ਕਰ ਰਿਹਾ ਹੈ। ਅੱਜ ਇਸ ਵਿਚ ਸੁਧਾਰ ਦੀ ਬੇਹੱਦ ਜ਼ਰੂਰਤ ਹੈ। ਜੇਕਰ ਇਸ ਜ਼ਰੂਰਤ ਦੀ ਪੂਰਤੀ ਲਈ ਮੁਸਲਿਮ ਪਰਸਨਲ ਲਾਅ ਬੋਰਡ ਵਰਗੇ ਸੰਗਠਨ ਕੰਮ ਨਹੀਂ ਕਰਨਗੇ ਤਾਂ ਹੋਰ ਕੌਣ ਕਰੇਗਾ? ਭਾਰਤ ਸਰਕਾਰ ਅਤੇ ਨਾਲ ਹੀ ਸੂਬਾ ਸਰਕਾਰਾਂ ਇਹ ਸਮਝਣ ਕਿ ਦੇਸ਼ ਦੇ ਮੁੱਖ ਮੁਸਲਿਮ ਸੰਗਠਨ ਪਸਮਾਂਦਾ ਮੁਸਲਿਮ ਸਮਾਜ ਦੀ ਆਵਾਜ਼ ਨਹੀਂ ਬਣ ਰਹੇ ਹਨ ਅਤੇ ਇਸੇ ਕਾਰਨ ਉਸ ਦੀਆਂ ਸਮੱਸਿਆਵਾਂ ਵੱਧਦੀਆਂ ਜਾ ਰਹੀਆਂ ਹਨ। ਸਿਤਮ ਤਾਂ ਇਹ ਹੈ ਕਿ ਇਕ ਪਾਸੇ ਮੁਸਲਿਮ ਪਰਸਨਲ ਲਾਅ ਬੋਰਡ ਪੱਛੜੇ ਮੁਸਲਮਾਨਾਂ ਦੀ ਬਾਂਹ ਨਹੀਂ ਫੜ ਰਿਹਾ, ਦੂਜੇ ਬੰਨੇ ਕੇਂਦਰ ਤੇ ਸੂਬਾ ਸਰਕਾਰਾਂ ਵੀ ਉਨ੍ਹਾਂ ਦੀ ਭਲਾਈ ਲਈ ਸੰਜੀਦਗੀ ਨਹੀਂ ਦਿਖਾ ਰਹੀਆਂ। ਸਰਕਾਰਾਂ ਤੇ ਮੁਸਲਿਮ ਸੰਗਠਨਾਂ ਨੂੰ ਦਿਲੋਂ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਮੁਸਲਮਾਨਾਂ ਖ਼ਾਸ ਤੌਰ 'ਤੇ ਪੱਛੜੇ ਮੁਸਲਿਮ ਵਰਗ ਲਈ ਕੁਝ ਕਰਨ।

ਫੈਯਾਜ਼ ਅਹਿਮਦ ਫੈਜ਼ੀ

### ਅੰਧ ਵਿਸ਼ਵਾਸੀਆਂ ਦਾ ਕੋਈ ਧਰਮ ਨਹੀਂ ਹੁੰਦਾ

ਅੱਜ ਦੇ ਆਧੁਨਿਕ ਬੋਧ ਵਾਲੇ ਦੌਰ ਵਿੱਚ ਵੀ ਅਖੌਤੀ ਬਾਬਿਆਂ ਤੇ ਡੇਰਾਵਾਦ ਦੀ ਚੜ੍ਹਤ ਵੇਖੀ ਜਾ ਸਕਦੀ ਹੈ। ਬੇਸ਼ਕ ਇਸਦੇ ਰਾਜਸੀ ਜਾਂ ਧਾਰਮਿਕ ਕਾਰਨ ਵੀ ਹੋ ਸਕਦੇ ਹਨ ਪ੍ਰੰਤੂ ਸਾਡੇ ਕੋਲ ਬਹੁਤ ਸਾਰੀਆਂ ਮਿਸਾਲਾਂ ਮੌਜੂਦ ਹਨ ਤੇ ਅਖਬਾਰਾਂ ਅਤੇ ਟੀਵੀ ਤੋਂ ਖਬਰਾਂ ਮਿਲਦੀਆਂ ਹਨ ਕਿ ਇਹ ਆਪੂੰ ਸਜੇ ਗੁਰੂ, ਬਾਬੇ ਕਿਹੋ ਜਿਹੇ ਕੁਕਰਮ ਕਰਦੇ ਹਨ। ਜਿਸ ਇਸਤਰੀ ਲਈ ਗੁਰੂ ਨਾਨਕ ਨੇ 'ਸੋ ਕਿਉ ਮੰਦਾ ਆਖਿਐ ਜਿਤੁ ਜੰਮੇ ਰਾਜਾਨੁ' ਉਚਾਰਿਆ, ਉਸੇ ਧਰਤੀ 'ਤੇ ਇਸਤਰੀ ਨੂੰ ਬੇਇੱਜ਼ਤ ਕੀਤਾ ਜਾ ਰਿਹਾ ਹੈ। ਬਾਲੜੀਆਂ ਨੂੰ ਵੀ ਬਖਸ਼ਿਆ ਨਹੀਂ ਜਾ ਰਿਹਾ। ਇਹ ਬਾਬੇ ਜਾਂ ਗੁਰੂ ਕਹਾਉਣ ਵਾਲੇ ਕਿਸੇ ਦਾ ਕਤਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ।

ਇਤਿਹਾਸ ਨੂੰ ਵੀ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੈ ਅਤੇ ਮਿਥਿਹਾਸ ਦੇ ਪੰਨਿਆਂ ਦਾ ਜ਼ਬਰਦਸਤੀ ਪਾਠ ਪੜ੍ਹਾਇਆ ਜਾ ਰਿਹਾ ਹੈ। ਅਸੀਂ ਚੌਂਹ ਤਰਫ ਦੇਖ ਰਹੇ ਹਾਂ ਕਿ ਤਰਕਸ਼ੀਲ ਅਤੇ ਵਿਗਿਆਨਕ ਸੋਚ ਦੇ ਧਾਰਨੀ ਵਿਅਕਤੀਆਂ ਦੇ ਕਿਵੇਂ ਰਾਹ ਰੋਕੇ ਜਾ ਰਹੇ ਹਨ।

ਉਨ੍ਹਾਂ ਉੱਤੇ ਅੱਤਿਆਚਾਰ ਵੀ ਹੋ ਰਹੇ ਹਨ ਤੇ ਉਨ੍ਹਾਂ ਦੇ ਮੂੰਹ ਬੰਦ ਕਰਨ ਲਈ ਫਿਰਕੂ ਅਨਸਰ ਕਤਲ ਕਰਨ ਤਕ ਜਾਂਦੇ ਹਨ। ਇਸ ਆਧੁਨਿਕ ਤੇ ਵਿਗਿਆਨਕ ਦੌਰ ਵਿੱਚ ਸਿਆਸੀ ਆਗੂ ਆਪਣੀਆਂ ਮਨਮਾਨੀਆਂ ਤਾਂ ਕਰਦੇ ਹੀ ਹਨ, ਬਲਕਿ ਭਾਰਤ ਵਰਸ਼ ਨੂੰ ਫਿਰਕੂ ਰੰਗਣ ਦੇ ਕੇ ਆਪਣੇ ਹਿਤਾਂ ਦੀ ਪੂਰਤੀ ਵੀ ਕਰਦੇ ਹਨ। ਅੰਧ ਵਿਸ਼ਵਾਸਾਂ ਦੇ ਖਾਤਮੇ ਲਈ ਕਾਨੂੰਨ ਬਣਨੇ ਜ਼ਰੂਰੀ ਹਨ ਪਰ ਇਸ ਤੋਂ ਵੀ ਪਰ੍ਹੇ ਜਾਂਦਿਆਂ ਮਨੁੱਖਤਾ ਨੂੰ ਜਾਗਰੂਕ ਕਰਨ ਦੀ ਲੋੜ ਹੈ।

ਲੇਕਿਨ ਇਹ ਤਦ ਹੀ ਸੰਭਵ ਹੋ ਸਕੇਗਾ ਜੇਕਰ ਵਿਗਿਆਨਕ ਸੋਚ ਨੂੰ ਪ੍ਰਣਾਈਆਂ ਲਿਖਤਾਂ ਤੇ ਸਾਹਿਤ ਸਿਲੇਬਸ ਦਾ ਹਿੱਸਾ ਬਣਨ। ਵਹਿਮ ਭਰਮ ਉਪਜਾਉਂਦੇ ਟੀਵੀ ਸੀਰੀਅਲਾਂ ਅਤੇ ਫਿਲਮਾਂ ਉੱਪਰ ਵੀ ਰੋਕ ਲੱਗੇ। ਫੋਕੀਆਂ ਦਲੀਲਾਂ, ਅਪੀਲਾਂ ਜਾਂ ਚੰਦ ਬੰਦਿਆਂ ਲਈ ਸੈਮੀਨਾਰ ਹੀ ਕਾਫੀ ਨਹੀਂ, ਜਨ ਸਮੂਹ ਦੀ ਬਿਹਤਰੀ ਲਈ ਵੱਡੇ ਉਪਰਾਲੇ ਕਰਨੇ ਹੋਣਗੇ ਅਤੇ ਇਹ ਚੰਗਿਆਈ ਦਾ ਕੰਮ ਤੁਸੀਂ ਖੁਦ ਕਿਉਂ ਨਹੀਂ ਕਰ ਅਰੰਭ ਕਰਦੇ, ਕੀ ਇਸ ਲਈ ਕਿਸੇ ਦੀ ਸਹਿਮਤੀ ਦੀ ਉਡੀਕ ਪਏ ਕਰਦੇ ਹੋ?

ਸੁਖਮਿੰਦਰ ਸੇਖੋਂ



# ਜਨਮ ਭੂਮੀ ਦਾ ਨਾਂ ਚਮਕਾਉਣ ਵਾਲੇ ਪੰਜ ਨਾਮੀ ਪਰਵਾਸੀ ਪੰਜਾਬੀ ਕਾਰੋਬਾਰੀ



- ਗੁਰਮੀਤ ਸਿੰਘ ਪਲਾਹੀ
9815802070

ਜਨਮ ਭੂਮੀ ਨਾਲ ਮਨੁੱਖ ਦਾ ਰਿਸ਼ਤਾ ਸਦਾ ਹੀ ਮਾਂ ਦੇ ਰਿਸ਼ਤੇ ਵਾਂਗ ਰਿਹਾ ਹੈ। ਮਨੁੱਖ ਭਾਵੇਂ ਅੰਬਰੀ ਉਡਾਰੀ ਮਾਰ ਆਵੇ, ਸਮੁੰਦਰਾਂ 'ਚ ਡੂੰਘੇ ਗੋਤੇ ਲਾ ਆਵੇ, ਵੱਡਾ ਬਣ ਜਾਵੇ, ਵੱਡੀਆਂ ਪ੍ਰਾਪਤੀਆਂ ਕਰ ਲਵੇ, ਪਰ ਉਹ ਆਪਣੀ ਜਨਮ ਭੂਮੀ ਦਾ ਰਿਣ ਚੁਕਾਉਣ ਲਈ ਸਦਾ ਤਤਪਰ ਦਿਖਦਾ ਹੈ। ਪਰਵਾਸੀ ਪੰਜਾਬੀ ਦੁਨੀਆ ਦੇ ਕਿਸੇ ਖ਼ਿੱਤੇ 'ਚ ਵੀ ਗਏ, ਆਪਣੀ ਧਰਤੀ ਦਾ ਮੋਹ ਨਹੀਂ ਤਿਆਗ ਸਕੇ। ਉਸ ਲਈ ਕੁਝ ਕਰਨ ਦੀ ਤਤਪਰਤਾ ਸਦਾ ਹੀ ਉਨਾਂ ਦੇ ਸੀਨੇ 'ਚ ਨਹੀਂ।



## ਲਾਰਡ ਸਵਰਾਜ ਪਾਲ

ਜਲੰਧਰ ਦੀ ਪਿੱਠ-ਭੂਮੀ ਵਾਲਾ ੧੯੩੧ ਦਾ ਜੰਮਿਆ ਦੁਨੀਆ ਦੀਆਂ ੮੦ ਥਾਵਾਂ ਸਮੇਤ ਭਾਰਤ 'ਚ ਕਾਰੋਬਾਰ ਕਰ ਰਹੀ ਕੰਪਨੀ ਕਪਾਰੋ ਗਰੁੱਪ ਦਾ ਮਾਲਕ ਪੰਜਾਬੀ ਪਰਵਾਸੀ ਸਵਰਾਜ ਪਾਲ। ਭਾਰਤ ਵਿੱਚ ਇਸ ਕੰਪਨੀ -ਕਪਾਰੋ ਮਾਰੂਤੀ ਕਪਾਰੋ ਇੰਜੀਨਿਰਿੰਗ ਇੰਡੀਆ ਅਤੇ ਕਪਾਰੋ ਇੰਡੀਆ ਪ੍ਰਾਈਵੇਟ ਨਾਂ ਹੇਠ ਕੰਮ ਕਰਦੀ ਹੈ। ੧੯੯੪ ਵਿੱਚ ਕਪਾਰੋ ਵਲੋਂ ਉਸ ਵੇਲੇ ਦੀ ਸਭ ਤੋਂ ਵੱਡੀ ਕਾਰ ਕੰਪਨੀ ਮਾਰੂਤੀ ਨਾਲ ਰਲ ਕੇ ਭਾਰਤ 'ਚ ਕਾਰੋਬਾਰ ਅਰੰਭਿਆ ਗਿਆ ਸੀ। ਸਵਰਾਜ ਪਾਲ ਪੰਜਾਬ ਯੂਨੀਵਰਸਿਟੀ ਨਾਲ ਸਬੰਧਿਤ ਫਾਰਮ ਕ੍ਰਿਸਚੀਅਨ ਕਾਲਜ ਲਾਹੌਰ ਅਤੇ ਦੁਆਬਾ ਕਾਲਜ ਜਲੰਧਰ ਤੋਂ ਪੜੇ ਅਤੇ ਅਮਰੀਕਾ ਦੇ ਮੈਸਾਚੂਸਿਟਸ ਇਨਸਟੀਚੀਊਟ ਆਫ਼ ਟੈਕਨਾਲੋਜੀ ਤੋਂ ਮਾਸਟਰ ਡਿਗਰੀ ਪ੍ਰਾਪਤ ਕੀਤੀ। ੧੯੬੬ ਵਿੱਚ ਉਹ ਪੱਕੇ ਤੌਰ 'ਤੇ ਲੰਦਨ ਦਾ ਹੋ ਗਿਆ ਅਤੇ ਖ਼ਾਨਦਾਨੀ ਕੰਮ ਕਰਦਿਆਂ ਏਪੀਜੇ ਤੋਂ ਪਹਿਲੇ ਵਾਲੇ ਨਾਂ 'ਤੇ ਕੰਪਨੀ ਖੋਲੀ, ਜੋ ਬਰਤਾਨੀਆ ਵਿੱਚ ਦਿਨੋਂ ਦਿਨ ਤਰੱਕੀ ਕਰਦੀ ਗਈ। ਜਿਹੜੀ ਕਿ ਸਟੀਲ ਟਿਊਬਾਂ ਅਤੇ ਪਾਈਪਾਂ ਬਣਾਉਣ ਲਈ ਬਣਾਈ ਗਈ ਸੀ। ਅੱਜ ਇਹ ਕੰਪਨੀ ਬਰਤਾਨੀਆ 'ਚ ਸਭ ਤੋਂ ਵੱਡੀ ਪਰਿਵਾਰਕ ਕੰਪਨੀ ਹੈ ਅਤੇ ਸਵਰਾਜ ਪਾਲ ਬਰਤਾਨੀਆ ਦੇ ਸਭ ਤੋਂ ਅਮੀਰ ਆਦਮੀਆਂ ਵਿੱਚ ਸ਼ਾਮਲ ਹੈ। ਉਹ ੧੯੯੬ 'ਚ ਲਾਈਫ਼ ਪੀਅਰ ਬਣਿਆ। ਉਹ ਬਰਤਾਨੀਆ ਦੇ ਹਾਊਸ ਆਫ਼ ਲਾਰਡ ਦਾ ਮੈਂਬਰ ਬਣਿਆ ਅਤੇ ਡਿਪਟੀ ਸਪੀਕਰ ਵੀ। ਭਾਰਤ ਸਰਕਾਰ ਵਲੋਂ ੧੯੮੩ 'ਚ ਉਸ ਨੂਮ ਪਦਮ ਭੂਸ਼ਨ ਮਿਲਿਆ। ਲਾਰਡ ਪਾਲ ਵੂਲਵਰਹੈਪਟਨ ਅਤੇ ਵਿਸਟਮਨਿਸਟਰ ਯੂਨੀਵਰਸਿਟੀ ਦੇ ਚਾਂਸਲਰ ਹਨ। ਲਾਰਡ ਸਵਰਾਜ ਪਾਲ ਨੂੰ ਜ਼ਿੰਦਗੀ 'ਚ ਕਾਰੋਬਾਰੀ ਸਫਲਤਾ ਪ੍ਰਾਪਤ ਕਰਨ ਦੇ ਨਾਲ-ਨਾਲ ਲੋਕ ਸੇਵਾ ਲਈ ਦਰਜਨਾਂ ਐਵਾਰਡ, ਸਨਮਾਨ ਪ੍ਰਾਪਤ ਹੋਏ, ਜਿਨਾਂ ਵਿੱਚ ਬਰਤਾਨੀਆ, ਅਮਰੀਕਾ, ਭਾਰਤ, ਰੂਸ, ਸਵਿੱਜ਼ਰਲੈਂਡ ਦੀਆਂ ੧੫ ਯੂਨੀਵਰਸਿਟੀਆਂ ਵਲੋਂ ਦਿੱਤੀਆਂ ਅਨਰੇਰੀ ਡਿਗਰੀਆਂ ਸ਼ਾਮਲ ਹਨ।



## ਦਰਸ਼ਨ ਸਿੰਘ ਧਾਲੀਵਾਲ

ਪਰਵਾਸੀ ਪੰਜਾਬੀ ਦਰਸ਼ਨ ਸਿੰਘ ਧਾਲੀਵਾਲ ਪਟਿਆਲਾ ਦੇ ਪਿੰਡ ਰੱਖੜਾ 'ਚ ਜੰਮਿਆ ਤੇ ੨੧ ਸਾਲ ਦੀ ਉਮਰੇ ਉੱਤਰੀ ਡਿਕੋਟਾ ਅਮਰੀਕਾ ਪੁੱਜ ਗਿਆ। ਉਥੇ ਉਸ ਨੇ ਡੇਵਰਾ ਨਾਮਕ ਲੜਕੀ ਨਾਲ ਵਿਆਹ ਕਰਵਾਇਆ, ਜੋ

ਕਿੱਤੇ ਵਜੋਂ ਨਰਸ ਸੀ। ਧਾਲੀਵਾਲ ਨੇ ਬੇਕਰੀ ਤੇ ਪੀਜ਼ਾ ਘਰਾਂ ਤੱਕ ਪਹੁੰਚਾਉਣ ਦਾ ਕੰਮ ਕੀਤਾ। ਕੁਝ ਪੈਸੇ ਉਸ ਨੇ ਅਤੇ ਉਸ ਦੀ ਪਤਨੀ ਨੇ ਜੋੜੇ, ਇੱਕ ਪੈਟਰੋਲ ਪੰਮ ਲੀਜ਼ 'ਤੇ ਲਿਆ। ਫਿਰ ੩੦ ਹਜ਼ਾਰ ਡਾਲਰ ਇੱਕਠੇ ਕੀਤੇ ਅਤੇ ਇੱਕ ਗੈੱਸ ਸਟੇਸ਼ਨ ਖ਼ਰੀਦ ਲਿਆ। ਫਿਰ ਉਸ ਨੇ ਇਲੋਨਸ, ਇੰਡੀਆਨਾ ਤੇ ਮਿਸ਼ੀਗਨ 'ਚ ੧੯੮੯ 'ਚ ੫੦ ਗੈੱਸ ਸਟੇਸ਼ਨ ਖ਼ਰੀਦੇ। ਇਸ ਵੇਲੇ ਧਾਲੀਵਾਲ ਦੀ ਪ੍ਰਾਈਵੇਟ ਕਾਰੋਬਾਰੀ ਕੰਪਨੀ ਕੋਲ ਵੱਖ-ਵੱਖ ਥਾਵਾਂ 'ਤੇ ੫੦ ਗੈੱਸ ਸਟੇਸ਼ਨ ਹਨ। ਜਾਣੀ ਕੁਲ ਮਿਲਾ ਕੇ ਅਮਰੀਕਾ ਦੇ ੧੧ ਸੂਬਿਆਂ 'ਚ ੧੦੦੦ ਗੈੱਸ ਸਟੇਸ਼ਨ। ਧਾਲੀਵਾਲ ਇਕੱਲਾ ਹੀ ਨੌਜਵਾਨ ਇੰਡੋ-ਅਮਰੀਕਨ ਹੈ, ਜਿਸ ਦੀ ਜਾਇਦਾਦ ਬਿਲੀਅਨ ਡਾਲਰਾਂ 'ਚ ਗਿਣੀ ਜਾਂਦੀ ਹੈ। ਧਾਲੀਵਾਲ ਨੇ ਇੰਡਸਟਰੀਅਲ ਇੰਜੀਨੀਅਰਿੰਗ ਵਿੱਚ ਗਰੈਜੂਏਸ਼ਨ ਕੀਤੀ। ਵੱਡਾ ਕਾਰੋਬਾਰੀ ਹੋਣ ਨਾਤੇ ਉਹ ਅਮਰੀਕਾ ਦੇ ਬੁਸ਼ ਪ੍ਰਸ਼ਾਸਨ ਨਾਲ ਜੁੜਿਆ। ਉਸ ਦਾ ਭਰਾ ਸੁਰਜੀਤ ਸਿੰਘ ਰੱਖੜਾ ਅਕਾਲੀ-ਭਾਜਪਾ ਸਰਕਾਰ ਵਿੱਚ ਕੈਬਨਿਟ ਮੰਤਰੀ ਰਿਹਾ। ਦਰਸ਼ਨ ਸਿੰਘ ਧਾਲੀਵਾਲ ਆਪਣੇ ਪਿੰਡ ਨਾਲ ਪੂਰੀ ਤਰਾਂ ਜੁੜਿਆ ਹੋਇਆ ਹੈ। ਜਿੱਥੇ ਉਸ ਨੇ ਦੋ ਕਰੋੜ ਦੀ ਪੂੰਜੀ ਨਾਲ ਪਿੰਡ 'ਚ ਇੱਕ ਟਰੱਸਟ ਸਥਾਪਤ ਕੀਤਾ ਹੈ, ਉੱਥੇ ਉਸ ਨੇ ਨਾਭਾ ਪਬਲਿਕ ਸਕੂਲ ਲਈ ੪੦ ਲੱਖ ਦੀ ਗਰਾਂਟ ਵੀ ਦਿੱਤੀ ਹੈ। ਯੂਨੀਵਰਸਿਟੀ ਆਫ਼ ਵਿਸਕੋਨਸਿਨ ਵਿਖੇ ੪੦੦ ਵਿਦਿਆਰਥੀਆਂ ਲਈ ਇੱਕ ਫੈਲੋਸ਼ਿਪ ਸਕੀਮ ਵੀ ਚਾਲੂ ਕਰ ਰੱਖੀ ਹੈ,ਜਿਸ 'ਚ ਪੰਜਾਬੋਂ ਵੀ ਵਿਦਿਆਰਥੀ ਦਾਖ਼ਲ ਹੁੰਦੇ ਹਨ। ੧੯੯੭ 'ਚ ਧਾਲੀਵਾਲ ਨੇ ਆਪਣੇ ਪਿਤਾ ਕਰਤਾਰ ਸਿੰਘ ਧਾਲੀਵਾਲ ਪ੍ਰੋਫੈਸਰਸ਼ਿਪ ਆਫ ਪੰਜਾਬ-ਇੰਡੀਆ ਸਟੱਡੀਜ਼ ਲਈ ਵੈਸਕੋਸਿਨ ਯੂਨੀਵਰਸਿਟੀ 'ਚ ਸਥਾਪਤ ਕਰਵਾਈ ਹੋਈ ਹੈ। ਇਸ ਅਧੀਨ ਯੂਨੀਵਰਸਿਟੀ ਪੰਜਾਬ ਦੇ ਹੁਸ਼ਿਆਰ ਨੌਜਵਾਨਾਂ ਨੂੰ ਫੈਲੋਸ਼ਿਪ ਦਿੰਦੀ ਹੈ। ਧਾਲੀਵਾਲ ਵੱਡੇ ਦਾਨੀ ਧਾਲੀਵਾਲ ਵਜੋਂ ਪ੍ਰਸਿੱਧ ਹੈ, ਦੇਸ਼ ਵਿੱਚ ਵੀ ਤੇ ਵਿਦੇਸ਼ ਵਿੱਚ ਵੀ।

## ਦੇਵ ਬਾਠ

ਜਲੰਧਰ ਨੇੜਲੇ ਪਿੰਡ ਬਾਠਾ ਦਾ ਦੇਵ ਬਾਠ ੧੯੬੦ 'ਚ ਪੰਜਾਬ ਛੱਡ ਕੇ ਬਰਤਾਨੀਆ ਤੁਰ ਗਿਆ। ਆਪਣੀ ਬੁੱਧੀਮਤਾ, ਕਾਰੋਬਾਰੀ ਬੁੱਧੀਮਾਨ ਨਾਲ ਭਰਤ ਠਾਕੁਰ ਅਤੇ ਪੀਟਰ ਵਿਰਦੀ ਨਾਲ ਰਲ ਕੇ ਪ੍ਰਾਪਰਟੀ ਖ਼ਰੀਦ-ਵੇਚ ਦਾ ਕੰਮ ਆਰੰਭਿਆ। ਇਹ ਉਸ ਦੀ ਕਾਰੋਬਾਰੀ ਯੋਗਤਾ ਦਾ ਹੀ ਸਿੱਟਾ ਹੈ ਕਿ ਹੁਣ ਉਸਦਾ ਇਹ ਕਾਰੋਬਾਰ ਬਰਤਾਨੀਆ ਤੋਂ ਬਾਹਰ ਯੂਰਪ, ਕਰੇਬੀਅਨ ਟਾਪੂਆਂ ਅਤੇ ਭਾਰਤ ਤੱਕ ਫੈਲ ਚੁੱਕਾ ਹੈ। ੨੦੦੬ ਵਿੱਚ ਉਸ ਨੇ ਵਿਲੱਖਣ "ਮੈਰਿਜ ਪੈਲੇਸ" ਜਲੰਧਰ ਵਿੱਚ ਖੋਲਿਆ, ਜਿਸ ਦਾ ਨਾਂ ਰੱਖਿਆ "ਬਾਠ ਕਾਂਸਲ"। ਬਾਅਦ ਵਿੱਚ ਇਸੇ ਕਿਸਮ ਦੇ ਦੋ ਹੋਰ ਮੈਰਿਜ ਪੈਲੇਸ ਚੰਡੀਗੜ ਤੇ ਲੁਧਿਆਣਾ 'ਚ ਖੋਲੇ। ਪੰਜਾਬੀ ਪ੍ਰਾਹੁਣਚਾਰੀ ਸੁੰਦਰ ਇਮਾਰਤ ਕਲਾ ਦਾ ਨਮੂਨਾ ਇਹ ਮੈਰਿਜ ਪੈਲੇਸ ਪੰਜਾਬ 'ਚ ਚੰਗਾ ਨਾਮਣਾ ਖੱਟ ਰਹੇ ਹਨ। ਦੇਵ ਬਾਠ ਬਰਤਾਨੀਆ ਅਤੇ ਇੰਡੀਆ 'ਚ ਲਗਪਗ ੧੦੦ ਕੰਪਨੀਆਂ ਦਾ ਮਾਲਕ ਹੈ। ਇੱਕ ਲੱਤ ਬਰਤਾਨੀਆ ਤੇ



ਦੂਜੀ ਭਾਰਤ 'ਚ ਰੱਖਣ ਵਾਲਾ ਦੇਵ ਬਾਠ ਕਦੇ ਥੱਕਦਾ ਨਹੀਂ। ਲੋਕਾਂ ਦੇ ਭਲੇ ਹਿਤ ਉਸ ਨੇ ਬਾਠਾਂ ਪਿੰਡ 'ਚ ਇੱਕ ਸਕੂਲ ਖੋਲਿਆ ਹੋਇਆ ਹੈ, ਜਿੱਥੇ ੨੦੦ ਤੋਂ ਵੱਧ ਬੱਚੇ ਪੜਦੇ ਹਨ। ੨੦੧੨ 'ਚ ਕਾਰੋਬਾਰੀਅਨ ਟਾਪੂਆਂ ਸੈਂਟ ਕਿੱਟਸ ਅਤੇ ਨੈਵਿਸ ਦੀ ਫੈਡਰੇਸ਼ਨ ਦੇ ਪ੍ਰਧਾਨ ਮੰਤਰੀ ਨੇ ਉਸ ਨੂੰ ਆਪਣੇ ਦੇਸ਼ ਦੇ ਵਿਸ਼ੇਸ਼ ਪ੍ਰਤੀਨਿਧੀ ਦਾ ਅਹੁਦਾ ਦਿੱਤਾ। ਉਹ ਇਨਾਂ ਟਾਪੂਆਂ ਦੀ ਆਰਥਿਕ ਤਰੱਕੀ ਦੇ ਪ੍ਰਜੈਕਟਾਂ ਨਾਲ ਜੁੜਿਆ ਹੋਇਆ ਹੈ ਤੇ ਉੱਥੋਂ ਦੀ ਸਰਕਾਰ ਦੀਆਂ ਪਾਲਿਸੀਆਂ ਅਤੇ ਸਰਕਾਰੀ ਅਜੰਡੇ ਦੀ ਪ੍ਰਫੁੱਲਤਾ ਲਈ ਕੰਮ ਕਰ ਰਿਹਾ ਹੈ। ਉਸ ਦਾ ਮੁੱਖ ਕਾਰੋਬਾਰ ਸਕੂਲ ਇਮਾਰਤਾਂ ਦੀ ਉਸਾਰੀ, ਬੁਨਿਆਦੀ ਢਾਂਚੇ ਦੀ ਪ੍ਰਫੁੱਲਤਾ ਹੈ। ੨੦੧੦ ਵਿੱਚ ਅਮਰੀਕਾ ਦੇ ਏਸ਼ੀਆ ਟੂਡੇ ਮੈਗਜ਼ੀਨ ਨੇ ਉਸ ਨੂੰ "ਵਧੀਆ ਦੱਖਣੀ ਏਸ਼ੀਆ ਦੇ ਬੈਂਕਟਹਾਲ ੨੦੧੦ ਦਾ ਐਵਾਰਡ ਦਿੱਤਾ।



## ਜਗਪਾਲ ਸਿੰਘ ਖੰਗੂੜਾ

ਲੰਡਨ ਦੇ ਹੋਟਲ ਕਾਰੋਬਾਰੀ ਜਗਪਾਲ ਸਿੰਘ ਖੰਗੂੜਾ ਨੇ ੧੯੬੦ ਵਿੱਚ ਲੁਧਿਆਣਾ ਵਿਖੇ ਇੱਕ ਹੋਟਲ ਖੋਲਿਆ ਜਿਸ ਨੂੰ ਲਗਭਗ ਇੱਕ ਦਹਾਕੇ ਬਾਅਦ ਜਨਵਰੀ ੨੦੦੩ ਵਿੱਚ ਪੰਜ ਤਾਰਾ ਹੋਟਲ ਬਣਾਇਆ। ਇਸ ਹੋਟਲ 'ਤੇ ੧੧੦ ਕਰੋੜ ਰੁਪਏ ਖ਼ਰਚੇ ਗਏ। ੧੯੬੦ ਵਿੱਚ ਥੋੜੀ ਤਨਖ਼ਾਹ ਵਾਲੀ ਅਧਿਆਪਕ ਦੀ ਨੌਕਰੀ ਛੱਡ ਕੇ ਜਗਪਾਲ ਸਿੰਘ ਖੰਗੂੜਾ ਬਰਤਾਨੀਆ ਗਿਆ। ਡਰਾਈਵਰ, ਪੋਸਟਮੈਨ ਵਰਗੀਆਂ ਨੌਕਰੀਆਂ ਕਰਨ ਉਪਰੰਤ ੧੯੬੬ ਵਿੱਚ ਲੰਦਨ ਦੇ ਪੰਜਾਬੀ ਦਿਲ "ਸਾਊਥਾਲ" ਵਿਖੇ ਸਟਰੀਟ ਕੈਫ਼ੇ ਖੋਲਿਆ ਜੋ ਚੱਲ ਨਿਕਲਿਆ। ਇਹ ਕਾਰੋਬਾਰ ਅੱਗੋਂ ਵਧਦਾ-ਵਧਦਾ ੧੦੦੦ ਮਿਲੀਅਨ ਪੌਂਡ ਦੇ ਕਾਰੋਬਾਰ 'ਚ ਬਦਲ ਚੁੱਕਾ ਹੈ। ਲੁਧਿਆਣਾ ਜ਼ਿਲੇ ਦਾ ਇਹ ਕਾਰੋਬਾਰੀ ਆਪਣੀਆਂ ਜੜਾਂ ਲਤਾਲਾ ਪਿੰਡ ਨਾਲ ਪੂਰੀ ਤਰਾਂ ਜੋੜੀ ਬੈਠਾ ਹੈ। ਬਰਤਾਨੀਆ ਦਾ ਸ਼ਹਿਰੀ ਹੋਣ ਦੇ ਬਾਵਜੂਦ ਉਹ ਆਪਣੇ ਪਿੰਡ ਨੂੰ ਨਹੀਂ ਭੁੱਲਿਆ। ੧੫੦ ਕਮਰਿਆਂ ਵਾਲੇ ਪਾਰਕ ਪਲਾਜ਼ਾ ਹੋਟਲ 'ਚ ਵੀ ਉਸ ਨੇ "ਲਤਾਲਾ ਸੂਟਸ" ਬਣਾਇਆ ਹੋਇਐ। ਆਪਣੀ ਪਤਨੀ ਗੁਰਦਿਆਲ ਕੌਰ ਨਾਲ ਉਹ ਬਰਤਾਨੀਆ ਤੋਂ ਪੰਜਾਬ ਆਉਂਦਾ ਜਾਂਦਾ ਰਹਿੰਦਾ ਹੈ। ਜਗਪਾਲ ਸਿੰਘ ਖ਼ਗੂੰੜਾ ਨੇ ੪੦ ਕਰੋੜ ਦੀ ਲਾਗਤ ਨਾਲ ਦੁੱਧ ਡੇਅਰੀ ਦਾ ਕਾਰੋਬਾਰ ਆਰੰਭਿਆ ਹੈ ਜਿਸ ਦੀ ਦੇਖਭਾਲ ਉਹਨਾ ਦੇ ਪੁੱਤਰ ਜੱਸੀ ਖੰਗੂੜਾ ਤੇ ਸੱਤੀ ਖੰਗੂੜਾ ਕਰਦੇ ਹਨ। ਇਸ ਹੋਟਲ ਕਾਰੋਬਾਰੀ ਦੇ ਮਨ 'ਚ ਪੰਜਾਬ ਲਈ ਦਿਲੋਂ ਪਿਆਰ ਹੈ। ਜਗਪਾਲ ਸਿੰਘ ਜੱਸੀ ਦੇ ਪੁੱਤਰ ਜਸਬੀਰ ਸਿੰਘ ਉਰਫ ਜੱਸੀ ਖੰਗੂੜਾ ਕੁਝ ਸਮਾਂ ਪੰਜਾਬ ਦੀ ਰਾਜਨੀਤੀ 'ਚ ਸਰਗਰਮ ਹੋਇਆ ਅਤੇ ਪਰਵਾਸੀ ਪੰਜਾਬੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਯਤਨਸ਼ੀਲ ਰਿਹਾ।



## ਬੌਬ ਸਿੰਘ ਢਿੱਲੋਂ

ਠੇਠ ਪੰਜਾਬੀ ਬੋਲਣ ਵਾਲਾ ਬੌਬ ਸਿੰਘ ਢਿੱਲੋਂ ਉਰਫ਼ ਨਵਨੀਤ ਸਿੰਘ ਢਿੱਲੋਂ ਜਪਾਨ 'ਚ ੧੯੬੫ ਨੂੰ ਜਨਮਿਆ। ਸ਼ਿਮਲਾ ਵਿਖੇ ਪੜਿਆ ਅਤੇ ੪੧ ਸਾਲ ਦੀ ਉਮਰ ਵਿੱਚ ਕੈਨੇਡਾ ਦਾ ਪਹਿਲਾ ਸਿੱਖ ਖਰਬਪਤੀ ਬਣਿਆ। ਬੌਬ ਸਿੰਘ ਢਿੱਲੋਂ ਦੀਆਂ ਕੈਨੇਡਾ ਵਿੱਚ ੧੦,੦੦੦ ਰਿਹਾਇਸ਼ ਕਾਲੋਨੀਆਂ ਤੇ ਹੋਰ ਕਾਰੋਬਾਰੀ ਥਾਵਾਂ ਹਨ। ਕੈਨੇਡਾ ਦੇ ਪੰਜਾਬੀ ਬਹੁਲ ਇਲਾਕੇ ਸਰੀ ਵਿੱਚ ਉਸ ਦੀ ੫੦ ਫ਼ੀਸਦੀ ਮਾਰਕਿਟਾਂ 'ਤੇ ਮਾਲਕੀ ਹੈ। ਉਸਨੇ ਬਲੀਜ਼ ਟਾਪੂ 'ਤੇ ੩੦੦੦ ਏਕੜ ਜ਼ਮੀਨ 'ਤੇ ਟੂਰਿਸਟ ਕੰਪਲੈਕਸ ਬਣਾਇਆ ਹੈ।

ਢਿੱਲੋਂ ਦਾ ਪਿਛੋਕੜ ਬਰਨਾਲਾ ਲਾਗਲੇ ਪਿੰਡ ਟੱਲੇਵਾਲ ਦਾ ਹੈ ਜਿਥੇ ਉਸ ਦਾ ਦਾਦਾ ਲੰਮਾ ਸਮਾਂ ਪਹਿਲਾਂ ਹਾਂਗਕਾਂਗ ਗਏ, ਜਿਥੇ ਉਨਾਂ ਨਾਰਥ ਚਾਈਨਾ ਸ਼ਿਪਿੰਗ ਕੰਪਨੀ ਬਣਾਈ ਜੋ ਜਪਾਨ ਨੂੰ ਮਾਲ ਢੋਂਦੀ ਸੀ। ਉੱਥੋਂ ਕਾਰੋਬਾਰ ਲਈ ਅਫ਼ਰੀਕਾ ਦੇ ਦੇਸ਼ ਲਾਇਬੇਰੀਆ ਗਏ। ਲਾਇਬੇਰੀਆ 'ਚ ਰਾਜਨੀਤਕ ਗੜਬੜੀ ਕਾਰਨ ਉਹ ਵੈਨਕੂਵਰ ਪੁੱਜੇ। ੧੯ ਸਾਲ ਦੀ ਉਮਰ 'ਚ ਹੀ ਨੌਜਵਾਨ ਢਿੱਲੋਂ ਨੇ ਦੋ ਪੁਰਾਣੇ ਘਰ ਖ਼ਰੀਦੇ ਅਤੇ ੧੯੦੦੦ ਡਾਲਰ ਦਾ ਮੁਨਾਫ਼ਾ ਕੱਢਿਆ। ਕਾਰੋਬਾਰ ਕਰਦਿਆਂ ਹੀ ਉਸ ਨੇ ਟੋਰੰਟੋ ਰਿਚਰਡ ਆਈਵੇ ਸਕੂਲ ਆਫ ਬਿਜ਼ਨਸ ਲੰਦਨ ਤੋਂ ਐਮ ਬੀ ਏ ਪਾਸ ਕੀਤੀ। ਉਹ ਮੇਨਸਟ੍ਰੀਟ ਇਕੁਇਟੀ ਕਾਰਪੋਰੇਸ਼ਨ ਦਾ ਸੀਈਓ ਹੈ ਜੋ ਸ਼ੇਅਰ ਮਾਰਕਿਟ ਦੀ ਕਾਮਯਾਬ ਕੰਪਨੀ ਹੈ ਅਤੇ ਜਿਸ ਦਾ ਨਾਂ ਟਰੰਟੋ ਸਟਾਕ ਐਕਸਚੇਂਜ ਨਾਲ ਦਰਜ ਹੈ। ੨੦੦੪ ਵਿੱਚ ਉਸ ਨੂੰ ਇੰਡੋ-ਕੈਨੇਡਾ ਚੈਂਬਰ ਆਫ਼ ਕਾਮਰਸ ਵੱਲੋਂ ਸਨਮਾਨਿਤ ਕੀਤਾ ਗਿਆ। ਪੰਜਾਬ ਤੇ ਸਿੱਖ ਧਰਮ 'ਚ ਵਿਸ਼ਵਾਸ ਰੱਖਣ ਵਾਲਾ ਢਿੱਲੋਂ ਚੰਡੀਗੜ ਨੇੜੇ ਆਪਣਾ ਕਾਰੋਬਾਰ ਖੋਲਣ ਦੀ ਯੋਜਨਾ ਬਣਾਈ ਬੈਠਾ ਹੈ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




cost plus
30 to 80
cents discount

at
TA Petro fuel station




TA TravelCenters of America

PETRO Stopping Centers®

We also offer Line of Credit for Fuel Card

Additional Services with our Fuel Card

✓ National Tire Program ✓ PM & Light Mechanical
✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com